Monthly

THE PUNJAB HERALD

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

# The Punjab Herald

ਅਖਬਾਰ ਦੇ ਸੰਪਾਦਕ ਡਾ: ਅਵਤਾਰ ਐਸ. ਸੰਘਾ ਦੇ ਛਪ ਰਹੇ ਦੋ: 'ਮਹਿਲੇ ਮਾਜਰਾ ਤੇ ਹੋਰ ਕਹਾਣੀਆਂ' ਤੇ 'Free Train Ride and Other Stories

Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (142) May. 2026, Sydney, Phone - 0437641033 , Email - thepunjabherald1@gmail.com

www.thepunjabherald.com



The ANZAC Ceremony in Sydney is a solemn and respectful event which was held on 25th April 2026. It honoured the soldiers of the Australian and New Zealand Army Corps who fought at Gallipoli Campaign during World War I. The main ceremony took place at Martin Place Cenotaph. Thousands of people gathered to clap the Parade.Our Sikh Community including Defence Officers marched in a disciplined manner.





Thomas punchon Jr. is an American novelist known for his dense, complex works of post-modern fiction, which are distinguished by their entropic vision, paranoid tone, absurd humor and refrences to history, art, science and popular culture. He is notoriously reclusive. It means he is publicity hater. He turned 89 on May 8, 2026.

Avtar S. Sangha, the editor of this newsmagazine, had done Ph.D on this novelist in 1988.




SINGH TRUCK DRIVING SCHOOL

Get your truck licence for MR,HR, HC or MC classes.

One day courses Available

Friendly trainer speaks Punjabi, Hindi and English.

Established 2012



CALL JATINDER SINGH : 0433572723




# ਮੈਲਬੋਰਨ ਵਿਖੇ ਹੋਈਆ Australia Sikh games ਵਿਚ Sydeny ਦੀ ਸੁਪਰ ਸਿੱਖ ਬਾਸਕਟ ਦੀ ਟੀਮ ਨੇ ਫਾਈਨਲ ਮੁਕਾਬਲੇ ਵਿੱਚ ਸਾਨਦਾਰ ਜਿੱਤ ਪ੍ਰਾਪਤ ਕਰਕੇ ਗੋਲਡ ਮੈਡਲ ਅਤੇ ਟਰਾਫੀ ਹਾਸਲ ਕੀਤੀ












# ਹੰਗਰੀ ਵਿੱਚ ਔਰਬਨ ਸਾਮਰਾਜ ਦਾ ਪਤਨ

ਜਦੋਂ ਵਿਕਟਰ ਔਰਬਨ ਦੀ ਫਿਡੈਸ () ਪਾਰਟੀ 2022 ਵਿੱਚ ਲਗਾਤਾਰ ਚੌਥੀ ਵਾਰ ਸੱਤਾ ਵਿੱਚ ਆਈ ਸੀ ਤਾਂ ਉਸ ਸਮੇਂ ਔਰਬਨ ਨੇ ਗੁਮਾਨ ਭਰੀ ਟਿੱਪਣੀ ਕੀਤੀ ਸੀ: "ਅਸੀਂ ਇੰਨੀ ਵੱਡੀ ਜਿੱਤ ਹਾਸਲ ਕੀਤੀ ਹੈ ਕਿ ਤੁਸੀਂ ਇਸ ਨੂੰ ਚੰਦਰਮਾ ਤੋਂ ਦੇਖ ਸਕਦੇ ਹੋ।" ਹੰਗਰੀ ਦੀ ਕਿਸੇ ਵੀ ਸਿਆਸੀ ਪਾਰਟੀ ਵੱਲੋਂ ਸਾਲ 1989 ਤੋਂ ਬਾਅਦ ਪ੍ਰਾਪਤ ਕੀਤੀ ਗਈ ਇਹ ਸਭ ਤੋਂ ਵੱਡੀ ਜਿੱਤ ਸੀ, ਪਰ ਸਿਆਸਤ ਦਾ ਪਹੀਆ ਇੰਨੀ ਤੇਜੀ ਨਾਲ ਘੁੰਮਿਆ ਕਿ ਉਸ ਟਿੱਪਣੀ ਤੋਂ ਮਹਿਜ ਚਾਰ ਸਾਲਾਂ ਬਾਅਦ 16 ਸਾਲਾਂ ਤੋਂ ਲਗਾਤਾਰ ਚਲੀ ਆ ਰਹੀ ਔਰਬਨ ਦੀ ਹਕੂਮਤ ਤਾਸ ਦੇ ਪੱਤਿਆਂ ਦੇ ਮਹਿਲ ਵਾਂਗ ਢਹਿ-ਢੇਰੀ ਹੋ ਗਈ। ਫਿਡੈਸ ਪਾਰਟੀ ਸੱਤਾ ਤੋਂ ਬਾਹਰ ਹੋ ਗਈ ਹੈ ਅਤੇ ਪਿਛਲੀਆਂ ਚੋਣਾਂ ਦੇ ਮੁਕਾਬਲੇ 80 ਸੀਟਾਂ ਦੇ ਭਾਰੀ ਨੁਕਸਾਨ ਕਾਰਨ ਔਰਬਨ ਦੇ ਸਿਆਸੀ ਜੀਵਨ ਉੱਤੇ ਇੱਕ ਵੱਡਾ ਪ੍ਰਸਨ ਚਿੰਨ੍ਹ ਲੱਗ ਗਿਆ ਹੈ। ਔਰਬਨ ਨੂੰ ਪੇਟਰ ਮਾਜਾਰ ਨੇ ਹਰਾਇਆ ਹੈ, ਜੋ ਟਿਸਜਾ ਪਾਰਟੀ ਦਾ ਆਗੂ ਹੈ। ਇਹ ਪਾਰਟੀ ਸਿਰਫ ਛੇ ਸਾਲ ਪਹਿਲਾਂ ਬਣੀ, ਪਰ 2024 ਵਿੱਚ ਮਾਜਾਰ ਨੇ ਇਸ ਦੀ ਵਾਗਡੋਰ ਸੰਭਾਲੀ ਤਾਂ ਇਸ ਵਿੱਚ ਨਵੀਂ ਰੂਹ ਫੂਕੀ ਗਈ। ਸਿਰਫ ਦੋ ਸਾਲਾਂ ਦੇ ਅੰਦਰ ਇੱਕ ਵੱਡੀ ਤਾਕਤ ਵਜੋਂ ਉੱਭਰਦਿਆਂ ਟਿਸਜਾ ਨੇ ਹੁਣ ਪਾਰਲੀਮੈਂਟ ਵਿੱਚ ਦੋ-ਤਿਹਾਈ ਬਹੁਮਤ ਹਾਸਲ ਕਰ ਲਿਆ ਹੈ। ਬੁਡਾਪੈਸਟ ਦੀਆਂ ਗਲੀਆਂ ਵਿੱਚ ਜਸਨ ਦਾ ਮਾਹੌਲ ਹੈ, ਲੋਕ ਰਾਤ ਭਰ ਕਾਰਾਂ ਦੇ ਹਾਰਨ ਵਜਾ ਕੇ ਅਤੇ ਮੌਜ ਮੇਲਾ ਕਰਦਿਆਂ ਇਸ ਨੂੰ ਇੱਕ 'ਇਨਕਲਾਬ' ਵਜੋਂ ਦੇਖ ਰਹੇ ਹਨ। ਅੱਸੀ ਫੀਸਦੀ ਰਿਕਾਰਡ ਵੋਟਿੰਗ ਇਹ ਦੱਸਦੀ ਹੈ ਕਿ ਹੰਗਰੀ ਦੀ ਜਨਤਾ ਸਿਰਫ ਬਦਲਾਅ ਨਹੀਂ ਸਗੋਂ ਪੁਰਾਣੇ ਨਿਜਾਮ ਤੋਂ ਪੂਰੀ ਤਰ੍ਹਾਂ ਨਿਜਾਤ ਚਾਹੁੰਦੀ ਸੀ।

ਚਾਰ ਸਾਲ ਪਹਿਲਾਂ ਅਜਿੱਤ ਲੱਗਦਾ ਆਗੂ ਹੁਣ ਇੰਨੀ ਬੁਰੀ ਤਰ੍ਹਾਂ ਕਿਵੇਂ ਹਾਰਿਆ? ਇਸ ਦਾ ਸਭ ਤੋਂ ਵੱਡਾ ਕਾਰਨ ਹੰਗਰੀ ਦੀ ਬਦਹਾਲ ਆਰਥਿਕਤਾ ਹੈ। ਔਰਬਨ ਨੇ ਲੰਮਾ ਸਮਾਂ ਯੂਰੋਪੀਅਨ ਯੂਨੀਅਨ ਦੀਆਂ ਸਬਸਿਡੀਆਂ ਅਤੇ ਰੂਸ ਦੇ ਸਸਤੇ ਤੇਲ ਤੇ ਗੈਸ ਵਿਚਕਾਰ ਸੰਤੁਲਨ ਬਣਾਉਣ ਦੀ ਖੇਡ ਖੇਡੀ। ਰੂਸ ਨੇ ਪਾਕਸ ਪ੍ਰਮਾਣੂ ਪ੍ਰੋਜੈਕਟ ਵਿੱਚ 10 ਅਰਬ ਯੂਰੋ ਦਾ ਨਿਵੇਸ ਵੀ ਕੀਤਾ, ਪਰ ਇਹ ਸਭ ਕੁਝ ਹੰਗਰੀ ਦੇ ਅੰਦਰੂਨੀ ਆਰਥਿਕ ਸੰਕਟ ਨੂੰ ਢਕਣ ਲਈ ਕਾਫੀ ਨਹੀਂ ਸੀ। ਜਿਉਂ-ਜਿਉਂ ਵਿਸਵ ਆਰਥਿਕਤਾ ਸੰਕਟ ਵਿੱਚ ਘਿਰਦੀ ਗਈ ਅਤੇ ਯੂਕਰੇਨ ਜੰਗ ਨੇ ਤੇਲ ਤੇ ਗੈਸ ਦੀਆਂ ਕੀਮਤਾਂ ਨੂੰ ਬਹੁਤ ਵਧਾ ਦਿੱਤਾ ਤਾਂ ਹੰਗਰੀ ਦੀ ਆਰਥਿਕਤਾ 'ਚ ਬਹੁਤ ਨਿਘਾਰ ਆਇਆ। ਸਾਲ 2020 ਤੋਂ ਬਾਅਦ ਹੰਗਰੀ ਵਿੱਚ ਮਹਿਗਾਈ ਦਰ 57 ਫੀਸਦੀ ਤੱਕ ਪਹੁੰਚ ਗਈ, ਜੋ ਯੂਰੋਪੀਅਨ ਯੂਨੀਅਨ ਦੀ ਔਸਤ 28 ਫੀਸਦੀ ਤੋਂ ਲਗਭਗ ਦੁੱਗਣੀ ਹੈ। ਔਰਬਨ ਆਪਣੇ 'ਰਾਸਟਰਵਾਦੀ ਆਰਥਿਕ ਮਾਡਲ' ਤਹਿਤ ਸਥਾਨਕ ਪੂੰਜੀਪਤੀਆਂ ਨੂੰ ਮਜਬੂਤ ਕਰਨ ਅਤੇ ਸਰਕਾਰੀ ਉਦਯੋਗਾਂ ਨੂੰ ਆਪਣੇ ਸਹਿਯੋਗੀਆਂ ਨੂੰ ਸੌਂਪਣ ਦਾ ਤਰੀਕਾ ਵਰਤਦਾ ਸੀ, ਜੋ ਬੁਰੀ ਤਰ੍ਹਾਂ ਫੇਲ੍ਹ ਹੋਇਆ। ਇਸ ਤੋਂ ਇਲਾਵਾ ਮੁਲਕ ਵਿੱਚ ਪ੍ਰਜਣਨ ਦਰ ਵਧਾਉਣ ਲਈ ਜੀ ਡੀ ਪੀ ਦਾ 5 ਫੀਸਦੀ ਖਰਚਣ ਦੇ ਬਾਵਜੂਦ ਹੰਗਰੀ ਦੀ ਆਬਾਦੀ ਵਿੱਚ 5 ਲੱਖ ਦੀ ਗਿਰਾਵਟ ਆਈ ਹੈ। ਸਿਹਤ ਸੰਭਾਲ ਪ੍ਰਣਾਲੀ ਦਾ ਇਹ ਹਾਲ ਹੈ ਕਿ 8,500 ਤੋਂ ਵੱਧ ਡਾਕਟਰ ਬਿਹਤਰ ਤਨਖਾਹਾਂ ਲਈ ਦੇਸ ਛੱਡ ਚੁੱਕੇ ਹਨ। ਸਿੱਖਿਆ ਦੇ ਖੇਤਰ ਵਿੱਚ ਅਧਿਆਪਕਾਂ ਦੀ ਕਮੀ ਅਤੇ ਵਧਦੇ ਭ੍ਰਿਸਟਾਚਾਰ ਨੇ ਲੋਕਾਂ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ। ਜਦ ਜਿਊਣਾ ਦੁੱਭਰ ਹੋਣ ਲੱਗਾ ਅਤੇ ਤਨਖਾਹਾਂ 'ਚ ਕੋਈ ਸਿਫਤੀ ਤਬਦੀਲੀ ਨਾ ਹੋਈ ਤਾਂ ਲੋਕਾਂ ਨੇ ਔਰਬਨ ਦੇ 'ਰਾਸਟਰਵਾਦ' ਨੂੰ ਨਕਾਰ ਕੇ ਆਪਣੀ ਰੋਜੀ-ਰੋਟੀ ਦੇ ਸਵਾਲ ਨੂੰ ਤਰਜੀਹ ਦਿੱਤੀ।



ਇਸ ਚੋਣ ਨਤੀਜੇ ਵਿੱਚ ਨੌਜਵਾਨਾਂ ਦਾ ਯੋਗਦਾਨ ਸਭ ਤੋਂ ਮਹੱਤਵਪੂਰਨ ਰਿਹਾ। 18-29 ਸਾਲ ਦੀ ਉਮਰ ਦੇ ਵੋਟਰਾਂ ਵਿੱਚੋਂ ਸਿਰਫ 8 ਫੀਸਦੀ ਨੇ ਔਰਬਨ ਦਾ ਸਮਰਥਨ ਕੀਤਾ। ਨੌਜਵਾਨਾਂ ਵਿੱਚ ਇੰਨਾ ਰੋਹ ਸੀ ਕਿ ਕਈਆਂ ਨੇ ਆਪਣੇ ਮਾਪਿਆਂ ਦੇ ਵੋਟਿੰਗ ਕਾਰਡ ਲੁਕਾ ਦਿੱਤੇ ਤਾਂ ਜੋ ਉਹ ਫਿਡੈਸ ਨੂੰ ਵੋਟ ਨਾ ਪਾ ਸਕਣ। ਇਹ ਉਹੀ ਨੌਜਵਾਨ ਹਨ, ਜੋ ਲੋੜੀਂਦੀ ਗਿਣਤੀ ਤੋਂ ਘੱਟ ਅਧਿਆਪਕਾਂ ਵਾਲੇ ਸਕੂਲਾਂ ਵਿੱਚ ਪੜ੍ਹੇ ਹਨ ਅਤੇ ਜਿਨ੍ਹਾਂ ਨੇ ਆਪਣੇ ਮਾਪਿਆਂ ਨੂੰ ਗੁਜਾਰਾ ਕਰਨ ਲਈ ਸੰਘਰਸ ਕਰਦਿਆਂ ਦੇਖਿਆ, ਜਦੋਂਕਿ ਸਰਕਾਰੀ ਅਧਿਕਾਰੀ ਭ੍ਰਿਸਟਾਚਾਰ ਰਾਹੀਂ ਅਮੀਰ ਹੋ ਰਹੇ ਸਨ। ਪੇਟਰ ਮਾਜਾਰ ਨੇ ਇਸੇ ਗੁੱਸੇ ਨੂੰ ਆਪਣੀ ਤਾਕਤ ਬਣਾਇਆ। ਮਾਜਾਰ ਖੁਦ ਕਈ ਸਾਲ ਫਿਡੈਸ ਦਾ ਹਿੱਸਾ ਰਿਹਾ ਸੀ, ਪਰ 2024 ਵਿੱਚ ਇੱਕ ਬਾਲ ਸੋਸਣ ਦੇ ਮਾਮਲੇ ਵਿੱਚ ਦਿੱਤੀ ਗਈ ਸਰਕਾਰੀ ਮੁਆਫੀ ਦੇ ਘੁਟਾਲੇ ਤੋਂ ਬਾਅਦ ਉਸ ਨੇ ਪਾਰਟੀ ਛੱਡ ਦਿੱਤੀ। ਹੰਗਰੀ ਦੇ ਵੋਟਰਾਂ ਲਈ ਇਹ ਮਾਜਾਰ ਨੂੰ ਵੋਟ ਪਾਉਣ ਦਾ ਸਵਾਲ ਨਹੀਂ ਸੀ, ਸਗੋਂ ਔਰਬਨ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਸਵਾਲ ਸੀ ਕਿਉਂਕਿ ਉਹ ਇਸ ਸਾਸਨ ਤੋਂ ਛੁਟਕਾਰਾ ਚਾਹੁੰਦੇ ਸਨ।

ਔਰਬਨ ਦੀ ਹਾਰ ਨੇ ਅਮਰੀਕੀ ਸੱਜੇ-ਪੱਖੀ ਮੈਗਾ ਲਹਿਰ ਨੂੰ ਯੂਰੋਪ ਵਿੱਚ ਆਪਣੇ ਸਭ ਤੋਂ ਵੱਡੇ 'ਵਿਚਾਰਧਾਰਕ ਰਾਜਦੂਤ' ਤੋਂ ਵਾਂਝਾ ਕਰ ਦਿੱਤਾ ਹੈ। ਕੈਨੇਡਾ ਅਤੇ ਆਸਟਰੇਲੀਆ ਦੀਆਂ ਚੋਣਾਂ ਨੇ ਪਹਿਲਾਂ ਹੀ ਸਾਬਿਤ ਕਰ ਦਿੱਤਾ ਸੀ ਕਿ ਚੋਣ ਮੁਹਿੰਮ ਨੂੰ ਮੈਗਾ ਲਹਿਰ ਨਾਲ ਜੋੜਨਾ ਸਿਆਸੀ ਤੌਰ 'ਤੇ ਆਤਮਘਾਤੀ ਸਾਬਿਤ ਹੋ ਸਕਦਾ ਹੈ ਅਤੇ ਹੰਗਰੀ ਵਿੱਚ ਵੀ ਇਹੀ ਵਾਪਰਿਆ। ਔਰਬਨ ਦੀ ਅਮਰੀਕੀ ਪ੍ਰਸਿੱਧੀ ਪ੍ਰਤੀ ਅੰਨ੍ਹੀ ਸਰਧਾ ਉਸ ਦੇ ਕਿਸੇ ਕੰਮ ਨਾ ਆਈ। ਇਸ ਦੇ ਉਲਟ ਮਾਜਾਰ ਨੇ ਬੜੀ ਚਲਾਕੀ ਨਾਲ ਔਰਬਨ ਨੂੰ ਇੱਕ ਅਜਿਹੇ ਆਗੂ ਵਜੋਂ ਪੇਸ ਕੀਤਾ ਜੋ ਹੰਗਰੀ ਦੇ ਆਮ ਵੋਟਰਾਂ ਨਾਲੋਂ ਵਾਸਿੰਗਟਨ ਦੇ ਆਗੂਆਂ ਦੇ ਵਧੇਰੇ ਨੇੜੇ ਹੋ ਚੁੱਕਾ ਹੈ। ਮਾਜਾਰ ਨੇ ਸਪੱਸਟ ਕੀਤਾ ਕਿ ਔਰਬਨ ਹਰ ਉਸ ਮੁੱਦੇ 'ਤੇ ਬੋਲਿਆ ਜੋ ਹੰਗਰੀ ਦੇ ਲੋਕਾਂ ਨਾਲ ਸਬੰਧਤ ਨਹੀਂ ਸੀ ਅਤੇ ਨਤੀਜੇ ਵਜੋਂ ਲੋਕਾਂ ਨੇ ਉਸ ਨੂੰ ਨਕਾਰ ਦਿੱਤਾ। ਮਾਜਾਰ ਦੇ ਸਬਦਾਂ ਵਿੱਚ, "ਸਾਡਾ ਇਤਿਹਾਸ ਬਰੱਸਲਜ ਜਾਂ ਵਾਸਿੰਗਟਨ ਵਿੱਚ ਨਹੀਂ ਸਗੋਂ ਹੰਗਰੀ ਦੀਆਂ ਗਲੀਆਂ ਤੇ ਚੌਕਾਂ ਚੌਰਾਹਿਆਂ ਵਿੱਚ ਲਿਖਿਆ ਜਾਂਦਾ ਹੈ।" ਭਾਵੇਂ ਮਾਜਾਰ ਅਮਰੀਕਾ ਨਾਲ ਮਜਬੂਤ ਸਬੰਧਾਂ ਦਾ ਹਾਮੀ ਹੈ, ਪਰ ਉਸ ਨੇ ਇਹ ਸਰਤ ਵੀ ਰੱਖੀ ਹੈ ਕਿ ਇਹ ਸਿਰਫ ਹੰਗਰੀ ਦੇ ਹਿੱਤਾਂ ਲਈ ਹੋਣਗੇ। ਉਸ ਵੱਲੋਂ ਪ੍ਰਗਟਾਈ ਇਸ ਲੋਕ ਕੇਂਦਰਿਤ ਪਹੁੰਚ ਨੇ ਹੀ ਔਰਬਨ ਦੇ ਉਸ ਸਾਮਰਾਜੀ ਭਰਮ ਨੂੰ ਤੋੜਿਆ ਹੈ, ਜੋ ਉਹ ਟਰੰਪ ਨਾਲ ਦੋਸਤੀ ਰਾਹੀਂ ਪਾਲ ਰਿਹਾ ਸੀ। ਇਹ ਚੋਣ ਨਤੀਜਾ ਟਰੰਪ ਲਈ ਵੀ ਇੱਕ ਵੱਡੀ ਬੇਇੱਜਤੀ ਹੈ, ਜੋ ਔਰਬਨ ਨੂੰ ਆਪਣਾ ਰਾਹ-ਦਸੇਰਾ ਮੰਨਦਾ ਸੀ। ਭਾਵੇਂ ਮਾਜਾਰ ਦੀ ਜਿੱਤ ਨੂੰ ਉਦਾਰਵਾਦ ਦੀ ਜਿੱਤ ਵਜੋਂ ਪੇਸ ਕੀਤਾ ਜਾ ਰਿਹਾ ਹੈ, ਪਰ ਸਚਾਈ ਇਹ ਹੈ ਕਿ ਮਾਜਾਰ ਅਤੇ ਔਰਬਨ ਦੇ ਬੁਨਿਆਦੀ ਪ੍ਰੋਗਰਾਮਾਂ ਵਿੱਚ ਬਹੁਤਾ ਅੰਤਰ ਨਹੀਂ ਹੈ। ਮਾਜਾਰ ਨੇ ਕਈ ਮੌਕਿਆਂ (ਖਾਸਕਰ ਇਮੀਗ੍ਰੇਸਨ ਦੇ ਮੁੱਦੇ) 'ਤੇ ਫਿਡੈਸ ਨੂੰ ਸੱਜੇ ਪਾਸਿਓਂ ਪਛਾੜਨ ਦੀ ਕੋਸਿਸ ਕੀਤੀ ਹੈ। ਯੂਕਰੇਨ ਦੇ ਸਵਾਲ 'ਤੇ ਵੀ ਮਾਜਾਰ ਦਾ ਰੁਖ ਪੂਰੀ ਤਰ੍ਹਾਂ ਸਪੱਸਟ ਨਹੀਂ ਹੈ। ਉਸ ਨੇ ਸਹਾਇਤਾ 'ਤੇ ਵੀਟੋ ਹਟਾਉਣ ਦਾ ਵਾਅਦਾ ਤਾਂ ਕੀਤਾ ਹੈ, ਪਰ ਨਾਲ ਹੀ ਇਹ ਵੀ ਕਿਹਾ ਹੈ ਕਿ ਇਸ ਲਈ ਕੋਈ ਹੰਗੇਰੀਅਨ ਪੈਸਾ ਨਹੀਂ ਦਿੱਤਾ ਜਾਵੇਗਾ। ਰੂਸ ਨਾਲ ਆਰਥਿਕ ਸਬੰਧਾਂ ਬਾਰੇ ਵੀ ਉਸ ਦਾ ਕਹਿਣਾ ਹੈ ਕਿ "ਤੁਸੀਂ ਭੂਗੋਲ ਨਹੀਂ ਬਦਲ ਸਕਦੇ।" ਮਾਜਾਰ ਅਜਿਹੇ ਸਮੇਂ ਸੱਤਾ ਵਿੱਚ ਆਇਆ ਹੈ ਜਦੋਂ ਵਿਸਵ ਆਰਥਿਕਤਾ ਡੂੰਘੇ ਸੰਕਟ ਵਿੱਚ ਹੈ। ਅਮਰੀਕਾ ਅਤੇ ਇਜਰਾਈਲ ਦੀ ਇਰਾਨ ਵਿਰੁੱਧ ਜੰਗ ਕਾਰਨ ਤੇਲ ਦੀਆਂ ਕੀਮਤਾਂ ਆਸਮਾਨ ਛੂਹ ਰਹੀਆਂ ਹਨ। ਹੰਗਰੀ ਆਪਣੀਆਂ 80 ਫੀਸਦੀ ਊਰਜਾ ਲੋੜਾਂ ਲਈ ਰੂਸ 'ਤੇ ਨਿਰਭਰ ਹੈ ਅਤੇ ਜੇਕਰ ਉਹ ਯੂਰੋਪੀਅਨ ਯੂਨੀਅਨ ਦੇ ਦਬਾਅ ਹੇਠ ਰੂਸ ਨਾਲੋਂ ਸਬੰਧ ਤੋੜਦਾ ਹੈ ਤਾਂ ਉਸ ਦੀ ਹਾਲਤ ਹੋਰ ਵੀ ਪਤਲੀ ਹੋ ਜਾਵੇਗੀ। ਇਸ ਤੋਂ ਇਲਾਵਾ ਬਰੱਸਲਜ ਵੱਲੋਂ ਬਜਟ ਘਾਟਾ ਘਟਾਉਣ ਲਈ ਖਰਚਿਆਂ ਵਿੱਚ ਕਟੌਤੀ ਦਾ ਦਬਾਅ ਮਾਜਾਰ ਲਈ ਸਿਹਤ ਅਤੇ ਸਿੱਖਿਆ ਵਰਗੇ ਖੇਤਰਾਂ ਵਿੱਚ ਸੁਧਾਰ ਕਰਨਾ ਲਗਭਗ ਅਸੰਭਵ ਬਣਾ ਦੇਵੇਗਾ। ਹੰਗਰੀ ਵਿੱਚ ਔਰਬਨ ਦਾ ਪਤਨ ਇੱਕ ਯੁੱਗ ਦਾ ਅੰਤ ਹੈ, ਪਰ ਮਾਜਾਰ ਦਾ ਉਭਾਰ ਕਿਸੇ ਅਸਲੀ ਇਨਕਲਾਬ ਦੀ ਗਾਰੰਟੀ ਨਹੀਂ ਹੈ। ਜਦੋਂ ਤੱਕ ਹੰਗਰੀ ਦੀ ਸਿਆਸਤ ਵਿੱਚ ਅਸਲੀ ਕਿਰਤੀਆਂ ਦੀ ਇੱਕ ਅਜਿਹੀ ਪਾਰਟੀ ਦਾ ਉਭਾਰ ਨਹੀਂ ਹੁੰਦਾ, ਜੋ ਦੇਸ ਦੇ ਆਰਥਿਕ ਸਰੋਤਾਂ ਨੂੰ ਕਾਮਿਆਂ ਦੇ ਨਿਯੰਤਰਨ ਹੇਠ ਲਿਆਉਣ ਦਾ ਪ੍ਰੋਗਰਾਮ ਰੱਖਦੀ ਹੋਵੇ, ਉਦੋਂ ਤੱਕ ਇੱਕ ਸੱਜੇ-ਪੱਖੀ ਪਾਰਟੀ ਨੂੰ ਦੂਜੀ ਸੱਜੇ-ਪੱਖੀ ਪਾਰਟੀ ਨਾਲ ਬਦਲਣ ਨਾਲ ਆਮ ਜਨਤਾ ਦੀ ਤਕਦੀਰ ਨਹੀਂ ਬਦਲੇਗੀ। ਔਰਬਨ ਨੂੰ ਬਦਨਾਮ ਹੋਣ ਵਿੱਚ 16 ਸਾਲ ਲੱਗੇ, ਪਰ ਮੌਜੂਦਾ ਵਿਸਵ ਸੰਕਟ ਦੇ ਦੌਰ ਵਿੱਚ ਮਾਜਾਰ ਕੋਲ ਇੰਨਾ ਸਮਾਂ ਨਹੀਂ ਹੋਵੇਗਾ। ਹੰਗਰੀ ਵਿੱਚ ਹੋਈ ਰਿਕਾਰਡ ਵੋਟਿੰਗ ਲੋਕਾਂ ਦੇ ਅੰਦਰ ਦੱਬੇ ਹੋਏ ਜਵਾਲਾਮੁਖੀ ਦਾ ਪ੍ਰਤੀਕ ਹੈ, ਜੋ ਆਉਣ ਵਾਲੇ ਸਮੇਂ ਵਿੱਚ ਕਿਸੇ ਵੱਡੀ ਸਿਆਸੀ ਤਬਦੀਲੀ ਦਾ ਆਧਾਰ ਬਣ ਸਕਦੀ ਹੈ।

ਹਰਸ਼ਵਿੰਦਰ

# ਯਾਦਾਂ ਦੀਆਂ ਗਲੀਆਂ 'ਚ ਫੇਰੀ: ਪੰਜਾਬੀ ਯੂਨੀਵਰਸਿਟੀ ਦੇ ਪੁਸਤਕ ਮੇਲੇ ਤੋਂ ਪੰਮੀ ਬਾਈ ਦੇ ਵਿਹੜੇ ਤੱਕ ਦਾ ਸਫਰ

ਲੰਮੇ ਅਰਸੇ ਬਾਦ ਕੱਲ੍ਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੁਸਤਕ ਮੇਲੇ ਮੌਕੇ ਕਰਵਾਏ ਸਾਹਿੱਤ ਉਤਸਵ ਵਿੱਚ ਜਾਣ ਦਾ ਮੌਕਾ ਮਿਲਿਆ। ਤ੍ਰੈਲੋਚਨ ਲੋਚੀ ਤੇ ਮਨਜਿੰਦਰ ਧਨੋਆ ਨੇ ਵੀ ਜਾਣਾ ਸੀ ਪਰ ਖੜ੍ਹੇ ਪੈਰ ਮਨਜਿੰਦਰ ਨੂੰ ਕਿਸੇ ਜਰੂਰੀ ਰੁਝੇਵੇਂ ਨੇ ਰੋਕ ਲਿਆ। ਲੋਚੀ ਨਾਲ ਸਫਰ ਕਰਦਿਆਂ ਕਦੇ ਥਕੇਵਾਂ ਨਹੀਂ ਹੁੰਦਾ। ਮਹਿਕੰਦੜੀਆਂ ਨਿੱਕੀਆਂ ਨਿੱਕੀਆਂ ਗੱਲਾਂ ਛੋਹੀ ਰੱਖਦਾ ਹੈ। ਬਿਲਕੁਲ ਉਵੇਂ ਜਿਵੇਂ ਸਾਡੇ ਬੀਬੀ ਜੀ ਪੋਟਿਆਂ ਨਾਲ ਸੇਵੀਆਂ ਵੱਟਦੇ ਹੁੰਦੇ ਸਨ। ਕੁਝ ਘੰਟਿਆਂ ਵਿੱਚ ਹੀ ਛਿੱਕੂ ਭਰ ਲੈਂਦੇ। ਅਸੀਂ ਆਲ ਦੁਆਲੇ ਪਚਾਕੇ ਮਾਰਦੇ ਫਿਰਦੇ ਕਿ ਹੁਣ ਕੱਲ੍ਹ ਪਰਸੋਂ ਤੀਕ ਬੀਬੀ ਜੀ ਰਿੰਨ੍ਹ ਕੇ ਖੁਆਉਣਗੇ।

ਪਟਿਆਲਾ ਝੱਟ ਪੱਟ ਆ ਗਿਆ। ਬਾਈਪਾਸ ਨੂੰ ਮੁੜਨ ਲੱਗੇ ਤਾਂ ਪੰਮੀ ਬਾਈ ਨੂੰ ਟੱਲੀ ਖੜਕਾ ਕੇ ਪੁੱਛਿਆ ਕਿ ਕਿੱਥੇ ਹੋ? ਉਸਨੇ ਘਰ ਵਿੱਚ ਹੋਣ ਬਾਰੇ ਦੱਸਿਆ ਤਾਂ ਅਸੀਂ ਬੇਨਤੀ ਕੀਤੀ ਕਿ ਨਿੱਕੀ ਇਲਾਇਚੀ ਕੇ ਲੌਂਗ ਕੁੱਟ ਕੇ ਰੱਖ ਲਵੋ, ਤਿੰਨ ਦਰਸ ਪਿਆਸੇ ਆ ਰਹੇ ਹਨ।



ਪੰਮੀ ਨਾਲ ਸਾਂਝ ਦੀ ਉਮਰ ਵੀ ਪੰਜਤਾਲੀ ਸਾਲ ਤੋਂ ਟੱਪ ਰਹੀ ਹੈ। ਏਨੇ ਸਾਲ ਤਾਂ ਲੋਕ ਵਿਹੜੇ ਵਿੱਚ ਰੁੱਖ ਨਹੀਂ ਰੱਖਦੇ। ਪੰਮੀ ਨੂੰ ਬਹੁਤ ਰੰਗਾਂ ਵਿੱਚ ਵੇਖਿਆ ਹੈ। ਲੋਕ ਨਾਚਾਂ ਤੋਂ ਲੋਕ ਸੰਗੀਤ ਤੇ ਵਾਦਨ ਖੇਤਰ ਵਿੱਚ ਸਰਦਾਰੀ ਕਰਦਿਆਂ। ਪਾਕਿਸਤਾਨ, ਅਮਰੀਕਾ ਤੇ ਕੈਨੇਡਾ ਵਿੱਚ ਵੀ। ਹਰ ਮੈਦਾਨ ਫਤਹਿ ਹੈ।

ਪੰਮੀ ਦੇ ਬਾਪੂ ਜੀ ਕਾਮਰੇਡ ਪ੍ਰਤਾਪ ਸਿੰਘ ਬਾਗੀ ਜੀ ਨਾਲ ਮੇਰੀ ਸਬਦ ਸਾਂਝ ਸੀ। ਇਹ ਸਾਂਝ ਸ. ਜਗਦੇਵ ਸਿੰਘ ਜੱਸੋਵਾਲ ਜੀ ਨੇ ਪੁਆਈ। ਪੰਮੀ ਦੇ ਘਰੋਂ ਪ੍ਰੇਮ ਪਿਆਲਾ ਪੀ ਕੇ ਤੁਰਨ ਲੱਗੇ ਤਾਂ ਬਾਪੂ ਜੀ ਦੀ ਤਸਵੀਰ ਅੱਗੇ ਸਰਧਾ ਸੁਮਨ ਭੇਂਟ ਕੀਤੇ। ਯਾਦਾਂ ਦੀਆਂ ਗਲੀਆਂ ਵਿੱਚ ਫਿਰਦਿਆਂ ਚੇਤਾ ਹੀ ਨਾ ਰਿਹਾ ਕਿ ਨਿੱਖੜਨਾ ਹੈ। ਤੁਰਨ ਲੱਗਿਆਂ ਪੰਮੀ ਬਾਈ ਬੋਲਿਆ , ਅਗਲੀ ਮੁਲਾਕਾਤ ਬਾਗੀ ਫਾਰਮ ਜਖੇਪਲ ਵਿੱਚ ਕਰਾਂਗੇ। ਉੱਥੇ ਮੈਂ ਜੈਵਿਕ ਖੇਤੀ ਕਰਵਾਉਂਦਾ ਹਾਂ। ਘਰ ਦੇ ਗੁੜ ਸੱਕਰ ਦਾ ਸਰਬਤ ਪੀਆਂਗੇ। ਗਰਮੀ ਚੂਸ ਜਾਂਦਾ ਹੈ। ਯਾਦ ਆਇਆ! ਕਾਮਰੇਡ ਪ੍ਰਤਾਪ ਸਿੰਘ ਬਾਗੀ ਵੀ ਅਮਰਜੀਤ ਗੁਰਦਾਸਪੁਰੀ ਵਾਂਗ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਤੋਂ ਬਾਗੀ ਸੀ, ਇਸੇ ਸਾਕੋਂ ਪੰਮੀ ਬਾਈ ਗੁਰਦਾਸਪੁਰੀ ਜੀ ਨੂੰ ਚਾਚਾ ਜੀ ਕਹਿੰਦਾ ਹੁੰਦਾ ਸੀ।

ਗੁਰਭਜਨ ਗਿੱਲ

# 23ਵੇਂ ਸਿਡਨੀ ਵਿਸਾਖੀ ਮੇਲੇ ਤੇ ਹਜਾਰਾਂ ਦਾ ਇਕੱਠ
# ਭੰਗੜੇ, ਗਿੱਧੇ ਅਤੇ ਸੱਭਿਆਚਾਰਕ ਰੰਗਾਂ ਨਾਲ ਰੌਣਕਾਂ ਚੜ੍ਹੀਆਂ













ਸਿਡਨੀ, 13 ਅਪ੍ਰੈਲ (ਹਰਕੀਰਤ ਸਿੰਘ ਸੰਧਰ): ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਿਡਨੀ ਦੇ ਪੰਜਾਬੀਆਂ ਦੇ ਗੜ੍ਹ ਬਲੈਕਟਾਊਨ ਵਿੱਚ ਵਿਸਾਖੀ ਮੇਲਾ ਬੜੇ ਹੀ ਉਤਸਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। 23ਵੇਂ ਸਾਲ ਵਿੱਚ ਦਾਖਲ ਹੋਇਆ ਇਹ ਮੇਲਾ ਪੰਜਾਬੀ ਹੈਰੀਟੇਜ ਆਫ ਆਸਟ੍ਰੇਲੀਆ ਵੱਲੋਂ ਕਰਵਾਇਆ ਗਿਆ, ਜਿਸ ਵਿੱਚ ਦੱਸ ਹਜਾਰ ਤੋਂ ਵੱਧ ਲੋਕਾਂ ਦੀ ਭਾਰੀ ਭੀੜ ਨੇ ਸ਼ਿਰਕਤ ਕਰਕੇ ਇਸ ਨੂੰ ਇਤਿਹਾਸਕ ਬਣਾ ਦਿੱਤਾ। ਪੂਰਾ ਮਾਹੌਲ ਪੰਜਾਬੀ ਰੰਗਾਂ ਨਾਲ ਰੰਗਿਆ ਹੋਇਆ ਸੀ ਅਤੇ ਹਰ ਪਾਸੇ ਖੁਸੀ, ਸਾਂਝ ਅਤੇ ਸੱਭਿਆਚਾਰ ਦੀ ਝਲਕ ਨਜਰ ਆ ਰਹੀ ਸੀ।

ਮੇਲੇ ਦੇ ਪ੍ਰਬੰਧਕ ਹਰਕੀਰਤ ਸਿੰਘ ਸੰਧਰ ਅਤੇ ਦਵਿੰਦਰ ਧਾਰੀਆ ਨੇ ਦੱਸਿਆ ਕਿ ਇਸ ਮਹਾਨ ਉਪਰਾਲੇ ਦੀ ਸ਼ੁਰੂਆਤ 2004 ਵਿੱਚ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਅਤੇ ਸੱਭਿਆਚਾਰ ਨਾਲ ਜੋੜਨ ਲਈ ਕੀਤੀ ਗਈ ਸੀ, ਜੋ ਅੱਜ ਇਕ ਵੱਡੇ ਸੱਭਿਆਚਾਰਕ ਤਿਉਹਾਰ ਦਾ ਰੂਪ ਧਾਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਮੇਲਾ ਸਿਰਫ ਮਨੋਰੰਜਨ ਹੀ ਨਹੀਂ, ਸਗੋਂ ਆਪਣੀ ਵਿਰਾਸਤ ਨੂੰ ਸੰਭਾਲਣ ਦਾ ਇਕ ਵੱਡਾ ਮੰਚ ਹੈ।

ਪ੍ਰੋਗਰਾਮ ਦਾ ਆਗਾਜ ਸਰਕਾਰੀਆ ਗਰੁੱਪ ਵੱਲੋਂ ਰੂਹਾਨੀ ਸਬਦ ਕੀਰਤਨ ਨਾਲ ਕੀਤਾ ਗਿਆ, ਜਿਸ ਨੇ ਮਾਹੌਲ ਨੂੰ ਆਧਿਆਤਮਿਕ ਰੰਗ ਵਿੱਚ ਰੰਗ ਦਿੱਤਾ। ਇਸ ਤੋਂ ਬਾਅਦ ਰਿਦਮ ਆਫ ਭੰਗੜਾ ਤੋਂ ਇੰਦਰ ਸਿੰਘ ਵੱਲੋਂ ਤਿਆਰ ਕੀਤੇ ਮਲਵਈ ਗਿੱਧੇ ਅਤੇ ਭੰਗੜੇ ਦੀਆਂ ਪੇਸਕਾਰੀਆਂ ਨੇ ਦਰਸਕਾਂ ਨੂੰ ਮੋਹ ਲਿਆ। ਖਾਸ ਗੱਲ ਇਹ ਰਹੀ ਕਿ ਰਿਦਮ ਆਫ ਭੰਗੜਾ ਦੀਆਂ 7 ਟੀਮਾਂ ਅਤੇ ਫੋਕ ਐਂਡ ਫੰਕ ਦੀਆਂ 5 ਟੀਮਾਂ ਨੇ ਸਟੇਜ ਉੱਤੇ ਆਪਣੀ ਕਲਾ ਦਾ ਲਾਜਵਾਬ ਪ੍ਰਦਰਸਨ ਕਰਦਿਆਂ ਸੱਭਿਆਚਾਰਕ ਵਿਰਾਸਤ ਨੂੰ ਜਿਉਂਦਾ ਕੀਤਾ।

ਗਾਇਕੀ ਦੇ ਮੰਚ 'ਤੇ ਦਵਿੰਦਰ ਧਾਰੀਆ, ਸੁੱਖਵਿੰਦਰ ਕੌਰ ਅਤੇ ਹੋਰ ਕਲਾਕਾਰਾਂ ਨੇ ਆਪਣੀ ਸੁਰੀਲੀ ਆਵਾਜ ਨਾਲ ਦਰਸਕਾਂ ਨੂੰ ਮੋਹ ਲਿਆ। ਇਸ ਮੌਕੇ ਤੇ ਮੁੱਖ ਮਹਿਮਾਨਾਂ ਵਿੱਚ ਐਮ ਪੀ ਵਾਰਨ ਕਿਰਬੀ, ਮਾਣਯੋਗ ਐਡ ਹੋਸਿਕ, ਅਤੇ ਬਲੈਕਟਾਊਨ ਕੌਂਸਲ ਦੇ ਕੌਂਸਲਰ ਜੁਗਨਦੀਪ ਸਿੰਘ ਅਤੇ ਮਨਿੰਦਰ ਸਿੰਘ , ਬੈਨਜਾਮਿਨ ਸੁਸਾਈ, ਪੈਰਾਮੈਟਾ ਤੋਂ ਸਮੀਰ ਪਾਂਡੇ ਨੇ ਸਿਰਕਤ ਕੀਤੀ ਅਤੇ ਸਾਰਿਆਂ ਨੂੰ ਵਿਸਾਖੀ ਦੀਆਂ ਮੁਬਾਰਕਾਂ ਦਿੱਤੀਆਂ।

ਮੇਲੇ ਵਿੱਚ ਸਿੱਖਿਆ ਅਤੇ ਖੇਡਾਂ ਨੂੰ ਵੀ ਖਾਸ ਤਰਜੀਹ ਦਿੱਤੀ ਗਈ। ਪਾਇਨਰ ਕੋਚਿੰਗ ਵੱਲੋਂ ਬੱਚਿਆਂ ਦੀ ਸਿੱਖਿਆ ਅਤੇ ਮਜਬੂਤ ਨੀਂਹ ਬਣਾਉਣ ਬਾਰੇ ਜਾਣਕਾਰੀ ਦਿੱਤੀ ਗਈ। ਮੈਕੈਲਿਨ ਕਾਲਜ ਤੋਂ ਜੁਗਨਦੀਪ ਸਿੰਘ ਜਵਾਹਰਵਾਲਾ ਵੱਲੋਂ ਲਿਆਂਦੀ ਰੱਸਾਕਸੀ ਟੀਮ ਨੇ ਸਾਨਦਾਰ ਪ੍ਰਦਰਸਨ ਕਰਦਿਆਂ ਜਿੱਤ ਦਰਜ ਕੀਤੀ। ਉਨ੍ਹਾਂ ਪੰਜਾਬੀ ਮਿਊਜਿਕ ਐਸੋਸੀਏਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਰਵਾਇਤੀ ਖੇਡਾਂ ਨੂੰ ਉਤਸਾਹਿਤ ਕਰਨਾ ਸਮੇਂ ਦੀ ਲੋੜ ਹੈ।

ਇਸ ਤੋਂ ਇਲਾਵਾ ਗੋਬਿੰਦ ਸਿੰਘ ਅਤੇ ਨਿਰਮਲ ਕੌਰ ਢਿੱਲੋਂ ਨੇ ਬੱਚਿਆਂ ਨੂੰ ਪੜ੍ਹਾਈ ਨਾਲ ਜੋੜਨ ਅਤੇ ਉਨ੍ਹਾਂ ਦੇ ਭਵਿੱਖ ਨੂੰ ਸੰਵਾਰਨ ਬਾਰੇ ਪ੍ਰੇਰਣਾਦਾਇਕ ਵਿਚਾਰ ਸਾਂਝੇ ਕੀਤੇ। ਪ੍ਰਸਿੱਧ ਪੱਤਰਕਾਰ ਸਵਰਨ ਟਹਿਣਾ ਅਤੇ ਪਰਮਵੀਰ ਬਾਠ ਦੀ ਹਾਜਰੀ ਨੇ ਮੇਲੇ ਦੀ ਸਾਨ ਵਿੱਚ ਹੋਰ ਵਾਧਾ ਕੀਤਾ।

ਰਵਾਇਤੀ ਖੇਡਾਂ ਵਿੱਚ ਚਾਟੀ ਰੇਸ, ਰੱਸਾਕਸੀ ਅਤੇ ਮਿਊਜੀਕਲ ਚੇਅਰ ਨੇ ਲੋਕਾਂ ਦਾ ਖਾਸ ਧਿਆਨ ਖਿੱਚਿਆ। ਚਾਟੀ ਰੇਸ ਵਿੱਚ ਸਾਵਿਤਾ ਸਰਮਾ ਨੇ ਪਹਿਲਾ ਸਥਾਨ ਹਾਸਲ ਕੀਤਾ। ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਸਭ ਨੇ ਇਨ੍ਹਾਂ ਖੇਡਾਂ ਵਿੱਚ ਹਿੱਸਾ ਲਿਆ, ਜਿਸ ਨਾਲ ਮੇਲੇ ਦੀ ਰੌਣਕ ਹੋਰ ਵੀ ਵਧ ਗਈ। ਪੰਜਾਬ ਤੋਂ ਖਾਸ ਤੌਰ 'ਤੇ ਆਏ ਮਾਪਿਆਂ ਨੇ ਵੀ ਇਨ੍ਹਾਂ ਗਤੀਵਿਧੀਆਂ ਵਿੱਚ ਹਿੱਸਾ ਲੈ ਕੇ ਮੇਲੇ ਨੂੰ ਪਰਿਵਾਰਕ ਰੰਗ ਦਿੱਤਾ।

ਸੱਭਿਆਚਾਰਕ ਪੇਸਕਾਰੀਆਂ ਵਿੱਚ ਰਿਦਮ ਆਫ ਭੰਗੜਾ, ਯੂਨਾਈਟਡ ਭੰਗੜਾ ਚੈਂਪੀਅਨ, ਸਿਡਨੀ ਭੰਗੜਾ ਗਰੁੱਪ, ਹੁਨਰ ਏ ਪੰਜਾਬ, ਵਿਰਾਸਤ ਅਤੇ ਫੋਕ ਪੰਜਾਬ ਵਰਗੀਆਂ ਟੀਮਾਂ ਨੇ ਭੰਗੜੇ ਦੀਆਂ ਵੱਖ-ਵੱਖ ਵੰਨਗੀਆਂ ਪੇਸ ਕੀਤੀਆਂ। ਸਿਡਨੀ ਭੰਗੜਾ ਗਰੁੱਪ ਵੱਲੋਂ ਕੀਤੀ ਗਈ ਭੰਗੜੇ ਅਤੇ ਮਲਵਈ ਗਿੱਧੇ ਦੀ ਪੇਸਕਾਰੀ ਸਭ ਤੋਂ ਵੱਧ ਸਰਾਹੀ ਗਈ। ਫੋਕ ਐਂਡ ਫੰਕ ਭੰਗੜਾ ਆਲ ਸਟਾਰਜ ਵੱਲੋਂ ਆਸਟ੍ਰੇਲੀਆ ਵਿੱਚ ਜੰਮੇ ਬੱਚਿਆਂ ਦੀ ਸਾਨਦਾਰ ਪ੍ਰਦਰਸਨੀ ਨੇ ਦਰਸਕਾਂ ਨੂੰ ਹੈਰਾਨ ਕਰ ਦਿੱਤਾ।

ਕਮਲਦੀਪ ਤਿਵਾੜੀ ਦੀ ਅਗਵਾਈ ਹੇਠ ਹੁਨਰ ਏ ਪੰਜਾਬ ਦੀਆਂ ਮੁਟਿਆਰਾਂ ਵੱਲੋਂ ਪਾਇਆ ਗਿਆ ਗਿੱਧਾ ਮੇਲੇ ਦੀ ਰੂਹ ਬਣ ਗਿਆ ਅਤੇ ਪੂਰੇ ਮਾਹੌਲ ਵਿੱਚ ਜੋਸ ਭਰ ਦਿੱਤਾ।

ਬਲੈਕਟਾਊਨ ਸੋਅਗਰਾਊਂਡ ਵਿੱਚ ਲੱਗੀਆਂ ਭੋਜਨ ਅਤੇ ਹੋਰ ਵੱਖ-ਵੱਖ ਕਿਸਮਾਂ ਦੀਆਂ ਸਟਾਲਾਂ ਨੇ ਲੋਕਾਂ ਨੂੰ ਪੰਜਾਬ ਦੇ ਮੇਲੇ ਦੀ ਯਾਦ ਦਿਵਾਈ। ਦੇਸੀ ਖਾਣੇ ਦੀ ਖੁਸਬੂ, ਰੰਗ-ਬਰੰਗੀਆਂ ਦੁਕਾਨਾਂ ਅਤੇ ਲੋਕਾਂ ਦੀ ਭੀੜ ਨੇ ਸੱਚਮੁੱਚ ਪੰਜਾਬ ਦਾ ਜੀਉਂਦਾ ਜਾਗਦਾ ਦਰਸਨ ਕਰਵਾ ਦਿੱਤਾ।

ਕੁੱਲ ਮਿਲਾ ਕੇ, ਭੰਗੜੇ, ਗਿੱਧੇ, ਗਾਇਕੀ ਅਤੇ ਰਵਾਇਤੀ ਖੇਡਾਂ ਦੇ ਰੰਗਾਂ ਨਾਲ ਸਜਿਆ ਇਹ 23ਵਾਂ ਸਿਡਨੀ ਵਿਸਾਖੀ ਮੇਲਾ ਸੱਭਿਆਚਾਰਕ ਇਕਤਾ ਅਤੇ ਖੁਸਹਾਲੀ ਦਾ ਪ੍ਰਤੀਕ ਬਣ ਕੇ ਬੇਹੱਦ ਸਫਲ ਅਤੇ ਯਾਦਗਾਰ ਰਿਹਾ।

# ਡੰਮੀ ਦਾਖਲੇ -ਸਿੱਖਿਆ ਪ੍ਰਣਾਲੀ ਲਈ ਇੱਕ ਵੱਡੀ ਚੁਣੌਤੀ

ਮੌਜੂਦਾ ਸਮਾ ਸਿੱਖਿਆ ਦੇ ਖੇਤਰ ਵਿੱਚ ਤਬਦੀਲੀਆਂ ਦਾ ਦੌਰ ਹੈ। ਇਸ ਸਮੇਂ ਸਿੱਖਿਆ ਪ੍ਰਣਾਲੀ ਅਨੇਕਾਂ ਚੁਨੌਤੀਆਂ ਦਾ ਸਾਹਮਣਾ ਕਰ ਰਹੀ ਹੈ । ਜਿਨਾਂ ਵਿੱਚ ਇੱਕ ਮਹੱਤਵਪੂਰਨ ਸਮੱਸਿਆ ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆਰਥੀਆਂ ਦੀ ਵੱਧਦੀ ਗੈਰ ਹਾਜਰੀ ,ਜੋ ਹੁਣ ਵੱਧ ਕੇ ਡੰਮੀ ਦਾਖਲੇ ਦਾ ਰੂਪ ਧਾਰਨ ਕਰ ਚੁੱਕੀ ਹੈ । ਡੰਮੀ ਦਾਖਲੇ ਤੋਂ ਭਾਵ ਵਿਦਿਆਰਥੀ ਕਿਸੇ ਵਿਦਿਅਕ ਸੰਸਥਾ ਵਿੱਚ ਕੇਵਲ ਨਾਮ ਮਾਤਰ ਤੌਰ ਤੇ ਹੀ ਦਾਖਲਾ ਲੈਂਦਾ ਹੈ । ਪਰ ਰੈਗੂਲਰ ਜਮਾਤਾਂ ਨਹੀਂ ਲਗਾਉਂਦਾ ਹੈ, ਸਿਰਫ ਪ੍ਰੀਖਿਆ ਦੇਣ ਲਈ ਹੀ ਜਾਂਦਾ ਹੈ।

ਇਸ ਸਮੱਸਿਆ ਦੀ ਗੰਭੀਰਤਾ ਨੂੰ ਦੇਖਦੇ ਹੋਏ ਸਿੱਖਿਆ ਵਿਭਾਗ ਪੰਜਾਬ ਨੇ ਨਿਵੇਕਲੀ ਪਹਿਲ ਕਦਮੀ ਕਰਦਿਆਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਗੈਰ ਹਾਜਰੀ ਨੂੰ ਘੱਟ ਕਰਨ ਅਤੇ ਰੋਜਾਨਾ ਹਾਜਰੀ ਦੀ ਸੁਚੱਜੀ ਨਿਗਰਾਨੀ ਕਰਨ ਲਈ ਈ -ਪੰਜਾਬ ਪੋਰਟਲ ਅਧੀਨ ਹਾਜਰੀ ਮੋਡਿਊਲ ਸਖਤੀ ਨਾਲ ਲਾਗੂ ਕੀਤਾ ਜਾਵੇਗਾ। ਜਿਸ ਤਹਿਤ ਸਕੂਲ ਮੁਖੀਆਂ ਵੱਲੋਂ ਸਕੂਲ ਲੱਗਣ ਦੇ 02 ਘੰਟੇ ਦੇ ਅੰਦਰ ਅੰਦਰ ਪੋਰਟਲ ਤੇ ਵਿਦਿਆਰਥੀਆਂ ਦੀ ਹਾਜਰੀ ਮੁਕੰਮਲ ਕੀਤੀ ਜਾਵੇ। ਗੈਰ ਹਾਜਰ ਵਿਦਿਆਰਥੀਆਂ ਦੀ ਸੂਚਨਾ ਫੋਨ ਰਾਹੀਂ ਤੇ ਐਸਐਮਐਸ ਰਾਹੀਂ ਉਹਨਾਂ ਦੇ ਮਾਪਿਆਂ/ ਸਰਪ੍ਰਸਤਾਂ ਤੱਕ ਪਹੁੰਚੇਗੀ ।ਲੰਬੇ ਸਮੇਂ ਤੋਂ ਗੈਰ ਹਾਜਰੀ ਦੇ ਮਾਮਲਿਆਂ ਵਿੱਚ ਮਾਪਿਆਂ ਨਾਲ ਸਮੇਂ ਸਮੇਂ ਤੇ ਸੰਪਰਕ ਕੀਤਾ ਜਾਵੇਗਾ। ਅਜਿਹੇ ਫੈਸਲੇ ਸੰਜੀਦਗੀ ਨਾਲ ਲਾਗੂ ਹੁੰਦੇ ਹਨ ਤਾਂ ਇਸ ਨਾਲ ਵਿਦਿਆਰਥੀਆਂ ਦੀ ਵੱਧਦੀ ਗੈਰ ਹਾਜਰੀ ਦੇ ਰੁਝਾਨ ਨੂੰ ਜਿਥੇ ਨੱਥ ਪਵੇਗੀ , ਉੱਥੇ ਸਿੱਖਿਆ ਦੇ ਗੁਣਾਤਮਕ ਵਿਕਾਸ ਅਤੇ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਵਿੱਚ ਵੀ ਸਹਾਈ ਹੋਵੇਗੀ।

ਮੌਜੂਦਾ ਦੌਰ ਵਿੱਚ ਵਿਦਿਆਰਥੀ ਸਕੂਲ ਅਤੇ ਕਾਲਜਾਂ ਦੀਆਂ ਜਮਾਤਾਂ ਤੋਂ ਦੂਰੀ ਬਣਾ ਰਿਹਾ ਹੈ ।ਇਹ ਸਮੱਸਿਆ ਕੋਵਿਡ -19 ਦੀ ਮਹਾਂਮਾਰੀ ਤੋਂ ਬਾਅਦ ਜਿਆਦਾ ਗੰਭੀਰ ਰੂਪ ਧਾਰਨ ਕਰ ਚੁੱਕੀ ਹੈ । ਉਸ ਸਮੇਂ ਮਜਬੂਰੀ ਵੱਸ ਸੁਰੂ ਕੀਤੀ ਆਨਲਾਈਨ ਪੜ੍ਹਾਈ ਅੱਜ ਸਕੂਲ ਕਾਲਜਾਂ ਦੇ ਇੱਕ ਬਦਲ ਵਜੋਂ ਉਭਰ ਰਹੀ ਹੈ। ਵਿਦਿਆਰਥੀ ਵਰਗ ਸਵੈ ਕੇਂਦਰਿਤ ਹੋ ਰਿਹਾ ਹੈ। ਉਸ ਦਾ ਮੁੱਖ ਉਦੇਸ ਕਿਤਾਬੀ ਗਿਆਨ ਹਾਸਲ ਕਰਕੇ, ਪ੍ਰੀਖਿਆ ਵਿੱਚ ਵੱਧ ਤੋਂ ਵੱਧ ਅੰਕ ਹਾਸਲ ਕਰਨਾ ਜਾਂ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਕੇ ਚੰਗੀ ਨੌਕਰੀ ਹਾਸਿਲ ਕਰਕੇ ਆਰਥਿਕ ਸਥਿਤੀ ਮਜਬੂਤ ਕਰਨ ਤੱਕ ਸੀਮਤ ਹੋ ਚੁੱਕਿਆ ਹੈ। ਜਦ ਕਿ ਸਿੱਖਿਆ ਦਾ ਅਰਥ ਬਹੁਤ ਵਿਸਾਲ ਹੈ, ਜਿਸ ਵਿੱਚ ਵਿਦਿਆਰਥੀ ਦਾ ਸਰਵ ਪੱਖੀ ਵਿਕਾਸ ਅਰਥਾਤ ਸਰੀਰਕ, ਮਾਨਸਿਕ, ਭਾਵਨਾਤਮਕ, ਸਮਾਜਿਕ ਅਤੇ ਨੈਤਿਕ ਵਿਕਾਸ ਸਾਮਲ ਹੈ। ਸਿੱਖਿਆ ਮਨੁੱਖ ਦਾ ਵਿਵਹਾਰ ਬਦਲਣ ਵਾਲਾ ਵਿਗਿਆਨ ਹੈ। ਸਿੱਖਿਆ ਮਨੁੱਖੀ ਜੀਵਨ ਦੀ ਮਜਬੂਤ ਨੀਂਹ ਹੈ । ਸਕੂਲ ਅਤੇ ਕਾਲਜ ਇਸ ਨੀਂਹ ਨੂੰ ਮਜਬੂਤ ਬਣਾਉਣ ਵਾਲੇ ਸਰਵ ਉੱਚ ਕੇਂਦਰ ਹਨ। ਰੈਗੂਲਰ ਜਮਾਤਾਂ ਲਗਾਉਣਾ ਵਿਦਿਆਰਥੀ ਦੇ ਸਰਬਪੱਖੀ ਵਿਕਾਸ ਲਈ ਬੇਹੱਦ ਜਰੂਰੀ ਹੈ। ਰੈਗੂਲਰ ਹਾਜਰੀ ਵਿਦਿਆਰਥੀ ਲਈ ਵਰਦਾਨ ਹੈ । ਇਸ ਦੇ ਉਨਾਂ ਨੂੰ ਅਨੇਕਾਂ ਮਹੱਤਵਪੂਰਨ ਲਾਭ ਮਿਲਦੇ



ਹਨ, ਜੋ ਉਨਾਂ ਦੇ ਭਵਿੱਖ ਨੂੰ ਉਜਵੱਲ ਬਣਾਉਂਦੇ ਹਨ । ਜਮਾਤ ਵਿੱਚ ਵਿਦਿਆਰਥੀ ਆਪਣੇ ਅਧਿਆਪਕ ਦੇ ਸਿੱਧਾ ਸੰਪਰਕ ਵਿੱਚ ਹੁੰਦਾ ਹੈ । ਜਿਸ ਨਾਲ ਉਹ ਆਪਣੀਆਂ ਸਮੱਸਿਆਵਾਂ ਅਤੇ ਸੰਕਾਵਾਂ ਦਾ ਤੁਰੰਤ ਹੱਲ ਲੱਭ ਸਕਦਾ ਹੈ। ਵਿਸੇ ਨੂੰ ਗਹਿਰਾਈ ਨਾਲ ਸਮਝਣਾ ਅਤੇ ਲਗਾਤਾਰ ਸਿੱਖਣ ਨਾਲ ਹੀ ਉਸਦੇ ਬੁਨਿਆਦੀ ਸੰਕਲਪ ਮਜਬੂਤ ਹੁੰਦੇ ਹਨ। ਜਮਾਤ ਵਿੱਚੋਂ ਹੀ ਵਿਦਿਆਰਥੀ ਸਮੇਂ ਦੀ ਕਦਰ, ਸਮਾਂ ਪ੍ਰਬੰਧਨ, ਜਿੰਮੇਵਾਰੀ ਦੀ ਭਾਵਨਾ, ਧੀਰਜ ਅਤੇ ਅਨੁਸਾਸਨ ਵਰਗੇ ਕੀਮਤੀ ਗੁਣ ਗ੍ਰਹਿਣ ਕਰਦਾ ਹੈ। ਜੋ ਸਾਰੀ ਜਿੰਦਗੀ ਉਸਦੇ ਕੰਮ ਆਉਂਦੇ ਹਨ । ਰੈਗੂਲਰ ਜਮਾਤਾਂ ਜਿੱਥੇ ਵਿਦਿਆਰਥੀ ਨੂੰ ਪ੍ਰੀਖਿਆ ਵਿੱਚ ਚੰਗੇ ਨਤੀਜੇ ਦਿੰਦੇ ਹਨ, ਉੱਥੇ ਉਸ ਵਿੱਚ ਸੰਚਾਰ ਹੁਨਰ ,ਸਮਾਜਿਕ ਰਿਸਤਿਆਂ ਦੀ ਮਹੱਤਤਾ, ਸਹਿਯੋਗ ,ਸਨਮਾਨ ਅਤੇ ਜਿੰਮੇਵਾਰੀ ਵਰਗੇ ਮੁੱਲ ਵੀ ਪ੍ਰਾਪਤ ਕਰਦਾ ਹੈ। ਜਿਸ ਨਾਲ ਉਸ ਦਾ ਆਤਮ ਵਿਸਵਾਸ ਵੀ ਵੱਧਦਾ ਹੈ। ਸਕੂਲ /ਕਾਲਜਾਂ ਦੀਆਂ ਵੱਖ ਵੱਖ ਲੈਬੋਰਟਰੀਆਂ ,ਖੇਡ ਦੇ ਮੈਦਾਨ ਸਹਿਪਾਠੀ ਗਤੀਵਿਧੀਆਂ ਵਿਦਿਆਰਥੀ ਜੀਵਨ ਦੇ ਵਿਕਾਸ ਦਾ ਕੇਂਦਰ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਰੈਗੂਲਰ ਜਮਾਤਾਂ ਲਗਾਉਣਾ ਵਿਦਿਆਰਥੀ ਦੀ ਸਫਲਤਾ ਦੀ ਕੁੰਜੀ ਹੈ ,ਜੋ ਵਿਦਿਆਰਥੀ ਦੀ ਸਿਰਫ ਅਕਾਦਮਿਕ ਤਰੱਕੀ ਹੀ ਨਹੀਂ ,ਬਲਕਿ ਉਸਦੇ ਚਰਿੱਤਰ ਨਿਰਮਾਣ ਅਤੇ ਭਵਿੱਖ ਨੂੰ ਵੀ ਮਜਬੂਤ ਬਣਾਉਂਦੀ ਹੈ।

ਰੈਗੂਲਰ ਜਮਾਤਾਂ ਦੀ ਇੰਨੀ ਵੱਡੀ ਮਹੱਤਤਾ ਹੋਣ ਦੇ ਬਾਵਜੂਦ ਵੀ ਦੁੱਖ ਦੀ ਗੱਲ ਹੈ ਕਿ ਵਿਦਿਆਰਥੀ ਵਰਗ ਵਿੱਚ ਸਕੂਲਾਂ ਅਤੇ ਕਾਲਜਾਂ ਦੀਆਂ ਜਮਾਤਾਂ ਤੋਂ ਦੂਰ ਰਹਿਣ ਦੀ ਪ੍ਰਵਿਰਤੀ ਲਗਾਤਾਰ ਵੱਧ ਰਹੀ ਹੈ। ਇਹ ਰੁਝਾਨ ਸਿਰਫ ਵਿਅਕਤੀਗਤ ਪੱਧਰ ਤੇ ਹੀ ਨਹੀਂ ਸਗੋਂ ਸਮਾਜਿਕ ,ਬੌਧਿਕ ਅਤੇ ਸਰੀਰਕ ਪੱਧਰ ਤੇ ਵੀ ਨੁਕਸਾਨ ਦੇਹ ਸਾਬਿਤ ਹੋ ਰਿਹਾ ਹੈ ।

ਇਸ ਰੁਝਾਨ ਦੇ ਵੱਧਨ ਦੇ ਕਈ ਕਾਰਨ ਹਨ। ਮੁਕਾਬਲੇ ਦੀਆਂ ਪ੍ਰੀਖਿਆਵਾਂ ਜਿਵੇਂ ਜੇ ਈ ਈ, ਨੀਟ ,ਐਨ ਡੀ ਏ, ਕਲੈਟ, ਆਈਲੈਟਸ ਆਦਿ ਦੀ ਤਿਆਰੀ ਲਈ ਵਿਦਿਆਰਥੀ ਕੋਚਿੰਗ ਸੈਂਟਰਾਂ ਵੱਲ ਵੱਧ ਰਹੇ ਹਨ । ਸਕੂਲਾ ਅਤੇ ਕਾਲਜਾਂ ਨੂੰ ਨਜਰ ਅੰਦਾਜ ਕਰ ਰਹੇ ਹਨ। ਕੋਚਿੰਗ ਅਕੈਡਮੀਆਂ ਸਾਡੇ ਦੇਸ ਵਿੱਚ ਬਹੁਤ ਤੇਜੀ ਨਾਲ ਵੱਧ ਫੁੱਲ ਰਹੀਆਂ ਹਨ। ਜੇ ਇਹਨਾਂ ਵਿੱਚ ਪੜ੍ਹਦੇ ਬੱਚਿਆਂ ਦੀ ਸਫਲਤਾ ਦੀ ਪ੍ਰਤੀਸਤਤਾ ਦਾ ਵਿਸਲੇਸਣ ਕੀਤਾ ਜਾਵੇ ਤਾਂ ਇਹਨਾਂ ਦੇ ਇਸਤਿਹਾਰਾਂ ਦੇ ਉਲਟ ਸਥਿਤੀ ਸਾਹਮਣੇ ਆ ਸਕਦੀ ਹੈ।

ਇਹਨਾਂ ਮੁਕਾਬਲੇ ਦੀ ਪ੍ਰੀਖਿਆਵਾਂ ਵਿੱਚ ਵੱਧਦਾ ਮੁਕਾਬਲਾ ਵੀ ਚਿੰਤਾ ਦਾ ਵਿਸਾ ਹੈ । ਮੈਡੀਕਲ ਖੇਤਰ ਦੀ ਪ੍ਰਮੁੱਖ ਨੀਟ ਪ੍ਰੀਖਿਆ ਲਈ ਸਾਲ 2025 ਵਿੱਚ 22.70 ਲੱਖ ਵਿਦਿਆਰਥੀਆਂ ਨੇ ਅਪਲਾਈ ਕੀਤਾ ,ਜਿਸ ਵਿੱਚੋਂ ਸਿਰਫ 1.18 ਲੱਖ ਵਿਦਿਆਰਥੀਆਂ ਨੂੰ ਹੀ ਦੇਸ ਦੇ 702 ਮੈਡੀਕਲ ਕਾਲਜਾਂ ਵਿੱਚ ਐਮ ਬੀ ਬੀ ਐਸ ਵਿੱਚ ਦਾਖਲਾ ਮਿਲ ਸਕਿਆ, ਉਹਨਾਂ ਵਿੱਚੋਂ ਵੀ 60 ਪ੍ਰਤੀਸਤ ਨੇ 70 ਲੱਖ ਤੋਂ 01 ਕਰੋੜ ਰੁਪਏ ਤੱਕ ਦੀ ਫੀਸ ਨਾਲ ਪ੍ਰਾਈਵੇਟ ਕਾਲਜਾਂ ਤੋਂ ਡਿਗਰੀ ਮੁਕੰਮਲ ਕਰਨੀ ਹੈ। ਸਾਲ 2026 ਦੇ ਜੇ ਈ ਈ ਮੇਨ ਟੈਸਟ ਲਈ 13.50 ਲੱਖ ਵਿਦਿਆਰਥੀਆਂ ਨੇ ਦੇਸ ਦੇ 23 ਆਈ ਆਈ ਟੀ ਸੰਸਥਾਵਾਂ ਦੀਆਂ 18 ਹਜਾਰ ਸੀਟਾਂ ਲਈ ਅਪਲਾਈ ਕੀਤਾ। ਇਸੇ ਤਰ੍ਹਾਂ ਸਾਲ 2025 ਵਿੱਚ ਐਨ ਡੀ ਏ ਦੀ ਪ੍ਰੀਖਿਆ ਲਈ 06 ਲੱਖ ਤੋਂ ਵੱਧ ਵਿਦਿਆਰਥੀਆਂ ਨੇ ਅਪਲਾਈ ਕੀਤਾ ,ਜਿਸ ਵਿੱਚੋਂ ਸਿਰਫ 735 ਵਿਦਿਆਰਥੀ ਨੂੰ ਹੀ ਸਫਲਤਾ ਮਿਲੀ। ਇਹਨਾਂ ਪ੍ਰੀਖਿਆਵਾਂ ਲਈ ਇੰਨਾ ਜਬਰਦਸਤ ਮੁਕਾਬਲਾ ਹੀ ਵਿਦਿਆਰਥੀ ਵਰਗ ਵਿੱਚ ਤਨਾਅ ਪੈਦਾ ਕਰ ਰਿਹਾ ਹੈ। ਉਸੇ ਲਈ ਵਿਦਿਆਰਥੀ ਅਤੇ ਮਾਪੇ ਕੁਝ ਵੀ ਕਰਨ ਲਈ ਤਿਆਰ ਹਨ। ਵਿਦਿਆਰਥੀ ਸਕੂਲਾਂ ਦੀ ਪੜ੍ਹਾਈ ਨੂੰ ਸਮੇਂ ਦੀ ਬਰਬਾਦੀ ਦੱਸਦੇ ਹਨ। ਉਹ ਕੋਚਿੰਗ ਕੇਂਦਰਾਂ ਅਤੇ ਘਰ ਵਿੱਚ ਸੈਲਫ ਸਟੱਡੀ ਉੱਪਰ 14 ਤੋਂ 18 ਘੰਟੇ ਤੱਕ ਬਤੀਤ ਕਰਦੇ ਹਨ । ਪ੍ਰੈਕਟੀਕਲ ਅਤੇ ਸਕਿਲ ਅਧਾਰਤ ਪੜਾਈ ਦੀ ਥਾਂ ਤੇ ਰੱਟੇਬਾਜੀ ਤੇ ਜੋਰ ਦਿੱਤਾ ਜਾਂਦਾ ਹੈ। ਦੇਸ ਦੀ ਕੋਚਿੰਗ ਹੱਬ ਵਜੋਂ ਜਾਣੇ ਜਾਂਦੇ ਰਾਜਸਥਾਨ ਦੇ ਕੋਟਾ ਸਹਿਰ ਵਿੱਚ ਉਜਵੱਲ ਭਵਿੱਖ ਦੀ ਕਾਮਨਾ ਲੈ ਕੇ ਹਰ ਸਾਲ 02 ਲੱਖ ਤੋਂ ਵੱਧ ਵਿਦਿਆਰਥੀ ਪਹੁੰਚਦੇ ਹਨ । ਜਿਨ੍ਹਾਂ ਵਿੱਚੋਂ ਕੁਝ ਪ੍ਰਤੀਸਤ ਹੀ ਸਫਲਤਾ ਹਾਸਲ ਕਰਕੇ ਮੁੜਦੇ ਹਨ। ਕੁਝ ਵਿਦਿਆਰਥੀ ਤਾਂ ਮਿਹਨਤ ਕਰਨ ਦੇ ਬਾਵਜੂਦ ,ਘਰ ਤੋਂ ਦੂਰ ਰਹਿ ਕੇ ਲੱਖਾਂ ਰੁਪਏ ਲਗਾ ਕੇ ਵੀ ਸਫਲ ਨਹੀਂ ਹੁੰਦੇ ਜਾ ਪੜ੍ਹਾਈ ਦੋਰਾਨ ਕੜੇ ਮੁਕਾਬਲੇ ਦਾ ਸਾਹਮਣਾ ਨਹੀਂ ਕਰ ਪਾਉਂਦੇ ਤਾਂ ਉਹ ਆਪਣੀ ਜੀਵਨ ਲੀਲਾ ਤੱਕ ਸਮਾਪਤ ਕਰਨ ਵਰਗਾ ਗੰਭੀਰ ਕਦਮ ਚੁੱਕ ਲੈਂਦੇ ਹਨ। ਜਿਸ ਸਿੱਖਿਆ ਨੂੰ ਮਨੁੱਖ ਦਾ ਵਿਵਹਾਰ ਬਦਲਣ ਵਾਲਾ ਵਿਗਿਆਨ ਕਿਹਾ ਜਾਂਦਾ ਹੈ, ਉਸ ਸਿੱਖਿਆ ਨੂੰ ਗ੍ਰਹਿਣ ਕਰਦੇ ਵਿਦਿਆਰਥੀ ਤਨਾਅ ਵਿੱਚ ਪਹੁੰਚ ਕੇ ਜੀਵਨ ਖਤਮ ਕਰਨ ਬਾਰੇ ਸੋਚ ਲੈਂਦੇ ਹਨ। ਇਸ ਗੰਭੀਰ ਸਮੱਸਿਆ ਪ੍ਰਤੀ ਸੰਜੀਦਗੀ ਨਾਲ ਸੋਚਣ ਦਾ ਸਮਾਂ ਹੈ।

ਇਹ ਸਮੱਸਿਆ ਕਾਲਜਾਂ ਵਿੱਚ ਗ੍ਰੈਜੂਏਸਨ ਅਤੇ ਪੋਸਟ ਗ੍ਰੈਜੂਏਸਨ ਕਰਦੇ ਵਿਦਿਆਰਥੀਆਂ ਵਿੱਚ ਵੀ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ। ਦੇਸ ਦੇ ਸਭ ਤੋਂ ਕਠਿਨ ਪ੍ਰੀਖਿਆ ਵੱਜੋਂ ਜਾਣੀ ਜਾਂਦੀ ਯੂ ਪੀ ਐਸ ਸੀ ਲਈ ਆਈ ਏ ਐਸ ਅਤੇ ਆਈ ਪੀ ਐਸ ਬਨਣ ਦੇ ਚਾਹਵਾਨ 9.50 ਲੱਖ ਦੇ ਕਰੀਬ ਨੌਜਵਾਨ ਅਪਲਾਈ ਕਰਦੇ ਹਨ , ਜਦਕਿ ਚੋਣ ਸਿਰਫ 900 ਤੋਂ 1000 ਤੱਕ ਦੀ ਹੀ ਹੁੰਦੀ ਹੈ । ਦੇਸ ਵਿੱਚ ਇਸ ਪ੍ਰੀਖਿਆ ਦੀ ਤਿਆਰੀ ਲਈ ਕੋਚਿੰਗ ਵਪਾਰ ਸਲਾਨਾ 3000 ਕਰੋੜ ਤੋਂ ਉੱਪਰ ਪਹੁੰਚ ਚੁੱਕਿਆ ਹੈ। ਦੇਸ ਵਿੱਚ ਆਈ ਡਿਜੀਟਲ ਕ੍ਰਾਂਤੀ ਦੇ ਕਾਰਨ ਵੀ ਵਿਦਿਆਰਥੀਆਂ ਦਾ ਧਿਆਨ ਭੰਗ ਹੋ ਰਿਹਾ ਹੈ । ਜਿਸ ਡਿਜੀਟਲ ਕ੍ਰਾਂਤੀ ਨੇ ਵਿਦਿਆਰਥੀ ਵਰਗ ਲਈ ਵਰਦਾਨ ਬਣਨਾ ਸੀ, ਉਹ ਸਰਾਪ ਬਣ ਰਹੀ ਹੈ । ਮੋਬਾਇਲ ਫੋਨ ਦੀ ਬੇਲੋੜੀ ਵਰਤੋ ,ਸੋਸਲ ਮੀਡੀਆ, ਆਨਲਾਈਨ ਗੇਮ, ਆਨਲਾਈਨ ਚੈਟਿੰਗ ਅਤੇ ਅਨੇਕਾਂ ਇੰਟਰਨੈੱਟ ਐਪ ਵਿਦਿਆਰਥੀ ਦਾ ਕਾਫੀ ਸਮਾਂ ਖਾ ਰਹੇ ਹਨ। ਜਿਸ ਕਾਰਨ ਉਹ ਪੜ੍ਹਾਈ ਅਤੇ ਕਲਾਸਾਂ ਤੋਂ ਦੂਰ ਹੋ ਰਹੇ ਹਨ।

ਮਾਪਿਆਂ ਵੱਲੋਂ ਘੱਟਦੀ ਨਿਗਰਾਨੀ ਅਤੇ ਬੱਚਿਆਂ ਨੂੰ ਦਿੱਤੀ ਜਾਂਦੀ ਖੁੱਲ ਅਤੇ ਵੱਧ ਪੈਸਾ ਵੀ ਇਸ ਸਮੱਸਿਆ ਵਿੱਚ ਵਾਧਾ ਕਰ ਰਹੇ ਹਨ।

ਸਿੱਖਿਆ ਦਾ ਵਪਾਰੀਕਰਨ ਵੱਧਣ ਦੇ ਕਾਰਨ ਕੁਝ ਵਿਦਿਅਕ ਸੰਸਥਾਵਾਂ ਵੀ ਇਸ ਸਮੱਸਿਆ ਨੂੰ ਗੰਭੀਰ ਕਰਨ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਹਨ। ਇਹਨਾਂ ਸੰਸਥਾਵਾਂ ਵਿੱਚ ਸਿੱਖਿਆ ਦੀ ਗੁਣਵੱਤਾ ਦੀ ਘਾਟ , ਰੈਗੂਲਰ ਜਮਾਤਾਂ ਦਾ ਨਾਂ ਲੱਗਣਾ, ਅਨੁਸਾਸਨ ਦੀ ਕਮੀ ਅਤੇ ਯੋਗ ਸਟਾਫ ਦਾ ਨਾ ਹੋਣਾ ਵਿਦਿਆਰਥੀਆਂ ਨੂੰ ਕੋਚਿੰਗ ਸੈਂਟਰਾਂ ਵੱਲ ਜਾਣ ਲਈ ਮਜਬੂਰ ਕਰਦਾ ਹੈ। ਵਿਦਿਆਰਥੀ ਵਰਗ ਨੂੰ ਵਿਦਿਅਕ ਸੰਸਥਾਵਾਂ ਨਾਲ ਜੋੜਨ ਲਈ ਸਭ ਤੋਂ ਪਹਿਲਾਂ ਤਾਂ ਪੜ੍ਹਾਈ ਨੂੰ ਰੋਚਕ ਬਣਾਉਣਾ ਹੋਵੇਗਾ, ਵਿਦਿਆਰਥੀਆਂ ਦੀ ਰੁਚੀ ਅਨੁਸਾਰ ਸਹਿਪਾਠੀ ਗਤੀਵਿਧੀਆਂ ਸੁਚੱਜੇ ਢੰਗ ਨਾਲ ਆਯੋਜਿਤ ਕੀਤੀਆਂ ਜਾਣ,ਸਿੱਖਿਆ ਲਈ ਉਚਿਤ ਅਤੇ ਸੁਚੱਜਾ ਵਾਤਾਵਰਨ ਪੈਦਾ ਕਰਨਾ ਹੋਵੇਗਾ। ਵਿਦਿਆਰਥੀਆਂ ਦੀਆਂ ਸੰਕਾਵਾਂ ਨੂੰ ਦੂਰ ਕਰਨ ਲਈ ਕਦਮ ਚੁੱਕਣੇ ਪੈਣਗੇ ,ਅਧਿਆਪਕ ਨੂੰ ਵਿਦਿਆਰਥੀ ਨਾਲ ਦੋਸਤਾਨਾ ਅਤੇ ਮਾਰਗ ਦਰਸਕ ਵਾਲਾ ਵਤੀਰਾ ਰੱਖਣਾ ਹੋਵੇਗਾ, ਕੋਚਿੰਗ ਸੈਂਟਰਾਂ ਅਤੇ ਸਕੂਲਾਂ ਅਤੇ ਕਾਲਜਾਂ ਦੀ ਪੜ੍ਹਾਈ ਵਿੱਚ ਸੰਤੁਲਨ ਬਣਾਉਣਾ ਬੇਹੱਦ ਜਰੂਰੀ ਹੈ। ਆਨਲਾਈਨ ਸਿੱਖਿਆ ਕਦੇ ਵੀ ਅਧਿਆਪਕ ਦਾ ਬਦਲ ਨਹੀਂ ਹੋ ਸਕਦੀ।

ਵੱਖ-ਵੱਖ ਸਿੱਖਿਆ ਬੋਰਡਾਂ ਵੱਲੋਂ 75 ਪ੍ਰਤੀਸਤ ਵਿਦਿਆਰਥੀਆਂ ਦੀ ਹਾਜਰੀ ਲਾਜਮੀ ਦੇ ਨਿਯਮ ਨੂੰ ਸਖਤੀ ਨਾਲ ਲਾਗੂ ਕਰਨਾ ਪਵੇਗਾ।

ਇਸ ਗੰਭੀਰ ਸਮੱਸਿਆ ਦੇ ਹੱਲ ਲਈ ਵਿਦਿਆਰਥੀਆਂ, ਮਾਪਿਆਂ, ਅਧਿਆਪਕਾਂ ਅਤੇ ਸਰਕਾਰ ਸਭ ਨੂੰ ਮਿਲ ਕੇ ਯਤਨ ਕਰਨੇ ਪੈਣਗੇ । ਜੇ ਅਸੀਂ ਸਮੇਂ ਸਿਰ ਇਸ ਸਮੱਸਿਆ ਨੂੰ ਨਹੀਂ ਲੱਭਿਆ ਤਾਂ ਇਹ ਸਾਡੀ ਸਿੱਖਿਆ ਪ੍ਰਣਾਲੀ ਅਤੇ ਭਵਿੱਖੀ ਪੀੜੀ ਲਈ ਘਾਤਕ ਸਾਬਤ ਹੋ ਸਕਦੀ ਹੈ।

ਡਾ ਸਤਿੰਦਰ ਸਿੰਘ

# ਉਦਾਰਤਾ

ਉਦਾਰਤਾ ਸਿਰਫ ਬਾਹਰਲੇ ਦਾਨ-ਪੁੰਨ ਦਾ ਪ੍ਰਦਰਸ਼ਨ ਨਹੀਂ, ਬਲਕਿ ਦਿਲ ਦੀ ਉਹ ਸੂਖਮ, ਸਜੀਵ ਤੇ ਡੂੰਘੀ ਸੰਵੇਦਨਸ਼ੀਲ ਅਵਸਥਾ ਹੈ, ਜੋ ਹਮਦਰਦੀ ਤੇ ਖੁਸ਼ੀ ਦੇ ਰਾਹੀਂ ਮਨੁੱਖ ਨੂੰ ਸਵਾਰਥ ਦੀਆਂ ਛੋਟੀਆਂ ਹੱਦਾਂ ਤੋਂ ਚੁੱਕ ਕੇ ਪਰਉਪਕਾਰ ਦੇ ਵਿਸ਼ਾਲ ਅਸਮਾਨ ਵੱਲ ਲਿਜਾ ਕੇ ਆਖਰ ਉਸ ਦਾ ਰੂਹਾਨੀ ਪਿਆਰ ਦੇ ਵਿਸ਼ਾਲ ਮਹਾਸਾਗਰ 'ਚ ਮੇਲ ਕਰਵਾ ਦਿੰਦੀ ਹੈ। ਆਮ ਤੌਰ 'ਤੇ ਲੋਕ ਛੋਟੇ ਦਾਨ ਜਾਂ ਸਿਰਫ ਸਰੀਰਕ ਸੇਵਾ ਨੂੰ ਹੀ ਉਦਾਰਤਾ ਮੰਨ ਲੈਂਦੇ ਹਨ, ਪਰ ਇਹ ਧਾਰਨਾ ਸਹੀ ਨਹੀਂ ਹੈ। ਉਦਾਰਤਾ ਕੋਈ ਬਾਹਰੀ ਪਾਖੰਡ ਨਹੀਂ, ਬਲਕਿ ਅੰਦਰੂਨੀ ਜਾਗ੍ਰਿਤ ਤੇ ਹਮਦਰਦੀ ਆਧਾਰਤ ਚੇਤਨਾ ਦਾ ਰੂਹਾਨੀ ਪ੍ਰਕਾਸ਼ ਹੈ। ਜਦ ਕਿਸੇ ਦੇ ਦੁੱਖ ਨੂੰ ਦੇਖ ਕੇ ਦਿਲ 'ਚ ਉਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੇ ਸਮੇਂ ਇਹ ਅਹਿਸਾਸ ਜਾਗਣ ਲੱਗੇ ਕਿ ਆਪ ਭਗਵਾਨ ਇਸ ਭਾਵਨਾ ਨਾਲ ਖੁਸ਼ ਹੋ ਰਹੇ ਹਨ, ਤਦ ਇਹ ਯਕੀਨੀ ਤੌਰ 'ਤੇ ਸਮਝਣਾ ਚਾਹੀਦਾ ਹੈ ਕਿ ਉਦਾਰਤਾ ਦਾ ਬ੍ਰਹਮ ਬੀਜ ਅੰਦਰੋਂ ਪੁੰਗਰ ਪਿਆ ਹੈ।



ਜੀਵਨ ਵਿਚ ਅਨੰਦ ਦੇ ਕਈ ਪਹਿਲੂ ਹਨ, ਜਿਨ੍ਹਾਂ ਨੂੰ ਰਸ ਕਿਹਾ ਜਾਂਦਾ ਹੈ। ਰਸ ਨਾ ਤਾਂ ਬਾਹਰੀ ਸੁੱਖਾਂ ਵਿਚ ਹੈ ਅਤੇ ਨਾ ਹੀ ਥੋੜ੍ਹੇ ਸਮੇਂ ਦੀਆਂ ਖੁਸੀਆਂ ਵਿਚ, ਇਹ ਗੁਣਾਂ ਦੀ ਖੇਤੀ ਅਤੇ ਅੰਦਰੂਨੀ ਸੁੱਧਤਾ ਵਿਚ ਹੈ।

ਉਦਾਰਤਾ ਉਹ ਪਵਿੱਤਰ ਤੀਰਥ ਯਾਤਰਾ ਹੈ ਜਿੱਥੇ ਹਮਦਰਦੀ ਅਤੇ ਅਨੰਦ ਮਿਲਦੇ ਹਨ, ਮਨ ਨੂੰ ਇਸ ਵਿਚ ਲੀਨ ਕਰਦੇ ਹਨ, ਸਾਂਤੀ, ਸੰਤੁਸਟੀ ਅਤੇ ਬ੍ਰਹਮ ਕਿਰਪਾ ਦਾ ਅਨੁਭਵ ਕਰਦੇ ਹਨ। ਜਦੋਂ ਇਹ ਭਾਵਨਾ ਸਤਿਸੰਗ ਅਤੇ ਸਾਸਤਰਾਂ ਦੇ ਅਧਿਐਨ ਨਾਲ ਮਜਬੂਤ ਹੁੰਦੀ ਹੈ, ਤਾਂ ਇੰਦਰੀਆਂ ਦੀਆਂ ਇੱਛਾਵਾਂ ਆਪਣੇ ਆਪ ਘਟ ਜਾਂਦੀਆਂ ਹਨ। ਸਵਾਰਥ ਦਾ ਅਲੋਪ ਹੋਣਾ ਸਵੈ-ਸੁਤੰਤਰਤਾ ਦਾ ਰਾਹ ਪੱਧਰਾ ਕਰਦਾ ਹੈ, ਅਤੇ ਜੀਵਨ ਯੋਗ ਦੀ ਸਾਂਤੀ ਨਾਲ ਰੋਸ਼ਨ ਹੁੰਦਾ ਹੈ। ਜਦੋਂ ਅਨੰਦ ਇਕ ਵਿਅਕਤੀ ਨੂੰ ਮੁਕਤ ਕਰਦਾ ਹੈ, ਤਾਂ ਹਮਦਰਦੀ ਸਾਂਤੀ ਲਈ ਇਕ ਪਨਾਹ ਪ੍ਰਦਾਨ ਕਰਦੀ ਹੈ। ਜਦੋਂ ਇਹ ਦੋਵੇਂ ਏਕਤਾ ਪ੍ਰਾਪਤ ਕਰਦੇ ਹਨ, ਤਾਂ ਪਿਆਰ ਦਾ ਇਕ ਅਨੰਤ, ਸੁੱਧ ਅਤੇ ਬ੍ਰਹਮ ਸਮੁੰਦਰ ਪ੍ਰਗਟ ਹੁੰਦਾ ਹੈ, ਜਿਸ ਵਿਚ ਪ੍ਰੇਮੀ ਅਤੇ ਪਿਆਰੇ ਦਾ ਸਦੀਵੀ ਅਨੰਦਮਈ ਵਿਵਹਾਰ ਹੁੰਦਾ ਹੈ। ਇਹ ਮਨੁੱਖੀ ਜੀਵਨ ਦੀ ਸੰਪੂਰਨਤਾ ਹੈ।

ਮਹੰਤ ਆਚਾਰਿਆ ਨਾਰਾਇਣ ਦਾਸ

# ਮਹਾਨ ਗੁਰਮਤਿ ਸਮਾਗਮ





ਗੁਰਦੁਆਰਾ ਗਲੈਨਵੁੱਡ ਸਾਹਿਬ ਵਿਖੇ ਮਿਤੀ 11 ਅ੍ਰਪੈਲ ਤੋਂ 19 ਅਪ੍ਰੈਲ ਤੱਕ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇੱਕ ਮਹਾਨ ਗੁਰਮਤਿ ਸਮਾਗਮ ਹੋਇਆ ਜਿਸ ਵਿੱਚ ਪ੍ਰਸਿੱਧ ਸਿੱਖ ਕਥਾਵਾਚਕ ਤੇ ਕੀਰਤਨ ਮਾਹਰ ਗਿਆਨੀ ਪਿੰਦਰਪਾਲ ਸਿੰਘ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਰਸ ਭਿੰਨੇ ਕੀਰਤਨ ਨਾਲ਼ ਨਿਹਾਲ ਕੀਤਾ। ਸਮਾਗਮ ਗੁਰੂਘਰ ਦੇ ਸਕੱਤਰ ਸ. ਮਹਿੰਗਾ ਸਿੰਘ ਖੱਖ ਤੇ ਹੋਰ ਮੁਅਜ਼ਜ਼ ਸਖਸ਼ੀਅਤਾਂ ਦੀ ਦੇਖ ਰੇਖ ਵਿੱਚ ਨੇਪਰੇ ਚੜ੍ਹਿਆ। ਅਖਬਾਰ ਨੂੰ ਖਬਰ ਦੇਣ ਵਿੱਚ ਸ. ਤਰਸੇਮ ਸਿੰਘ ਗਰਚਾ, ਸਾਬਕਾ ਪੁਲਿਸ ਇੰਸਪੈਕਟਰ, ਅੰਡੇਮਾਨ ਨਿਕੋਬਾਰ ਨੇ ਅਹਿਮ ਭੂਮਿਕਾ ਨਿਭਾਈ।

(ਪੱਤਰਕਾਰ)

## ਸਿਡਨੀ ਵਿੱਚ ਕੱਢੀ ਗਈ ਐਨਜੈਕ ਪਰੇਡ ਵਿੱਚ ਸਿੱਖਾਂ ਵਲੋ ਸਮੂਲੀਅਤ ਦੀਆਂ ਤਸਵੀਰਾਂ















(ਸੰਧਰ):- ਸਿਡਨੀ ਵਿੱਚ ਐਨਜੈਕ ਡੇ ਮੌਕੇ ਸਿੱਖ ਭਾਈਚਾਰੇ ਦੀ ਵਲੋਂ ਸਾਨਦਾਰ ਪ੍ਰਦਰਸਨ ਸਿਡਨੀ ਸਹਿਰ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੜੀ ਸਰਧਾ ਅਤੇ ਮਾਣ ਨਾਲ ਮਨਾਇਆ ਗਿਆ, ਜਿਸ ਵਿੱਚ ਵੱਖ-ਵੱਖ ਭਾਈਚਾਰਿਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਇਸ ਮੌਕੇ ਸਿੱਖ ਭਾਈਚਾਰੇ ਵੱਲੋਂ ਵਿਸੇਸ ਤੌਰ 'ਤੇ ਆਪਣੀ ਹਾਜਰੀ ਦਰਜ ਕਰਵਾਈ ਗਈ। ਸਿੱਖ ਸੰਗਤ ਨੇ ਦਸਤਾਰਾਂ ਸਜਾ ਕੇ, ਨਿਸਾਨ ਸਾਹਿਬ ਦਾ ਝੰਡਾ ਅਤੇ ਇਤਿਹਾਸਕ ਬੈਨਰ ਲੈ ਕੇ ਮਾਰਚ ਕੀਤਾ, ਜਿਸ ਰਾਹੀਂ ਸਿੱਖ ਕੌਮ ਦੀ ਸੂਰਵੀਰਤਾ ਅਤੇ ਬਲਿਦਾਨ ਭਰੀ ਵਿਰਾਸਤ ਨੂੰ ਦਰਸਾਇਆ ਗਿਆ ।ਇਸ ਦਿਨ ਦੀ ਇਤਿਹਾਸਕ ਮਹੱਤਤਾ 1915 ਵਿੱਚ ਹੋਈ ਜੋ ਗਾਲੀਪੁਲੀ ਨਾਲ ਜੁੜੀ ਹੋਈ ਹੈ, ਜੋ ਆਸਟ੍ਰੇਲੀਆ ਅਤੇ ਨਿਊਜੀਲੈਂਡ ਲਈ ਪਹਿਲੀ ਵੱਡੀ ਸੈਨਿਕ ਮੁਹਿੰਮ ਸੀ। ਇੱਥੇ ਇਹ ਵੀ ਯਾਦ ਕਰਨਾ ਯੋਗ ਹੈ ਕਿ ਸਿੱਖਾਂ ਨੇ ਪਹਿਲੀ ਅਤੇ ਦੂਜੀ ਵਿਸਵ ਯੁੱਧ ਵਿੱਚ ਅਹਿਮ ਯੋਗਦਾਨ ਪਾਇਆ ਅਤੇ ਕਈ ਸਿੱਖ ਜਵਾਨ ਬ੍ਰਿਟਿਸ ਹਕੂਮਤ ਦੇ ਥੱਲੇ ਰਹਿੰਦਿਆਂ ਆਸਟ੍ਰੇਲੀਆ ਨਾਲ ਜੁੜ ਕੇ ਵੀ ਜੰਗਾਂ ਵਿੱਚ ਸਾਮਲ ਰਹੇ ।ਇਸ ਸਾਲ ਦੀ ਪ੍ਰੇਡ ਸਿਟੀ ਦੇ ਕੇਂਦਰੀ ਇਲਾਕਿਆਂ ਵਿਚੋਂ ਗੁਜਰੀ, ਜਿੱਥੇ ਹਜਾਰਾਂ ਲੋਕਾਂ ਨੇ ਸਹੀਦਾਂ ਨੂੰ ਸਿਰ ਨਿਵਾ ਕੇ ਸਰਧਾਂਜਲੀ ਭੇਟ ਕੀਤੀ। ਸਿੱਖ ਪ੍ਰੇਡ ਦੀ ਅਗਵਾਈ ਕੈਪਟਨ ਸਰਜਿੰਦਰ ਸਿੰਘ ਸੰਧੂ ਨੇ ਕੀਤੀ, ਜਦਕਿ ਕਰਨਲ ਗੁਰਮੇਜ ਸਿੰਘ ਜੀ ਦੀ ਹਾਜਰੀ ਵੀ ਪ੍ਰੇਰਣਾਦਾਇਕ ਰਹੀ। ਮੁੱਖ ਬੈਨਰ ਹਰਕੀਰਤ ਸਿੰਘ ਸੰਧਰ ਅਤੇ ਦਵਿੰਦਰ ਸਿੰਘ ਧਾਰੀਆ ਵੱਲੋਂ ਫੜਿਆ ਗਿਆ ਅਤੇ ਉਨ੍ਹਾਂ ਦੇ ਪਿੱਛੇ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਮਾਰਚ ਕਰਦੀ ਗਈ।

ਪਰੇਡ ਦਾ ਵਿਸੇਸ ਆਕਰਸਣ ਉਹ ਸਿੱਖ ਨੌਜਵਾਨ ਰਹੇ ਜੋ ਆਸਟ੍ਰੇਲੀਆ ਦੀ ਫੌਜ ਅਤੇ ਏਅਰ ਫੋਰਸ ਵਿੱਚ ਸੇਵਾ ਨਿਭਾ ਰਹੇ ਹਨ। ਉਨ੍ਹਾਂ ਦੀ ਹਾਜਰੀ ਨੇ ਨਾ ਸਿਰਫ ਸਿੱਖ ਕੌਮ ਦੀ ਸਾਨ ਨੂੰ ਵਧਾਇਆ, ਸਗੋਂ ਦਸਤਾਰ ਦੀ ਵਿਲੱਖਣ ਪਛਾਣ ਨੂੰ ਵੀ ਦੁਨੀਆ ਦੇ ਸਾਹਮਣੇ ਮਜਬੂਤੀ ਨਾਲ ਪੇਸ ਕੀਤਾ ।ਇਹ ਪ੍ਰੇਡ ਐਲਿਜਾਬੇਥ ਸਟ੍ਰੀਟ ਤੋਂ ਸੁਰੂ ਹੋ ਕੇ ਵਿਲੀਅਮ ਸਟ੍ਰੀਟ 'ਤੇ ਸਮਾਪਤ ਹੋਈ, ਜਿੱਥੇ ਸਾਰੇ ਭਾਗੀਦਾਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਅਗਲੇ ਸਾਲ ਮੁੜ ਇਕੱਠੇ ਹੋਣ ਦਾ ਸੰਕਲਪ ਕੀਤਾ ਗਿਆ ।ਐਨਜੈਕ ਡੇ ਸਿਰਫ ਇੱਕ ਸਮਾਗਮ ਨਹੀਂ, ਸਗੋਂ ਉਹਨਾਂ ਸਾਰੇ ਸਹੀਦਾਂ ਨੂੰ ਯਾਦ ਕਰਨ ਦਾ ਪਵਿੱਤਰ ਦਿਨ ਹੈ, ਜਿਨ੍ਹਾਂ ਨੇ ਆਜਾਦੀ ਅਤੇ ਅਮਨ ਲਈ ਆਪਣੀਆਂ ਜਾਨਾਂ ਨਿਛਾਵਰ ਕੀਤੀਆਂ। ਇਹ ਦਿਨ ਸਾਨੂੰ ਹੌਸਲੇ, ਸਾਥੀਪਣ ਅਤੇ ਸਹਿਨਸੀਲਤਾ ਦੇ ਮੁੱਲਾਂ ਨੂੰ ਯਾਦ ਕਰਾਉਂਦਾ ਹੈ ਅਤੇ ਅਗਲੀ ਪੀੜ੍ਹੀ ਤੱਕ ਆਪਣੀ ਵਿਰਾਸਤ ਪਹੁੰਚਾਉਣ ਦੀ ਪ੍ਰੇਰਣਾ ਦਿੰਦਾ ਹੈ ।ਇਹ ਸਾਡਾ ਗੌਰਵਮਈ ਇਤਿਹਾਸ ਹੈ, ਜਿਸ ਰਾਹੀਂ ਸਿੱਖ ਕੌਮ ਆਪਣੀ ਦਸਤਾਰ ਅਤੇ ਆਪਣੀ ਪਛਾਣ ਨੂੰ ਸੰਸਾਰ ਭਰ ਵਿੱਚ ਵੱਖਰੇ ਅਤੇ ਮਾਣਯੋਗ ਢੰਗ ਨਾਲ ਦਰਸਾਉਂਦੀ ਹੈ।

# ਆਪਣੇ ਬੀਬੀ ਜੀ ਨੂੰ ਯਾਦ ਕਰਦਿਆਂ

ਸਾਡੇ ਬੀਬੀ ਜੀ ਨੇ ਅੱਜ ਦੇ ਦਿਨ 12 ਅਪ੍ਰੈਲ 2007 ਨੂੰ ਸਾਮ 8 ਵਜੇ ਦੇ ਕਰੀਬ ਐਸਕੋਰਟ ਹਸਪਤਾਲ ਅੰਮ੍ਰਿਤਸਰ ਦੇ ਆਈ ਸੀ ਯੂ ਵਿੱਚ ਆਖਰੀ ਸਾਹ ਲਿਆ ਸੀ। ਇਹ ਹਮੇਸਾਂ ਯਾਦ ਰਹਿੰਦਾ ਹੈ ਕਿ 10 ਅਪ੍ਰੈਲ 2007 ਨੂੰ ਦੁਪਹਿਰ ਵੇਲੇ, ਉਹਨਾਂ ਦੀ ਪਸੰਦ ਅਨੁਸਾਰ, ਸਵੇਰੇ 10 ਵਜੇ ਤੋਂ ਮੇਰੇ ਅਰਬਨ ਅਸਟੇਟ ਬਟਾਲਾ ਵਾਲੇ ਘਰ ਦੇ ਬਾਹਰਲੇ ਬਰਾਂਡੇ ਵਿੱਚ ਅਸੀਂ ਉਹਨਾਂ ਦਾ ਬੈੱਡ ਲੱਗਾ ਹੋਇਆ ਸੀ। ਮੈਂ ਬੀਬੀ ਜੀ ਨੂੰ ਦੁਪਹਿਰ ਵੇਲੇ ਇਕ ਵਜੇ ਰੋਟੀ ਖਵਾਈ ਸੀ। ਬੀਬੀ ਜੀ ਬਹੁਤ ਕਮਜੋਰ ਸਨ। ਖੁਦ ਨਹੀਂ ਸਨ ਚੱਲ ਸਕਦੇ। ਮੈਂ ਪਹਿਲੀ ਜੂਨ 2004 ਨੂੰ ਰਿਟਾਇਰ ਹੋ ਚੁੱਕਾ ਸਾਂ। ਮਨਜੋਤ ਅਤੇ ਮਨਿੰਦਰ ਦੀ ਸਾਦੀ ਕਰ ਚੁੱਕਾ ਸਾਂ। ਮੇਰੀ ਬੇਟੀ ਮਨਿੰਦਰ ਇੰਗਲੈਂਡ ਆਪਣੇ ਸਹੁਰੇ ਘਰ ਰਹਿ ਰਹੀ ਸੀ ਅਤੇ ਮੇਰਾ ਬੇਟਾ ਮਨਜੋਤ ਬਟਾਲੇ ਦੇ ਐਚ ਡੀ ਐਫ ਸੀ ਬੈਂਕ ਵਿੱਚ ਕੰਮ ਕਰਦਾ ਸੀ। ਰੋਟੀ ਖਾਣ ਤੋਂ ਬਾਅਦ ਉਸ ਦਿਨ ਅਚਾਨਕ ਬੀਬੀ ਜੀ ਮੈਨੂੰ ਕਹਿਣ ਲੱਗੇ, "ਸੁਖ! ਮੈਨੂੰ ਬਹੁਤ ਠੰਡ ਲੱਗ ਰਹੀ ਏ। ਮੇਰੇ ਉੱਪਰ ਕੰਬਲ ਦੇ।" ਮੈਂ ਅੰਦਰੋਂ ਲਿਆ ਕੇ ਉਹਨਾਂ ਉੱਪਰ ਕੰਬਲ ਦੇ ਦਿੱਤਾ। ਪਰ ਠੰਡ ਉਹਨਾਂ ਦੀ ਖਹਿੜਾ ਨਹੀਂ ਸੀ ਛੱਡ ਰਹੀ। ਸੋ, ਕੰਬਲ ਦੇ ਨਾਲ ਇੱਕ ਰਜਾਈ ਹੋਰ ਉਹਨਾਂ ਉੱਪਰ ਦੇ ਦਿੱਤੀ ਗਈ। ਇਸ ਤੋਂ ਬਾਅਦ ਫਿਰ ਇਕ ਹੋਰ ਰਜਾਈ। ਪਰ ਬੀਬੀ ਜੀ ਕੰਬੀ ਜਾ ਰਹੇ ਸਨ। ਟੈਲੀਫੋਨ ਕਰਕੇ ਮਨਜੋਤ ਨੂੰ ਬੀਬੀ ਜੀ ਬਾਰੇ ਦੱਸਿਆ। ਉਹ ਸਵੇਰੇ 11 ਵਜੇ ਬੀਬੀ ਜੀ ਵਾਸਤੇ ਇੱਕ ਕੁਰਸੀ ਖਰੀਦ ਕੇ ਦੇ ਗਿਆ ਸੀ, ਤਾਂ ਜੋ ਮੈਂ ਬੀਬੀ ਜੀ ਨੂੰ ਪਲਾਸਟਿਕ ਦੀ ਕੁਰਸੀ ਉਪਰ ਬਿਠਾ ਕੇ ਘੜੀਸਣ ਦੀ ਥਾਂ ਇਸ ਨਵੀਂ ਪਹੀਆਂ ਵਾਲੀ ਕੁਰਸੀ ਰਾਹੀਂ ਕਮਰੇ/ਬਾਥਰੂਮ ਵਿੱਚ ਆਸਾਨੀ ਨਾਲ ਲਿਜਾ ਸਕਾਂ। ਉਹ ਵੀ ਬਹੁਤ ਜਲਦੀ ਘਰ ਪਹੁੰਚ ਗਿਆ। ਮੈਂ ਆਪਣੇ ਪਰਿਵਾਰਕ ਦੋਸਤ ਅਤੇ ਸਰਜਨ ਡਾ ਰਵਿੰਦਰ ਪਾਲ ਸਿੰਘ (ਰਵੀ ਹਸਪਤਾਲ ਬਟਾਲਾ) ਨਾਲ ਸਲਾਹ ਕੀਤੀ। ਉਹਨਾਂ ਸਲਾਹ ਦਿੱਤੀ ਕਿ ਬੀਬੀ ਜੀ ਨੂੰ ਡਾ ਅਸਵਨੀ ਮਹਾਜਨ ਜੀ ਨੂੰ ਵਿਖਾਉ। ਨਾਲ ਹੀ ਉਨ੍ਹਾਂ ਬੀਬੀ ਜੀ ਬਾਰੇ ਡਾ ਸਾਹਿਬ ਨੂੰ ਫੋਨ ਕਰ ਦਿੱਤਾ। ਇੱਥੇ ਇਹ ਦੱਸ ਦਿਆਂ ਕਿ ਸਾਡੇ ਬਟਾਲੇ ਅੰਦਰ ਮੈਡੀਸਿਨ ਦੇ ਸ੍ਰੀ ਅਸਵਨੀ ਮਹਾਜਨ ਨਾਂ ਦੇ ਇੱਕ ਸਿਆਣੇ ਡਾਕਟਰ ਸਾਹਿਬ ਨੇ ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ ਬਟਾਲਾ ਦੇ ਨਜਦੀਕ ਆਪਣਾ ਮਹਾਜਨ ਹਸਪਤਾਲ ਬਣਾਇਆ ਹੋਇਆ ਹੈ। ਅਸੀਂ ਬੀਬੀ ਜੀ ਨੂੰ ਲੈਕੇ ਹਸਪਤਾਲ ਪਹੁੰਚ ਗਏ। ਡਾ ਸਾਹਿਬ ਨੇ ਬੀਬੀ ਜੀ ਨੂੰ ਚੈੱਕ ਕੀਤਾ। ਉਹਨਾਂ ਦੱਸਿਆ ਕਿ ਇਹਨਾਂ ਦਾ "ਪੇਸ ਮੇਕਰ" ਕੰਮ ਨਹੀਂ ਕਰ ਰਿਹਾ, ਇਸ ਲਈ ਇਹਨਾਂ ਨੂੰ ਐਸਕੋਰਟ ਹਸਪਤਾਲ ਅੰਮ੍ਰਿਤਸਰ ਲੈ ਜਾਵੋ। ਬਟਾਲੇ ਵਿੱਚ ਅਸੀਂ ਸਾਰੇ ਆਮ ਤੌਰ ਤੇ ਭਾਰੀ ਖਰਚਿਆਂ ਕਾਰਨ ਐਸਕੋਰਟ ਹਸਪਤਾਲ ਅੰਮ੍ਰਿਤਸਰ ਦਾ ਨਾਂ ਸੁਣਦਿਆਂ ਸਾਰ ਹੀ ਘਬਰਾ ਜਾਂਦੇ ਹਾਂ। ਸੋ ਮੈਂ ਵੀ ਘਬਰਾ ਗਿਆ। ਹਸਪਤਾਲ ਤੋਂ ਘਰ ਵਾਪਸ ਆਏ। ਉਸ ਸਮੇਂ 30000 ਰੁਪਏ ਕੈਸ ਸਾਡੇ ਕੋਲ ਘਰ ਵਿੱਚ ਹੈ ਸਨ। ਸੋ ਜਿੰਨੇ ਕੁ ਪੈਸੇ ਘਰ ਵਿੱਚ ਹੈ ਸਨ, ਲੈ ਕੇ ਤੁਰ ਪਏ। ਬੀਬੀ ਜੀ ਬਹੁਤ ਤੰਗ ਸਨ। ਉਹ ਬਾਰ ਬਾਰ ਮੈਨੂੰ ਕਹਿ ਰਹੇ ਸਨ ਕਿ "ਹਾਏ! ਮੈਨੂੰ ਬਚਾ ਲਉ।" ਮੈਂ ਉਹਨਾਂ ਦੀ ਇਹ ਹਾਲਤ ਵੇਖ ਕੇ ਬਹੁਤ ਤੰਗ ਹੋ ਰਿਹਾ ਸਾਂ। ਪਰ ਕਰ ਕੁੱਝ ਨਹੀਂ ਸੀ ਸਕਦਾ। ਮੈਂ ਟੈਲੀਫੋਨ ਰਾਹੀਂ ਅੰਮ੍ਰਿਤਸਰ ਆਪਣੇ ਰਿਸਤੇਦਾਰਾਂ ਨੂੰ ਦੱਸਿਆ ਕਿ ਮੈਂ ਅਤੇ ਮਨਜੋਤ ਬੀਬੀ ਜੀ ਨੂੰ ਲੈਕੇ ਐਸਕੋਰਟ ਹਸਪਤਾਲ ਅੰਮ੍ਰਿਤਸਰ ਆ ਰਹੇ ਹਾਂ। ਮੈਂ ਉਹਨਾਂ ਨੂੰ ਫੌਰੀ 50000 ਰੁਪਿਆਂ ਦਾ ਪ੍ਰਬੰਧ ਕਰ ਕੇ ਲਿਆਉਣ ਲਈ ਵੀ ਕਿਹਾ। ਮਨਜੋਤ ਸੜਕ ਉੱਪਰ ਕਾਰ ਚਲਾ ਰਿਹਾ ਸੀ। ਉਹ ਉਸ ਵਕਤ ਕਾਰ ਨਹੀਂ ਸੀ ਚਲਾ ਰਿਹਾ, ਸਗੋਂ ਕਾਰ ਨੂੰ ਹਵਾ ਵਿੱਚ ਉਡਾ ਰਿਹਾ ਸੀ ਅਤੇ ਨਾਲ ਹੀ ਬੀਬੀ ਜੀ ਨੂੰ "ਬੀਬੀ ਜੀ ਪਹੁੰਚ ਗਏ ਹਾਂ" ਕਹਿੰਦਾ ਦਿਲਾਸਾ ਦੇਈ ਜਾ ਰਿਹਾ ਸੀ। ਮੇਰੇ ਕੋਲੋਂ ਬੀਬੀ ਜੀ ਦੀ ਇਹ ਹਾਲਤ ਵੇਖੀ ਨਹੀਂ ਸੀ ਜਾ ਰਹੀ। ਮੇਰੇ ਅੱਥਰੂ ਇਹ ਸੋਚ ਕੇ ਨਹੀਂ ਸਨ ਰੁੱਕ ਰਹੇ ਕਿ "ਜੇਕਰ ਬੀਬੀ ਜੀ ਨੂੰ ਕੁੱਝ ਹੋ ਗਿਆ, ਤਾਂ ਮੈਂ ਆਪਣੇ ਬਾਕੀ ਭੈਣ ਭਰਾਵਾਂ ਨੂੰ ਕੀ ਜਵਾਬ ਦੇਵਾਂਗਾ ?" ਅੱਧੇ ਘੰਟੇ ਦੇ ਅੰਦਰ ਹੀ ਮਨਜੋਤ ਕਾਰ ਨੂੰ ਹਸਪਤਾਲ ਦੇ ਅੰਦਰ ਲੈ ਗਿਆ। ਹਸਪਤਾਲ ਦਾ



ਪੈਰਾ ਮੈਡੀਕਲ ਸਟਾਫ ਬੀਬੀ ਜੀ ਨੂੰ ਲੈਕੇ ਹਸਪਤਾਲ ਦੇ ਅੰਦਰ ਲੈ ਗਿਆ। ਮੈਂ ਰਿਸੈਪਸਨ ਉੱਪਰ ਜਾ ਕੇ ਫਾਈਲ ਤਿਆਰ ਕਰਵਾਈ ਅਤੇ ਕੁੱਝ ਐਡਵਾਂਸ ਪੈਸੇ ਜਮ੍ਹਾਂ ਕਰਵਾ ਦਿੱਤੇ। ਇਲਾਜ ਸੁਰੂ ਹੋ ਗਿਆ। ਬੀਬੀ ਜੀ ਆਈ ਸੀ ਯੂ ਵਿੱਚ ਸਨ। ਹਾਲਾਤ ਨਾਜੁਕ ਸਨ। ਹੋਰ ਪੈਸੇ ਆ ਚੁੱਕੇ ਸਨ। ਮੈਂ ਨਾਲੋਆਪਣੇ ਭੈਣ ਜੀ ਮਨਜੀਤ ਨੂੰ ਕਰਨਾਲ ਅਤੇ ਆਪਣੇ ਭਰਾਵਾਂ ਭਾਅ ਜੀ ਜਸਵੰਤ ਅਤੇ ਗੁਰਭਜਨ ਨੂੰ ਲੁਧਿਆਣੇ ਇਸ ਸਾਰੇ ਬਾਰੇ ਜਾਣਕਾਰੀ ਦੇਈ ਜਾ ਰਿਹਾ ਸੀ। ਪਰ ਹੁਣ ਤਾਂ ਸਾਰਾ ਮਸਲਾ ਡਾਕਟਰਾਂ ਅਤੇ ਬੀਬੀ ਜੀ ਦਰਮਿਆਨ ਸੀ। ਸਾਮ ਨੂੰ ਮਨਜੋਤ ਦੇ ਵੇਰਕੇ ਵਾਲੇ ਮਾਸੀ ਜੀ ਦਲਵਿੰਦਰ ਦਾ ਅਤੇ ਅੰਮ੍ਰਿਤਸਰ ਤੋਂ ਉਸ ਦੇ ਮਾਮਾ ਜੀ ਰਜਿੰਦਰ ਦਾ ਪਰਿਵਾਰ ਵੀ ਮੇਰੇ ਕੋਲ ਹਸਪਤਾਲ ਵਿੱਚ ਆ ਗਏ ਸਨ। ਕੁਝ ਦੇਰ ਬਾਅਦ ਮੇਰੇ ਮਰਹੂਮ ਦੋਸਤ ਡਾ ਰਵਿੰਦਰ ਪਾਲ ਸਿੰਘ (ਰਵੀ ਹਸਪਤਾਲ ਬਟਾਲਾ) ਵੀ ਸਾਮ ਨੂੰ ਹਸਪਤਾਲ ਆ ਗਏ ਸਨ। ਉਹਨਾਂ ਦੇ ਆਉਣ ਨਾਲ ਮੈਨੂੰ ਬਹੁਤ ਹੌਂਸਲਾ ਹੋਇਆ। ਉਹਨਾਂ ਸਬੰਧਤ ਡਾਕਟਰ ਸਾਹਿਬ ਤੋਂ ਜਾਣਕਾਰੀ ਪ੍ਰਾਪਤ ਕੀਤੀ। ਬੀਬੀ ਜੀ ਬਾਪੂ ਨਾਲ ਉਹਨਾਂ ਦਾ ਬਹੁਤ ਪਿਆਰ ਸੀ। "ਵੇਖੋ, ਕੁਝ ਕਹਿ ਨਹੀਂ ਸਕਦੇ। ਟਰੀਟਮੈਂਟ ਠੀਕ ਦੇ ਰਹੇ ਹਨ।" ਕਹਿ ਕੇ ਮੈਨੂੰ ਹੌਸਲਾ ਦੇ ਕੇ ਚਲੇ ਗਏ। ਮਨਜੋਤ ਨੂੰ ਬੈਂਕ ਵਿੱਚੋਂ ਹੋਰ ਪੈਸੇ ਲਿਆਉਣ ਲਈ ਬਟਾਲੇ ਵਾਪਸ ਭੇਜ ਦਿੱਤਾ ਕਿਉਂਕਿ ਹਸਪਤਾਲ ਵਿੱਚ ਹੁਣ ਮੇਰਾ ਕੰਮ ਪੈਸਾ ਜਮ੍ਹਾਂ ਕਰਵਾਉਣਾ ਅਤੇ ਹਸਪਤਾਲ ਵਾਲਿਆਂ ਦਾ ਕੰਮ ਬੀਬੀ ਜੀ ਨੂੰ ਬਚਾਉਣ ਲਈ ਆਪਣੀ ਕੋਸਿਸ ਕਰਨੀ ਸੀ। ਟੈਲੀਫੋਨ ਹੋ ਰਹੇ ਸਨ। ਇਲਾਜ ਚੱਲ ਰਿਹਾ ਸੀ। ਬੀਬੀ ਜੀ ਨੂੰ ਆਈ ਸੀ ਯੂ ਵਿੱਚ ਕੇਵਲ ਦੇਖ ਹੀ ਸਕਦੇ ਸਾਂ, ਕੁੱਝ ਵੀ ਆਪਸ ਵਿੱਚ ਬੋਲ ਨਹੀਂ ਸੀ ਸਕਦੇ, ਕਿਉਂਕਿ ਉਸ ਵੇਲੇ ਤੱਕ ਬੀਬੀ ਜੀ ਦੀ ਬੋਲਣ ਸਕਤੀ ਖਤਮ ਹੋ ਚੁੱਕੀ ਸੀ। ਹੁਣ 11 ਅਪ੍ਰੈਲ ਆ ਗਈ ਸੀ। ਆਸ ਦੀ ਕਿਰਨ ਲੱਭਣ ਲਈ ਮੈਂ ਬਾਰ ਬਾਰ ਡਾਕਟਰਾਂ ਨੂੰ ਮਿਲ ਰਿਹਾ ਸੀ। ਪਰ ਹਰ ਵਾਰੀ ਆਸ ਦੀ ਥਾਂ ਬੇਆਸ ਹੋਈ ਜਾ ਰਿਹਾ ਸਾਂ ।11 ਅਪ੍ਰੈਲ ਰਾਤ ਤੱਕ ਡਾਕਟਰ ਵੀ ਬੇਆਸ ਲੱਗ ਰਹੇ ਸਨ। ਮਨਜੋਤ ਨੇ ਅੰਮ੍ਰਿਤਸਰ ਬਟਾਲਾ ਇੱਕ ਕੀਤਾ ਹੋਇਆ ਸੀ। ਹੁਣ 12 ਅਪ੍ਰੈਲ ਹੋ ਗਈ ਸੀ। ਲੁਧਿਆਣੇ ਤੋਂ ਗੁਰਭਜਨ ਵੀ ਹਸਪਤਾਲ ਪਹੁੰਚ ਗਿਆ ਸੀ। ਪਰ ਸਾਡੇ ਕਿਸੇ ਦੇ ਵੱਸ ਵਿੱਚ ਹੁਣ ਕੁਝ ਨਹੀਂ ਸੀ। ਡਾਕਟਰ ਵੀ ਲੱਗਭੱਗ ਆਸ ਛੱਡ ਚੁੱਕੇ ਸਨ। ਇਸ ਸਾਰੀ ਸਥਿਤੀ ਬਾਰੇ ਸਾਰਿਆਂ ਨੂੰ ਜਾਣੂ ਕਰਵਾਇਆ ਜਾ ਚੁੱਕਾ ਸੀ। ਸਾਮ ਵੇਲੇ ਮਨਜੋਤ ਨੂੰ ਬਟਾਲੇ ਭੇਜ ਦਿੱਤਾ ਗਿਆ। ਗੁਰਭਜਨ ਵੀ ਬਹੁਤ ਮਾਯੂਸ ਸੀ। ਰਾਤ ਕੋਈ ਪੌਣੇ ਅੱਠ ਵਜੇ ਗੁਰਭਜਨ ਨੇ ਦਰਬਾਰ ਸਾਹਿਬ ਮੱਥਾ ਟੇਕਣ ਦੀ ਸਲਾਹ ਦਿੱਤੀ। ਅਸੀਂ ਕਾਰ ਪਾਰਕ ਕਰਕੇ ਦਰਬਾਰ ਸਾਹਿਬ ਮੱਥਾ ਟੇਕਣ ਜਾ ਰਹੇ ਸਾਂ ਕਿ ਹਸਪਤਾਲ ਵੱਲੋਂ ਟੈਲੀਫੋਨ ਉਪਰ ਮਨਹੂਸ ਖਬਰ ਮਿਲ ਗਈ ਕਿ ਤੁਹਾਡੇ ਬੀਬੀ ਜੀ ਸਰਦਾਰਨੀ ਤੇਜ ਕੌਰ ਹੁਣ ਇਸ ਦੁਨੀਆਂ ਤੇ ਹੁਣ ਨਹੀਂ ਰਹੇ। ਬੜਾ ਦੁੱਖ ਲੱਗਾ।

ਉਸ ਵਕਤ ਮੈਂ ਮਹਿਸੂਸ ਕੀਤਾ ਕਿ ਹੁਣ ਮੈਂ ਇੱਕਲਾ ਰਹਿ ਗਿਆ ਹਾਂ। ਇਸ ਤੋਂ ਲੱਗਭਗ 20 ਸਾਲ ਪਹਿਲਾਂ 8 ਜੁਲਾਈ 1987 ਨੂੰ ਬਾਪੂ ਜੀ ਜੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਸ ਵਕਤ ਮੈਂ ਮਹਿਸੂਸ ਕੀਤਾ ਸੀ ਕਿ ਸਾਡੇ ਭੈਣ ਭਰਾਵਾਂ ਉੱਪਰ ਜਿਹੜਾ ਇੱਕ ਤੰਬੂ ਤਣਿਆਂ ਹੋਇਆ ਸੀ, ਉਹ 8 ਜੁਲਾਈ 1987 ਨੂੰ ਬਾਪੂ ਜੀ ਵੱਲੋਂ ਸਦੀਵੀ ਵਿਛੋੜੇ ਦੇਣ ਨਾਲ ਅੱਧਾ ਤੰਬੂ ਪਾਟ ਗਿਆ ਸੀ। ਇਸੇ ਤਰ੍ਹਾਂ ਬੀਬੀ ਜੀ ਦੇ 12 ਅਪ੍ਰੈਲ 2007 ਨੂੰ ਸਾਮ 8 ਵਜੇ ਸਾਨੂੰ ਸਦੀਵੀ ਵਿਛੋੜੇ ਦੇਣ ਨਾਲ ਮੈਂ ਮੁੜ ਮਹਿਸੂਸ ਕੀਤਾ ਕਿ ਸਾਡੇ ਭੈਣ ਭਰਾਵਾਂ ਉੱਪਰ ਜਿਹੜਾ ਇੱਕ ਅੱਧਾ ਹਿੱਸਾ ਤੰਬੂ ਦਾ ਰਹਿ ਗਿਆ ਸੀ, ਉਹ ਅੱਜ ਅੱਧਾ ਤੰਬੂ ਵੀ ਖਤਮ ਹੋ ਗਿਆ ਸੀ। ਇਹ ਬੀਬੀ ਜੀ ਅਤੇ ਬਾਪੂ ਜੀ ਮੇਰੇ ਇੱਕਲੇ ਦੇ ਨਹੀਂ ਸਨ, ਸਗੋਂ ਸਾਡੇ ਚੌਹਾਂ ਭੈਣ ਭਰਾਵਾਂ ਦੇ ਮਾਤਾ ਪਿਤਾ ਜੀ ਸਨ। ਪਰ ਮੇਰੇ ਵੱਲੋਂ ਇਹ ਮਹਿਸੂਸ ਕਰਨਾ ਕਿ ਹੁਣ ਮੈਂ ਇੱਕਲਾ ਰਹਿ ਗਿਆ ਹਾਂ ਇਸ ਕਰਕੇ ਸੀ, ਕਿਉਂਕਿ 1947 ਵਿੱਚ ਪਾਕਿਸਤਾਨ ਤੋਂ ਭਾਰਤ ਆਉਣ ਕਾਰਨ ਸਾਡੀਆਂ ਘਰੇਲੂ ਆਰਥਿਕ ਮਜਬੂਰੀਆਂ ਕਾਰਨ ਮੇਰੇ ਵੱਡੇ ਭੂਆ ਜੀ ਨੇ ਸਾਨੂੰ ਬਹੁਤ ਵੱਡਾ ਸਾਥ ਦਿੱਤਾ ਦਿੱਤਾ ਸੀ। ਸਭ ਤੋਂ ਪਹਿਲਾਂ ਉਹ ਆਪਣੇ ਭਰਾ ਦੀ ਮਦਦ ਕਰਨ ਲਈ, ਮੇਰੇ ਵੱਡੇ ਭੈਣ ਜੀ ਮਨਜੀਤ ਨੂੰ 1952 ਵਿੱਚ ਆਪਣੇ ਕੋਲ ਕਰਨਾਲ ਲੈ ਗਏ ਸਨ, ਜਦੋਂ ਉਹ ਕੋਈ 13 ਕੁ ਸਾਲ ਦੇ ਸਨ। ਇਸ ਤੋਂ ਬਾਅਦ ਉਹ ਮੇਰੇ ਵੱਡੇ ਭਾਅ ਜੀ ਜਸਵੰਤ ਨੂੰ ਵੀ 1956 ਵਿੱਚ ਆਪਣੇ ਕੋਲ ਕਰਨਾਲ ਲੈ ਗਏ ਸਨ, ਜਦੋਂ ਉਹ ਸਤਵੀਂ ਜਮਾਤ ਪਾਸ ਕਰਕੇ ਅੱਠਵੀਂ ਜਮਾਤ ਵਿੱਚ ਹੋਏ ਸਨ। ਉਸ ਵੇਲੇ ਮੇਰੀ ਉਮਰ ਕ੍ਰਮਵਾਰ 4 ਅਤੇ 8 ਸਾਲ ਸੀ। ਮਈ 1962 ਵਿੱਚ ਉਹਨਾਂ ਦਾ ਪਰਿਵਾਰ ਮੈਨੂੰ ਵੀ ਲੁਧਿਆਣੇ ਲੈ ਗਏ ਸਨ, ਜਦੋਂ ਮੈਂ ਨੌਂਵੀਂ ਜਮਾਤ ਪਾਸ ਕਰਕੇ ਦਸਵੀਂ ਜਮਾਤ ਵਿੱਚ ਪੜ੍ਹਦਾ ਸਾਂ। ਪਰ ਮੇਰਾ ਉੱਥੇ ਦਿਲ ਨਹੀਂ ਸੀ ਲੱਗਾ ਅਤੇ ਦੋ ਸਾਲ ਬਾਅਦ ਅਪ੍ਰੈਲ 1964 ਵਿੱਚ ਆਪਣੇ ਪਿੰਡ ਬਸੰਤ ਕੋਟ ਵਾਪਸ ਆ ਗਿਆ ਸਾਂ। ਬੀਬੀ ਜੀ, ਬਾਪੂ ਜੀ ਕੋਲ ਰਹਿ ਕੇ ਹੀ ਮੈਂ ਬੀ ਯੂ ਸੀ ਕਾਲਜ ਬਟਾਲਾ ਤੋਂ ਬੀ ਏ ਅਤੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ 1970 ਵਿੱਚ ਐਮ ਏ ਪੁਲੀਟੀਕਲ ਸਾਇੰਸ ਪਾਸ ਕੀਤੀ ਸੀ ਅਤੇ 10 ਅਗਸਤ 1970 ਨੂੰ ਮੈਂ ਗੁਰੂ ਨਾਨਕ ਕਾਲਜ ਕਾਲਾ ਅਫਗਾਨਾ ਵਿੱਚ ਲੈਕਚਰਾਰ ਨਿਯੁਕਤ ਹੋ ਗਿਆ ਸਾਂ। ਇਸ ਤੋਂ ਬਾਅਦ 1971 ਵਿੱਚ ਪੜ੍ਹਾਈ ਕਰਨ ਗੁਰਭਜਨ ਵੀ ਵੱਡੇ ਭਾਅ ਜੀ ਕੋਲ ਲੁਧਿਆਣੇ ਚਲਾ ਗਿਆ ਸੀ, ਜਦੋਂ ਉਹ ਜੀ ਜੀ ਐਨ ਖਾਲਸਾ ਕਾਲਜ ਲੁਧਿਆਣਾ ਵਿਖੇ ਲੈਕਚਰਾਰ ਨਿਯੁਕਤ ਸਨ। ਇਸ ਤਰ੍ਹਾਂ ਆਪਣੇ ਚੌਹਾਂ ਭੈਣ ਭਰਾਵਾਂ ਵਿਚੋਂ ਸਭ ਤੋਂ ਵੱਧ ਸਮਾਂ ਮੈਂ ਹੀ ਆਪਣੇ ਘਰ ਬੀਬੀ ਜੀ ਅਤੇ ਬਾਪੂ ਜੀ ਦੀ ਸੰਗਤ ਦਾ ਪਿੰਡ ਬਸੰਤ ਕੋਟ ਵਿੱਚ ਰਹਿ ਕੇ ਜਾਂ ਬੱਚਿਆਂ ਦੀ ਪੜ੍ਹਾਈ ਕਾਰਨ 1984 ਤੋਂ ਬਟਾਲੇ ਵਿੱਚ ਰਹਿੰਦਿਆਂ ਆਨੰਦ ਵੀ ਮਾਣਿਆ ਸੀ ਅਤੇ ਸਾਂਝੀਆਂ ਦੁੱਖ ਤਕਲੀਫਾਂ ਵੀ ਝੱਲੀਆਂ ਸਨ।

ਖੈਰ! ਦਰਬਾਰ ਸਾਹਿਬ ਤੋਂ ਹਸਪਤਾਲ ਵਿੱਚ ਵਾਪਸ ਆ ਕੇ ਬੀਬੀ ਜੀ ਦੇ ਅਸਾਂ ਦਰਸਨ ਕੀਤੇ। ਉਹ ਹੁਣ ਸਾਥੋਂ ਸਦਾ ਲਈ ਦੂਰ ਬਹੁਤ ਦੂਰ ਜਾ ਚੁੱਕੇ ਸਨ। ਹਸਪਤਾਲ ਵਾਲਿਆਂ ਨੇ ਬੀਬੀ ਜੀ ਦੀ ਦੇਹ ਨੂੰ ਫਰੀਜਰ ਵਿੱਚ ਰੱਖ ਦਿੱਤਾ। ਰਾਤ ਬੀਤਣ ਤੇ ਸਵੇਰੇ 13 ਅਪ੍ਰੈਲ 2007 ਨੂੰ ਲੋਕ ਤਾਂ ਵਿਸਾਖੀ ਦਾ ਤਿਉਹਾਰ ਮਨਾਉਣ ਲੱਗੇ ਹੋਏ ਸਨ, ਪਰ ਅਸੀਂ ਦੋਵੇਂ ਭਰਾ ਆਪਣੇ ਬੀਬੀ ਜੀ ਦੀ ਦੇਹ ਨੂੰ ਐਂਬੂਲੈਂਸ ਰਾਹੀਂ ਅੰਤਿਮ ਸੰਸਕਾਰ ਕਰਨ ਲਈ ਬਟਾਲੇ ਲੈ ਆਂਦਾ। ਬਟਾਲੇ ਮਨਜੋਤ ਨੇ ਮੇਰੇ ਦੋਸਤਾਂ ਮਿੱਤਰਾਂ ਦੇ ਸਹਿਯੋਗ ਨਾਲ ਅੰਤਿਮ ਸੰਸਕਾਰ ਦੀਆਂ ਸਾਰੀਆਂ ਤਿਆਰੀਆਂ ਕੀਤੀਆਂ ਹੋਈਆਂ ਸਨ। ਕੁਝ ਦੇਰ ਘਰ ਵਿੱਚ ਲੋੜੀਂਦੀਆਂ ਰਸਮਾਂ ਤੋਂ ਬਾਅਦ ਜਲੰਧਰ ਰੋਡ ਉੱਪਰ ਪੁਰੀਆਂ ਵਾਲੇ ਸਮਸਾਨ ਘਾਟ ਵਿੱਚ ਬੀਬੀ ਜੀ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਅੱਜ ਫਿਰ 12 ਅਪ੍ਰੈਲ ਦਾ ਦਿਨ ਹੈ। ਕੱਲ੍ਹ 13 ਅਪ੍ਰੈਲ 2025 ਨੂੰ ਲੋਕ ਤਾਂ ਵਿਸਾਖੀ ਦਾ ਤਿਉਹਾਰ ਬੜੇ ਚਾਅ ਨਾਲ ਮਨਾਉਣਗੇ, ਅਤੇ ਮੈਂ ਵੀ ਢੀਠਤਾਈ ਮੁਜਬ ਆਪਣੇ ਵਾਕਫਕਾਰਾਂ ਨੂੰ "ਵਿਸਾਖੀ ਮੁਬਾਰਕ" ਸੁਨੇਹੇ ਭੇਜਾਂਗਾ। ਪਰ ਅੱਜ ਮੈਂ ਇੱਕਲਾ ਘਰ ਬੈਠਾ ਕਦੇ ਉਹਨਾਂ ਨੂੰ ਯਾਦ ਕਰਕੇ ਰੋ ਲੈਂਦਾਂ ਹਾਂ ਅਤੇ ਮੁੜ ਇਹ ਸੋਚ ਕੇ ਚੁੱਪ ਕਰ ਜਾਂਦਾ ਹਾਂ ਕਿ ਕਿਧਰੇ ਮੇਰੇ ਨਜਦੀਕੀ ਇਹ ਨਾ ਕਹਿਣ ਕਿ "ਇਸ ਦੀ ਮਾਂ ਅਨੋਖੀ ਮਰੀ ਹੈ, ਸਾਰਿਆਂ ਦੇ ਹੀ ਮਾਂ-ਬਾਪ ਨੇ ਇਕ ਨਾ ਇਕ ਦਿਨ ਮਰਨਾ ਹੀ ਹੁੰਦਾ ਹੈ ।ਸੰਸਾਰ ਵਿੱਚ ਤਾਂ ਮਰਨ ਜੰਮਣ ਬਣਿਆ ਹੋਇਆ ਹੈ।" ਪਰ ਇਸ ਵਕਤ ਮੈਨੂੰ ਪ੍ਰੋ ਮੋਹਨ ਸਿੰਘ ਜੀ ਦੀਆਂ ਲਿਖੀਆਂ ਇਹ ਸਤਰਾਂ ਬਾਰ ਬਾਰ ਯਾਦ ਆ ਰਹੀਆਂ ਹਨ ਕਿ:

"ਮਾਂ ਵਰਗਾ ਘਣ ਛਾਵਾਂ ਬੂਟਾ, ਮੈਨੂੰ ਨਜਰ ਨਾ ਆਏ ।
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ ।
ਬਾਕੀ ਕੁਲ ਦੁਨੀਆਂ ਦੇ ਬੂਟੇ, ਜੜ੍ਹ ਸੁਕਿਆਂ ਮੁਰਝਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁਕ ਜਾਏ ।"



ਪ੍ਰੋ. ਸੁਖਵੰਤ ਸਿੰਘ ਗਿੱਲ

ਦਾ ਪੰਜਾਬ ਹੈਰਲਡ
ਵਿਚ ਕਿਸੇ ਵੀ ਤਰ੍ਹਾਂ ਦੀਆਂ ਖ਼ਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ। ਸੰਪਰਕ 0437641033

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।
If somebody wishes to discontinue the advertisement, then please intimate us by calling 0437641033 before 20th every month.
thepunjabherald1@gmail.com

# ਸੰਪਾਦਕ ਦੀ ਕਲਮ ਤੋਂ

ਅਵਤਾਰ ਐਸ. ਸੰਘਾ

## ਤਿੰਨ ਦੇਸ਼ਾਂ ਦੇ ਅਖਰਾਜਾਤ ਤੇ ਇੱਕ ਪੰਛੀ ਝਾਤ



ਮੈਂ 2024 ਵਿੱਚ ਅਮਰੀਕਾ ਦੇਖਿਆ ਤੇ ਹੁਣ 2026 ਵਿੱਚ ਨਿਊਜ਼ੀਲੈਂਡ ਦੇਖ ਰਿਹਾ ਹਾਂ। ਵੈਸੇ ਮੈਂ ਆਸਟਰੇਲੀਆ ਦਾ ਪਿਛਲੇ 26 ਸਾਲ ਤੋਂ ਪੱਕਾ ਵਸਨੀਕ ਹਾਂ। ਆਸਟਰੇਲੀਆ, ਅਮਰੀਕਾ ਤੇ ਨਿਊਜ਼ੀਲੈਂਡ ਤਿੰਨੇ ਹੀ ਵਿਕਸਤ ਦੇਸ਼ ਹਨ। ਹੈ ਤਾਂ ਕੈਨੇਡਾ ਵੀ ਵਿਕਸਤ ਪਰ ਮੈਂ ਕੈਨੇਡਾ ਨੂੰ ਆਪਣੀ ਅੱਜ ਦੀ ਇਸ ਲਿਖਤ ਦਾ ਹਿੱਸਾ ਇਸ ਕਰਕੇ ਨਹੀਂ ਬਣਾ ਰਿਹਾ ਕਿਉਂਕਿ ਕੈਨੇਡਾ ਤਾਂ ਤਕਰੀਬਨ ਆਸਟਰੇਲੀਆ ਜਿਹਾ ਹੀ ਹੈ। ਜਦ ਅਸੀਂ 2024 ਦੇ ਸਤੰਬਰ ਵਿੱਚ ਸਾਨ ਫਰਾਂਸਿਸਕੋ ਹਵਾਈ ਅੱਡੇ ਤੇ ਉੱਤਰ ਕੇ ਕੈਲੀਫੋਰਨੀਆ ਦੇ ਹੋਰ ਕਈ ਸ਼ਹਿਰਾਂ ਵਿੱਚ ਪਹੁੰਚੇ ਤਾਂ ਮੈਨੂੰ ਅਮਰੀਕਾ ਦਾ ਸਾਰੇ ਦਾ ਸਾਰਾ ਅਖਰਾਜਾਤ ਆਸਟਰੇਲੀਆ ਦੇ ਅਖਰਾਜਾਤ ਤੋਂ ਕੁਝ ਵੱਡਾ ਵੱਡਾ ਮਹਿਸੂਸ ਹੋਇਆ। ਜੇ ਆਸਟਰੇਲੀਆ ਥੋੜਾ ਥੋੜਾ ਸਾਦਾ ਲੱਗੀ ਜਾਵੇ ਤਾਂ ਅਮਰੀਕਾ ਇਹਦੇ ਮੂਹਰੇ ਵੱਧ ਵਿਸ਼ਾਲ ਤੇ ਗੁੰਝਲਦਾਰ ਲੱਗੀ ਜਾਂਦਾ ਸੀ। ਸੜਕਾਂ ਵੱਧ ਵਿਸ਼ਾਲ ਲੱਗੀ ਜਾਣ। ਦੋਹੀਂ ਪਾਸੀਂ 4 ਜਾਂ 5 ਲੇਨਾ, ਸੜਕਾਂ ਦੀ ਡਰਾਇੰਗ ਵੀ ਥੋੜੀ ਵੱਧ ਗੁੰਝਲਦਾਰ, ਸ਼ਾਪਿੰਗ ਸੈਂਟਰ ਵੱਧ ਵਿਸ਼ਾਲ ਲੱਗੀ ਜਾਣ, ਕਈ ਥਾਂ ਛੋਟੇ ਛੋਟੇ ਹਵਾਈ ਜਹਾਜ਼ ਖੜ੍ਹੇ ਦਿਸਣ ਜਿਨ੍ਹਾਂ ਨੂੰ ਸ਼ਾਇਦ ਕੋਈ ਲਾਇਸੰਸ ਹੋਲਡਰ ਇਕੱਲਾ ਹੀ ਕਿਧਰੇ ਉਡਾ ਕੇ ਲੈ ਜਾਂਦਾ ਹੋਊ। ਖੇਤੀ ਦੇ ਫਾਰਮ ਵੀ ਜਿਆਦਾ ਵੱਡੇ ਲੱਗੀ ਜਾਣ। ਆਸਟਰੇਲੀਆ ਮੈਨੂੰ ਅਮਰੀਕਾ ਦੇ ਮੂਹਰੇ ਥੋੜਾ ਪਛੜਿਆ ਮਹਿਸੂਸ ਹੋਵੇ। ਵੈਸੇ ਅਧਖੜ੍ਹ ਉਮਰ ਜਾਂ ਇਸਤੋਂ ਉੱਪਰ ਦੀ ਉਮਰ ਦੇ ਵਿਅਕਤੀਆਂ ਲਈ ਮੈਨੂੰ ਆਸਟਰੇਲੀਆ ਵਧੀਆ ਮਹਿਸੂਸ ਹੋਵੇ ਤੇ ਜੁਆਨਾ ਤੇ ਜੁਆਕਾਂ ਲਈ ਅਮਰੀਕਾ ਚੰਗਾ ਲੱਗੇ। ਹੁਣ ਜਦ ਮੈਂ ਨਿਊਜ਼ੀਲੈਂਡ ਦੇਖਿਆ ਤਾਂ ਇਹ ਆਸਟਰੇਲੀਆ ਮੂਹਰੇ ਇਵੇਂ ਲੱਗਾ ਜਿਵੇਂ ਆਸਟਰੇਲੀਆ ਅਮਰੀਕਾ ਮੂਹਰੇ ਲਗਦਾ ਸੀ। ਇੱਥੇ ਸਭ ਕੁਝ ਆਸਟਰੇਲੀਆ ਤੋਂ ਥੋੜ੍ਹਾ ਛੋਟਾ ਤੇ ਘੱਟ ਗੁੰਝਲਦਾਰ ਮਹਿਸੂਸ ਹੋਈ ਜਾਵੇ। ਹਾਂ, ਆਕਲੈਂਡ ਦਾ ਕੁਝ ਹਿੱਸਾ ਕਾਫੀ ਵਿਕਸਤ ਮਹਿਸੂਸ ਹੋਇਆ।

Queenstown International Airport, New Zealand 1935 ਵਿੱਚ ਸ਼ੁਰੂ ਹੋਈ ਸੀ। ਇਹ 1950 ਵਿੱਚ ਜ਼ਿਆਦਾ ਵਿਆਪਕ ਹੋਈ। 2015 ਵਿੱਚ ਇਹ ਹਵਾਈ ਅੱਡਾ International Jet Booking Service ਦੁਆਰਾ ਦੁਨੀਆਂ ਦਾ Most Scenic Airport Landing ਘੋਸ਼ਿਤ ਕੀਤਾ ਗਿਆ। ਇੰਝ ਕਰਨ ਦਾ ਮੁੱਖ ਕਾਰਨ ਇਸ ਹਵਾਈ ਅੱਡੇ ਦੇ ਦੁਆਲੇ ਹਲਕੀਆਂ ਹਲਕੀਆਂ ਪਹਾੜੀਆਂ ਦਾ ਬਰਫ ਨਾਲ਼ ਢਕਿਆ ਦ੍ਰਿਸ਼ ਵੀ ਹੈ ਤੇ ਆਲ਼ੇ ਦੁਆਲੇ ਦੀ ਹੋਰ ਖੂਬਸੂਰਤੀ ਵੀ ਇਸ ਹਵਾਈ ਅੱਡੇ ਤੇ 2025 ਵਿੱਚ EMAS (engineered materials arrestor system) ਲਗਾਇਆ ਗਿਆ। ਇਹ ਅਖਰਾਜਾਤ ਜਹਾਜ ਨੂੰ ਸਹਿਜ ਨਾਲ ਜ਼ਮੀਨ ਤੇ ਛੂਹਣ ਵਿੱਚ ਮਦਦ ਕਰਦਾ ਹੈ। ਇਸ ਹਵਾਈ ਅੱਡੇ ਦਾ ਇੱਕ ਟਰਮੀਨਲ ਹੈ। ਇਹੀ ਦੋਹਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਉਡਾਨਾ ਨੂੰ ਸੰਭਾਲਦਾ ਹੈ। 2010 ਵਿੱਚ ਇਸ ਹਵਾਈ ਅੱਡੇ ਦੀ Auckland International Airport ਨਾਲ਼ ਉਡਾਨਾ ਦੀ ਸਾਂਝ ਪੈ ਗਈ। ਆਕਲੈਂਡ ਹਵਾਈ ਅੱਡਾ ਨਿਊਜ਼ੀਲੈਂਡ ਦਾ ਸਭ ਤੋਂ ਵੱਧ ਵਿਅਸਤ ਹਵਾਈ ਅੱਡਾ ਹੈ। ਇਹ Mangere ਨੇੜੇ ਸਥਿੱਤ ਹੈ। ਇਹ 1966 ਵਿੱਚ ਸ਼ੁਰੂ ਹੋਇਆ ਸੀ। ਇਹ 1500 ਹੈਕਟੇਅਰ ਜ਼ਮੀਨ ਤੇ ਬਣਿਆ ਹੋਇਆ ਹੈ। ਇਸਦਾ ਰਨਵੇਅ 3835 ਮੀਟਰ ਹੈ। ਹਵਾਈ ਅੱਡੇ ਦੀ ਥਾਂ ਪਹਿਲਾਂ Auckland Aero Club ਦੀ ਹੋਇਆ ਕਰਦੀ ਸੀ। Quantas ਨੇ ਆਪਣੀਆਂ ਪਹਿਲੀਆਂ ਉਡਾਨਾਂ 1972 ਵਿੱਚ ਸ਼ੁਰੂ ਕੀਤੀਆਂ ਸਨ। 27 ਜਨਵਰੀ 2023 ਨੂੰ ਜਿਆਦਾ ਵਰਖਾ ਹੋਣ ਨਾਲ਼ ਹੜ੍ਹ ਆ ਗਏ। ਉਦੋਂ ਇਹ ਹਵਾਈ ਅੱਡਾ 24 ਘੰਟੇ ਬੰਦ ਰਿਹਾ।

ਮੈਂ Gondola Ridws Lake Tahoe California ਦੀਆਂ Heavenly Rides ਵੀ 2024 ਵਿੱਚ ਦੇਖੀਆਂ ਤੇ ਮਾਣੀਆਂ ਸਨ, ਹੁਣ Queenstown, New Zealand ਦੀਆਂ Skyline Rides ਵੀ ਦੇਖੀਆਂ। Tahoe Lake ਦੀਆਂ Rides ਘੱਟ ਆਧੁਨਿਕ ਸਨ ਤੇ Queenstown ਦੀਆਂ ਵੱਧ। Queenstown ਦੀਆਂ Skyline Rides ਦੇ ਸਿਖਰ ਜਾ ਕੇ ਵਧ ਗਹਿਮਾ ਗਹਿਮੀ ਭਰੀਆਂ ਦੁਕਾਨਾਂ ਹਨ ਤੇ ਖਾਣ ਪੀਣ ਲਈ ਬੈਠਣ ਦਾ ਪ੍ਰਬੰਧ ਵੀ ਵਿਆਪਕ ਹੈ। ਸਿਖਰ ਤੋਂ ਹੇਠਾਂ ਸ਼ਹਿਰ ਦਾ ਨਜ਼ਾਰਾ ਸਵੱਛ ਪਹਾੜੀਆਂ ਥੋੜੀਆਂ ਬਰਫੀਲੀਆਂ (ਅਪ੍ਰੈਲ ਦੇ ਅੰਤ ਵਿੱਚ), ਵਿਸ਼ਾਲ ਝੀਲ ਦਾ ਨਜ਼ਾਰਾ ਅਲੌਕਿਕ, ਹਵਾ ਬਰਫੀਲੀ, ਧੁੱਪ ਮੱਠੀ ਮੱਠੀ ਤੇ ਮਿੱਠੀ, ਹਰਿਆਵਲ ਦਿਲਕਸ਼, 70 ਫੀਸਦੀ ਯਾਤਰੂ ਗੋਰੇ ਗੋਰੇ, 20 ਫੀਸਦੀ ਚੀਨੇ, ਬਾਕੀ 10 ਫੀਸਦੀ ਹੋਰ ਫਿਰਕਿਆਂ ਦੇ। Lake Tahoe ਦੇ Gondolas ਵੱਧ ਖੁਸ਼ਕ ਪਹਾੜੀਆਂ ਦੇ ਦਰਸ਼ਨ ਕਰਵਾਉਂਦੇ ਹਨ। ਹਰਿਆਵਲ ਵੀ ਘੱਟ ਦਿਲਕਸ਼ ਹੈ, ਯਾਤਰੀ ਵੱਧ ਸਭਿਆਚਾਰਾਂ ਦੇ ਸਨ ਤੇ ਪਹਾੜੀਆਂ ਦੇ ਪੈਰਾਂ ਵਿੱਚ ਝੀਲ ਕੁਝ ਛੋਟੀ ਹੈ। Queenstown ਦਾ ਇਲਾਕਾ ਅਤਿਅੰਤ ਠੰਢਾ ਸੀ ਪਰੰਤੂ ਆਕਲੈਂਡ ਦਾ ਪੌਣਪਾਣੀ ਸੁਖਾਵਾਂ ਸੀ। ਨਿਊਜ਼ੀਲੈਂਡ ਸਾਰੇ ਦਾ ਸਾਰਾ ਸੁੰਦਰ ਏ। ਆਸਟਰੇਲੀਆ ਬਹੁਤ ਵੱਡਾ ਹੈ ਤੇ ਸੁੰਦਰ ਵੀ ਸਾਰਾ ਨਹੀਂ।

ਪੰਜ ਤਾਰਾ ਹੋਟਲ ਦੀ ਰਹਾਇਸ਼ ਨਾਲੋਂ Air BNB ਵਾਲ਼ੀ ਰਿਹਾਇਸ਼ ਜ਼ਿਆਦਾ ਦਿਲਕਸ਼ ਅਤੇ ਸੁਖਾਵੀਂ ਸੀ। ਪੰਜ ਤਾਰਾ ਹੋਟਲ ਕਮਰਿਆਂ ਵਿੱਚ ਕੁਝ ਨਹੀਂ ਪਕਾਉਣ ਦਿੰਦੇ। ਇਸਦੇ ਉਲਟ Air BNB ਰਿਹਾਇਸ਼ ਵਿੱਚ ਰਸੋਈ ਦੀਆਂ ਸਭ ਸਹੂਲਤਾਂ ਉਪਲੱਬਧ ਹਨ। Quay Street Auckland ਤੇ ਬਣੇ ਇਹ ਅਪਾਰਟਮੈਂਟ ਬਿਨ੍ਹਾਂ ਕਿਸੇ Manpower ਦੇ ਚਲਦੇ ਹਨ। ਛੇ ਮੰਜ਼ਲੇ ਕੰਪਲੈਕਸ ਵਿੱਚ ਤਿੰਨ ਕੁ ਸੌ ਰਿਹਾਇਸ਼ਾਂ ਸਨ। ਇੰਟਰਨੈਟ ਤੇ ਬੁਕਿੰਗ ਹੁੰਦੀ ਏ। ਇਵੇਂ ਹੀ ਕਿਰਾਇਆ ਜਮਾਂ ਹੁੰਦਾ ਏ, ਇਵੇਂ ਹੀ ਹਦਾਇਤਾਂ ਲਿਖ ਕੇ ਆਉਂਦੀਆਂ ਹਨ ਕਿ ਰਿਹਾਇਸ਼ਾਂ ਤੱਕ ਕਿਵੇਂ ਪਹੁੰਚਣਾ ਹੈ। ਇਹ ਸਾਰਾ ਕੁਝ ਬਿਨ੍ਹਾਂ ਕੁਝ ਮਨੁੱਖੀ ਕਾਊਂਟਰ ਦੇ ਆਪਰੇਟ ਹੋ ਰਿਹਾ ਏ। ਹੈਰਾਨੀ ਇਹ ਹੋਈ ਕਿ ਕੁਝ ਰਿਹਾਇਸ਼ਾਂ ਦੇ ਇੱਕ ਸਮੂਹ ਨੂੰ Shed ਦਾ ਨਾਮ ਦਿੱਤਾ ਗਿਆ। ਸ਼ਬਦ 'Shed' ਮੇਰੇ ਵਾਸਤੇ ਇੱਕ ਖਰਵ੍ਹਾ ਜਿਹਾ ਸ਼ਬਦ ਹੈ। ਐਡੀ ਆਧੁਨਿਕ ਰਿਹਾਇਸ਼ਾਂ ਦੇ ਯੂਨਿਟ ਨੂੰ 'Shed' ਕਹਿਣਾ ਅਜੀਬ ਮਹਿਸੂਸ ਹੋਇਆ।

Uber Taxi Service ਕਮਾਲ ਦੀ ਸੀ। ਨਾਲ਼ ਲਗਦਾ ਸਮੁੰਦਰੀ ਹਾਰਬਰ ਤੇ ਇਸ ਵਿੱਚ ਤੁਰੀਆਂ ਫਿਰਦੀਆਂ ਡੁਬਕਣੀਆਂ ਦਿਲਕਸ਼ ਨਜ਼ਾਰਾ ਪੇਸ਼ ਕਰ ਰਹੀਆਂ ਹਨ।

# - ਮਿੱਟੀ ਦੀ ਮਹਿਕ -

## ਸਤਿੰਦਰ ਸਰਤਾਜ



ਸਿਡਨੀ ਵਿੱਚ ਹੁਣ ਫਿਰ ਸਤਿੰਦਰ ਸਰਤਾਜ ਦਾ Heritage Tour ਟੂਰ ਹੈ। ਇਸ ਸੰਬੰਧ ਵਿੱਚ 9 ਮਈ ਨੂੰ Tiktok Entertainment Centre (formerly ICC Sydney Theatre), Darling Harbour, ਵਿਖੇ ਇੱਕ ਸ਼ਾਨਦਾਰ ਕਾਵਿਕ ਤੇ ਸੰਗੀਤਕ ਸ਼ੋਅ ਹੋਣ ਜਾ ਰਿਹਾ ਏ। ਸਤਿੰਦਰ ਸਰਤਾਜ ਦੀ ਖਾਸੀਅਤ ਇਹ ਹੈ ਕਿ ਉਹ ਆਪਣੀਆਂ ਪੇਸ਼ਕਾਰੀਆਂ ਰਾਹੀਂ ਕਲਾਸੀਕਲ ਸੂਫੀ ਫਿਲਾਸਫੀ ਤੇ ਸਮਕਾਲੀ ਪੰਜਾਬੀ ਗੀਤਾਂ ਦਾ ਸੁਮੇਲ ਦਰਸ਼ਕਾਂ ਮੂਹਰੇ ਪਰੋਸਦਾ ਹੈ।

ਸਤਿੰਦਰ ਸਰਤਾਜ ਦਾ ਪੂਰਾ ਨਾਮ ਸਤਿੰਦਰਪਾਲ ਸਿੰਘ ਸੈਣੀ ਹੈ। ਉਸਦਾ ਜਨਮ ਪੰਜਾਬ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬਜਾਵਰਪੁਰ ਵਿਖੇ 31 ਅਗਸਤ 1979 ਨੂੰ ਹੋਇਆ। ਉਸਨੇ ਮੁੱਢਲੀ ਵਿੱਦਿਆ ਆਪਣੇ ਪਿੰਡ ਦੇ ਸਰਕਾਰੀ ਸਕੂਲ ਤੋਂ ਅਤੇ ਨੇੜਲੇ ਪਿੰਡ ਚੱਬੇਵਾਲ ਤੇ ਪੱਟੀ ਦੇ ਸਰਕਾਰੀ ਸਕੂਲਾਂ ਤੋਂ ਪ੍ਰਾਪਤ ਕੀਤੀ। ਤੀਸਰੀ ਜਮਾਤ ਵਿਚ ਪੜ੍ਹਦੇ-ਪੜ੍ਹਦੇ ਹੀ ਉਸਨੇ ਸਕੂਲ ਦੀਆਂ ਸਟੇਜਾਂ ਤੋਂ ਆਪਣਾ ਗਾਇਕੀ ਦਾ ਸਫਰ ਸ਼ੁਰੂ ਕੀਤਾ। ਉਚੇਰੀ ਵਿੱਦਿਆ ਉਸਨੇ ਸਰਕਾਰੀ ਕਾਲਜ, ਹੁਸ਼ਿਆਰਪੁਰ ਅਤੇ ਪੰਜਾਬ ਯੂਨੀਵਰਸਿਟੀ ਕੈਂਪਸ ਚੰਡੀਗੜ੍ਹ ਤੋਂ ਹਾਸਲ ਕੀਤੀ। ਸੂਫੀ ਸੰਗੀਤ ਦੇ ਖੇਤਰ ਵਿਚ ਐਮ. ਫਿੱਲ. ਦੀ ਡਿਗਰੀ ਹਾਸਲ ਕਰਨ ਤੋਂ ਬਾਅਦ ਉਸਨੇ ਇਸੇ ਹੀ ਖੇਤਰ ਵਿਚ ਚੰਡੀਗੜ੍ਹ ਯੂਨੀਵਰਸਿਟੀ ਤੋਂ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਉਸਨੇ ਪੰਜਾਬ ਯੂਨੀਵਰਸਿਟੀ ਵਿਖੇ ਸੰਗੀਤ ਪੜ੍ਹਾਇਆ ਵੀ ਅਤੇ ਫਾਰਸੀ ਵਿਚ ਡਿਪਲੋਮਾ ਵੀ ਕੀਤਾ। ਆਪਣੇ ਕਾਲਜ ਕੈਰੀਅਰ ਦੇ ਸਮੇਂ ਤੋਂ ਹੀ ਉਹ ਕਵਿਤਾ ਵੀ ਲਿਖਦਾ ਆ ਰਿਹਾ ਏ। ਉਹ ਪ੍ਰਸਿੱਧ ਸੰਗੀਤਕਾਰ ਅਨੂ ਕਪੂਰ ਦੇ ਨਿਰਦੇਸ਼ਨ ਹੇਠ ਜੀ ਅਨਤਾਕਸ਼ਰੀ ਸ਼ੋਅ (Zee Antakshari Show) ਵਿਚ ਵੀ ਹਿੱਸਾ ਲੈ ਚੁੱਕਾ ਏ। ਉਹ ਆਪਣੀ ਸ਼ਾਇਰੀ ਅਤੇ ਗੀਤਕਾਰੀ ਦੁਆਰਾ ਕਈ ਉੱਚ ਦਰਜੇ ਦੇ ਇਨਾਮ ਪ੍ਰਾਪਤ ਕਰ ਚੁੱਕਾ ਏ।

ਸਤਿੰਦਰ ਸਰਤਾਜ ਦੀ ਸ਼ਾਇਰੀ ਵਿਚ ਸ਼ਬਦ-ਚਿੱਤਰ ਅਤੇ ਸ਼ਬਦ ਸੁਹੱਪਣ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਉਹ ਇਨ੍ਹਾਂ ਸ਼ਬਦੀ ਰੰਗਾਂ ਦੇ ਸਹਾਰੇ ਦਰਸ਼ਕਾਂ ਨੂੰ ਖਲਕਤ ਦੇ ਅਜਿਹੇ ਖਿੱਤਿਆਂ ਵਿਚ ਲੈ ਜਾਂਦਾ ਏ ਜਿੱਥੇ ਕੋਈ ਤੀਖਣ ਸੋਚ ਅਤੇ ਤੇਜ਼ ਕਲਪਨਾ ਵਾਲਾ ਚਿੰਤਕ ਹੀ ਪਹੁੰਚ ਸਕਦਾ ਏ। ਸਹਿਜਮਈ ਸੰਗੀਤ ਇਸ ਪ੍ਰਕਾਰ ਦੀ ਸ਼ਾਇਰੀ ਨੂੰ ਸੁਹੱਪਣ ਤੇ ਸੁਰ ਪ੍ਰਦਾਨ ਕਰਦੇ ਹਨ। ਉਹ ਗੰਭੀਰ ਸੋਚ ਵਾਲੇ ਦਰਸ਼ਕਾਂ ਅਤੇ ਪਾਠਕਾਂ ਨੂੰ ਵੱਧ ਟੁੰਬਦਾ ਏ, ਟੂੰ-ਟੂੰ ਕਰਨ ਵਾਲਿਆਂ ਨੂੰ ਘੱਟ। ਮਿਸਾਲ ਦੇ ਤੌਰ 'ਤੇ ਉਸਦੀਆਂ ਹੇਠ ਲਿਖੀਆਂ ਸਤਰਾਂ ਦੇਖੋ :-

*(ੳ) ਚਾਨਣੀ ਨੇ ਪੁੰਨਿਆਂ ਤੇ ਜਲਸਾ ਲਗਾਇਆ*
*ਸੱਦਾ ਝੀਲ ਨੂੰ ਵੀ ਆਇਆ*
*ਚੰਦ ਮੁੱਖ ਮਹਿਮਾਨ ਸੀ।*
*ਰਿਸ਼ਮਾਂ ਨੇ ਦੁਧੀਆ ਜਿਹੀ ਪਾਈ ਸੀ ਪੋਸ਼ਾਕ*
*ਮਾਰੀ ਤਾਰਿਆਂ ਨੂੰ ਹਾਕ,*
*ਉਹ ਤਾਂ ਹੋਰ ਈ ਜਹਾਨ ਸੀ।*
*(ਅ) ਪਿਆਰ ਹੁੰਦਾ ਫੁੱਲਾਂ ਤੋਂ ਮਲੂਕ ਸੋਹਣਿਆਂ,*
*ਜਿਵੇਂ ਹੁੰਦੀ ਮੋਰਨੀ ਦੀ ਕੂਕ ਸੋਹਣਿਆ,*
*ਦੂਰ ਕਿਤੇ ਜੰਗਲਾਂ 'ਚ ਨੱਚਦੀ ਫਿਰੇ,*
*ਸ਼ਹਿਰ ਤੱਕ ਸੁਣ ਜਾਂਦੀ ਹੂਕ ਸੋਹਣਿਆਂ।*
*(ੲ) ਜਦ ਜ਼ਿਕਰ ਤੇਰਾ ਹੋਵੇ ਰੁੱਖ ਬੋਲਣ ਲੱਗਦੇ ਨੇ,*
*ਪਤਝੜ ਦਾ ਮੌਸਮ ਵੀ ਰੰਗੀਨ ਜਿਹਾ ਲੱਗਦਾ।*
*(ਸ) ਹਰ ਆਦਮੀ 'ਚ ਹੁੰਦਾ ਇੱਕ ਨੇਕ ਇਨਸਾਨ,*
*ਹਰ ਆਦਮੀ 'ਚ ਇਕ ਬਦਮਾਸ਼ ਹੁੰਦਾ ਏ।*
*(ਹ) ਇਸ਼ਕ ਹੁੰਦਾ ਹੀਰਿਆਂ ਦੇ ਵਰਗਾ ਓ ਜੱਗ*
*ਤੋਂ ਲੁਕਾਈਦਾ ਪਾਗਲਾ,*
*ਸੱਜਣ ਰਾਜ਼ੀ ਹੋ ਜਾਵੇ ਫਿਰ ਵੀ*
*ਰੌਲਾ ਨਹੀਂਓਂ ਪਾਈਦਾ ਪਾਗਲਾ।*
*(ਕ) ਸਾਈਂ ਓ ਸਾਡੀ ਫਰਿਆਦ ਤੇਰੇ ਤਾਈਂ,*
*ਸਾਈਂ ਓ ਦੇਖੀ ਨਾ ਭਰੋਸੇ ਅਜ਼ਮਾਈਂ*

ਅਵਤਾਰ ਐੱਸ. ਸੰਘਾ
Avtar S Sangha
0437641033



ਸਤਿੰਦਰ ਸਰਤਾਜ ਦੇ ਸੰਦਲੀ ਬਹਾਰਾਂ, ਬਿਲੌਰੀ ਦਹਿਲੀਜ਼, ਮਹਿਕਦੀਆਂ ਬਰੂਹਾਂ, ਸ਼ਾਮ ਦੀ ਸੁੰਨ, ਮਹਿਕਦਾ ਇਸ਼ਕ, ਇਸ਼ਕ ਰੌਸ਼ਨੀ ਦੀ ਚੀਜ਼ ਜਿਹੇ ਸ਼ਬਦ ਚਿੱਤਰ ਅਤੇ ਸ਼ਬਦ ਪ੍ਰਗਟਾਵੇ ਸਾਨੂੰ ਹੇਠ ਲਿਖੇ ਕਵੀ ਯਾਦ ਕਰਾ ਦਿੰਦੇ ਹਨ :-

*ਨਿੰਮੀ ਨਿੰਮੀ ਤਾਰਿਆਂ ਦੀ ਲੋਅ*
*ਚੰਨ ਪਵੇ ਨਾ ਜਾਗ ਬੱਦਲੀਏ, ਪੱਲੇ ਜਿਹੇ ਪਲੋਅ।*
(ਅੰਮ੍ਰਿਤਾ ਪ੍ਰੀਤਮ)
*ਪਰਬਤੋਂ ਕੇ ਪੇੜੋਂ ਪੇ ਸ਼ਾਮ ਕਾ ਬਸੇਰਾ ਏ।*
*ਮਖਮਲੀ ਉਜਾਲਾ ਏ,*
*ਸੁਰਮਈ ਅੰਧੇਰਾ ਏ।*
(ਇਕ ਫਿਲਮੀ ਗੀਤ)
*ਨੰਗੇ ਨੰਗੇ ਪੈਰੀਂ ਜਿੱਥੇ ਆਉਣ ਪ੍ਰਭਾਤਾਂ,*
*ਰਿਸ਼ਮਾਂ ਦੀ ਮਹਿੰਦੀ ਪੈਰੀਂ ਲਾਉਣ ਜਿੱਥੇ ਰਾਤਾਂ*
*ਜਿੱਥੇ ਚਾਨਣੀ 'ਚ ਨਾਵੇ ਖੁਸ਼ਬੋ*
*ਨੀ ਉਥੇ ਮੇਰਾ ਯਾਰ ਵੱਸਦਾ।* (ਸ਼ਿਵ ਬਟਾਲਵੀ, 'ਲਾਜਵੰਤੀ')
*ਸੂਹਾ ਰੰਗ ਆਪਣਾ ਲਲਾਰਨਾ ਤੋਂ ਮੰਗ ਕੇ ਵੇ*
*ਦੇਨੀ ਆਂ ਮੈਂ ਚੀਰਾ ਵੀ ਰੰਗਾ*
*ਸ਼ੀਸ਼ਾ ਬਣ ਬਹਿਨੀ ਆਂ ਮੈਂ ਤੇਰੇ ਸਾਹਵੇਂ ਢੋਲਣਾ ਵੇ*
*ਤਿੱਲ ਤੰਦ ਸੁਰਮੇ ਦੀ ਪਾ।* (ਸ਼ਿਵ ਕੁਮਾਰ ਬਟਾਲਵੀ, 'ਲਾਜਵੰਤੀ')

ਸਤਿੰਦਰ ਸਰਤਾਜ ਦੀ ਕਵਿਤਾ ਦੀ ਅਸੀਂ ਕੁਝ ਅੰਗਰੇਜ਼ ਕਵੀਆਂ ਦੀ ਕਵਿਤਾ ਨਾਲ ਤੁਲਨਾ ਵੀ ਕਰ ਸਕਦੇ ਹਾਂ ਅਤੇ ਸਾਹਿਤ ਵਿਚ ਸਪੰਸਰ (Spencer) ਦੀ Fairie Queen ਤੋਂ ਬਾਅਦ 19ਵੀਂ ਸਦੀ ਵਿਚ Wordsworth, Coleridge, Shelley ਤੇ Keatsਵੀ ਇਸ ਪ੍ਰਕਾਰ ਦੇ ਸ਼ਬਦ ਚਿੱਤਰ ਪੇਸ਼ ਕਰਦੇ ਰਹੇ ਹਨ। ਅੰਗਰੇਜ਼ੀ ਕਵੀਆਂ ਦਾ ਇੱਕ ਹੋਰ ਝੁਕਵਾਂ ਗਰੁੱਪ ਵੀ ਹੋਇਆ ਕਿਹਾ ਜਾਂਦਾ ਏ। ਇਸ ਦੀ ਸਥਾਪਨਾ 1848 ਵਿਚ ਵਿਲੀਅਮ ਹੋਲਮੈਨ ਹੰਟ (William Holman Hunt) ਨੇ ਕੀਤੀ ਸੀ। ਬਾਅਦ ਵਿਚ ਇਸ ਗਰੁੱਪ ਵਿਚ ਹੋਰ ਕਈ ਕਵੀ ਰਲਦੇ ਗਏ ਜਿੰਨ੍ਹਾਂ ਵਿਚ ਜੇ. ਈ. ਮਿਲੈਸ (J.E. Millais), ਡੀ. ਜੀ. ਰੋਜ਼ੈਟੀ (D. G. Rossetti), ਜੇਮਜ਼ ਕੋਲਿਨਸਨ (James Collinson) ਐਫ. ਜੀ. ਸਟੀਵਨਜ਼ (F. G. Stephens), ਐਲਜਰਨਨ ਚਾਰਲਸ ਸਵਿਨਵਰਨ (Algernon Charles Swinburne), ਥਾਮਸ ਵੂਲਨਰ (Thomas Woolnwer) ਐਮ.ਪੀ. ਸਟਿੱਲਮੈਨ (M.P Stillman), ਐਫ. ਐਮ. ਬਰਾਊਨ (F. M. Brown) ਅਤੇ ਜੇ. ਡਬਲਿਊ. ਵਾਟਰਹਾਊਸ (J. W. Waterhouse) ਦੇ ਨਾਮ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। ਕਵੀਆਂ ਦੇ ਇਸ ਗਰੁੱਪ ਦੀ ਰਚਨਾ ਬਾਰੇ ਅੰਗਰੇਜ਼ੀ ਵਿਚ ਇਵੇਂ ਵੀ ਕਿਹਾ ਜਾਂਦਾ ਏ :-

"This brotherhood sought to return to the abundant detail and intense colours."

A. Gather me the scent of sweet rain touching the earth in forest deep.
B. Tell me of dreams beyond man's grasp.
Where no trace of sorrow lingers.
C. A half dream serenades the mind.
D. The silver moon is shinning accompanied by shimmering stars.

ਐਲਜਰਨਨ ਚਾਰਲਸ ਸਵਿਨਬਰਨ 'A Ballad of Dreamland' ਵਿਚ ਇਵੇਂ ਲਿਖਦਾ ਏ :-

I hid my heart in a nest of roses out of the sun's way, hidden apart;
In a softer bed than the soft white snow's is.
What made sleep flutter his wings and part?

'Wasted Love' ਕਵਿਤਾ ਵਿਚ ਉਹ ਇਵੇਂ ਲਿਖਦਾ ਏ :-

What Shall be done for sorrow
With Love whose race is run?
Where help is none to borrow,
What shall be done?

ਮੁੱਕਦੀ ਗੱਲ ਇਹ ਕਿ ਸਤਿੰਦਰ ਦੀ ਸ਼ਾਇਰੀ ਮਹਿਸੂਸ ਵੱਧ ਕੀਤੀ ਜਾ ਸਕਦੀ ਏ ਤੇ ਬਿਆਨ ਘੱਟ। ਇਸਨੂੰ ਮਹਿਸੂਸਣ ਲਈ ਤੇਜ਼ ਕਲਪਨਾ ਅਤੇ ਤੀਬਰ ਬੁੱਧੀ ਦੀ ਜ਼ਰੂਰਤ ਏ। ਭਾਵੇਂ ਇਹ ਦੇਖਣ ਨੂੰ ਹਲਕੀ ਫੁਲਕੀ ਹੁੰਦੀ ਏ ਫਿਰ ਵੀ ਇਸਦੇ ਅਰਥ ਬੜੇ ਹੀ ਡੂੰਘੇ ਹੁੰਦੇ ਹਨ। ਕੁਝ ਗੀਤਾਂ ਵਿਚ ਸੂਫੀ ਰੰਗਤ ਵੀ ਹੁੰਦੀ ਏ। ਸ਼ਿਵ ਅਤੇ ਪਾਤਰ ਤੋਂ ਬਾਅਦ ਉਹ ਸਾਡੀ ਬੋਲੀ ਲਈ ਇੱਕ ਹੋਰ ਵਰਦਾਨ ਏ।

# ਸੰਪਾਦਕ ਅਵਤਾਰ ਐਸ. ਸੰਘਾ ਦੀ ਪੁਸਤਕਾਂ ਤੇ ਹੋਰ ਰਚਨਾਵਾਂ ਤੇ ਪ੍ਰਾਪਤੀਆਂ ਦੀ ਸੂਚੀ

1). **ਸਿਡਨੀ ਦੀਆਂ ਰੇਲ ਗੱਡੀਆਂ** (ਕਹਾਣੀ-ਨੁਮਾ ਲੇਖ ਅਤੇ ਲੇਖ-ਨੁਮਾ ਕਹਾਣੀਆਂ) ਸਿੰਘ ਬ੍ਰਦਰਜ਼, ਸਿਟੀ ਸੈਂਟਰ, ਅੰਮ੍ਰਿਤਸਰ
2). **ਦਿਲਹੁ ਮੁਹੱਬਤ ਜਿਨ** (ਨਾਵਲ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2011)
3). **ਖਿਲੌਰੀ ਅੱਖਾਂ** (ਕਹਾਣੀ ਸੰਗ੍ਰਹਿ), ਪੰਜ ਆਬ ਪ੍ਰਕਾਸ਼ਨ, ਜਲੰਧਰ (2013)
4). **ਘੋੜਾ ਡਾਕਟਰ** (ਕਹਾਣੀ ਸੰਗ੍ਰਹਿ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2019)
5). .........**'ਤੇ ਪ੍ਰੀਖਿਆ ਚਲਦੀ ਰਹੀ** (ਨਾਵਲ) (2021) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
6). **5 ਪਰਵਾਸੀ ਕਹਾਣੀਕਾਰ** (ਸੰਪਾਦਿਤ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ(2021)
7). ਸੰਨ 2026 ਦੇ ਅੰਤ ਤੱਕ ਡਾ: ਅਵਤਾਰ ਐਸ. ਸੰਘਾ ਦੀਆਂ ਦੋ ਕਹਾਣੀ ਸੰਗ੍ਰਿਹ ਛਪ ਕੇ ਬਾਜ਼ਾਰ ਵਿੱਚ ਆ ਰਹੇ ਹਨ। (1) **ਮਹਿਲੇ ਮਾਜਰਾ ਤੇ ਹੋਰ ਕਹਾਣੀਆਂ** (2) **Free Train Ride and other stories (English)**
8). **ਮੰਗਵੇਂ ਕੋਟ ਦਾ ਨਿੱਘ** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2023)
9). **ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** (ਵਾਰਤਕ) (2025) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
10). ਲੇਖਕ ਦਾ ਨਵਾਂ ਕਹਾਣੀ ਸੰਗ੍ਰਹਿ **'ਕੁੜੀ ਕਹਾਣੀ ਬਣਦੀ ਗਈ'** ਛਪ ਕੇ ਬਾਜ਼ਾਰ ਵਿੱਚ ਆ ਗਿਆ ਹੈ।
11). **'ਦਾ ਪੰਜਾਬ ਹੈਰਲਡ'** (ਦੋ ਭਾਸ਼ੀ ਮਾਸਿਕ ਪਰਚਾ) 2014 ਸ਼ੁਰੂ ਤੋਂ ਚਲਦਾ ਆ ਰਿਹਾ ਹੈ।
12). **ਵਿਚਾਰਾ ਵਿਲੀਅਮ, ਓਵਰਟਾਈਮ ਤੇ ਮੈਂ ਸਿਡਨੀ ਤੋਂ ਸੂਬੇਦਾਰ ਸਰੈਣ ਸਿੰਘ ਬੋਲਦਾਂ** (ਤਿੰਨ ਲਘੂ ਨਾਟਕ) ਮੀਡੀਆ ਪੰਜਾਬ, ਜਰਮਨੀ ਤੇ ਪੜ੍ਹੋ
13). 5 Essays in English
14). ਲੇਖਕ ਦੀ ਪੁਸਤਕ **'ਮੰਗਵੇਂ ਕੋਟ ਦਾ ਨਿੱਘ'** ਦਾ Suhaviaudiobooks.com ਵਲੋਂ ਆਡੀਓ ਬਣਾਇਆ ਗਿਆ ਹੈ।
15). Keerti, Kalicharan, and Karla--a short story in English fiction book-- 'Tales of Our Times: An Elixir for the Wise'--edited by Dr. Sushminderjeet Kaur, Head, Post-graduate Deptt.of English, GGN Khalsa College, Ludhiana
16). Essay--Ageing Cautiously and Conscientiously--in the book--'Life after 65'--edited by Dr. M. L. Sood, retd. Professor PAU, Ludhiana.
17). ਚੰਦ ਰਿਸਰਚ ਲੇਖ ਅੰਗਰੇਜ਼ੀ ਵਿੱਚ ਜਿਵੇਂ Entropic Vision of Thomas Pynchon ਤੇ Another Contem porary Novelist in hiding.
18). The Tribune, Chandigarh ਨੇ 1983 ਤੋਂ 1986 ਤੱਕ ਲੇਖਕ ਦੀਆਂ 6 ਕਹਾਣੀਆਂ ਅੰਗਰੇਜ਼ੀ ਵਿੱਚ ਛਾਪੀਆਂ। ਬਾਅਦ ਵਿੱਚ ਇਹ 6 ਤੇ 5 ਹੋਰ ਹੈਦਰਾਬਾਦ ਦੇ Vipula ਰਸਾਲੇ ਨੇ ਤੇਲਗੂ ਵਿੱਚ ਅਨੁਵਾਦ ਕਰਕੇ ਛਾਪੀਆਂ।
19). ਲੇਖਕ ਦੀਆਂ 22 ਕਹਾਣੀਆਂ ਪੰਜਾਬੀ ਟ੍ਰਿਬਿਊਨ, 6 ਪ੍ਰੀਤ ਲੜੀ, 4 ਪੰਜ ਦਰਿਆ (UK), 13 Likhari.net, 3 ਡੇਲੀ ਆਸ਼ਿਆਨਾ (ਪਟਿਆਲਾ), 2 ਪੰਜਾਬ ਟਾਈਮਜ਼ (USA), 4 ਟ੍ਰਿਬਿਊਨ, 4 'ਸਰੋਕਾਰ' ਯੂ. ਐਸ. ਵਿੱਚ, 2 'ਪਰਵਾਸ' ਲੁਧਿਆਣਾ ਵਿੱਚ, 1 ਲੇਖ 'ਅਜੀਤ' ਜਲੰਧਰ ਵਿੱਚ, 3 ਰੋਜ਼ਾਨਾ ਸਪੋਕਸਮੈਨ ਮੋਹਾਲੀ ਵਿੱਚ ਅਤੇ 15 ਕੁ ਕਹਾਣੀਆਂ ਕੈਨੇਡਾ ਤੇ ਅਮਰੀਕਾ ਦੇ ਹੋਰ ਅਖ਼ਬਾਰਾਂ ਵਿੱਚ ਛਪ ਚੁੱਕੀਆਂ ਹਨ।
20). ਲੇਖਕ ਦੀ ਅੰਗਰੇਜੀ ਦੀਆਂ ਕਹਾਣੀਆਂ ਦੀ ਪੁਸਤਕ **'Storm in a Teacup and other stories'** ਉੱਪਰ ਜੀ. ਜੀ. ਐਨ. ਖਾਲਸਾ ਕਾਲਜ ਲੁਧਿਆਣਾ ਦੀ ਅੰਗਰੇਜ਼ੀ ਦੀ ਪੋਸਟ ਗ੍ਰੈਜੂਏਟ ਜਮਾਤਾਂ ਦੀ ਹੈਡ ਡਾ: ਸੁਸ਼ਮਿੰਦਰਜੀਤ ਕੌਰ ਵਲੋਂ 1 ਮਈ 2025 ਨੂੰ ਬਰਧਮਾਨ ਯੂਨੀਵਰਸਿਟੀ ਪੱਛਮੀ ਬੰਗਾਲ ਵਿਖੇ ਪਰਚਾ ਪੜ੍ਹਿਆ ਗਿਆ।
21). ਲੇਖਕ ਦੀਆਂ ਰਚਨਾਵਾਂ ਤੇ ਉੱਤਰੀ ਭਾਰਤ ਦੀ ਇੱਕ ਯੂਨੀਵਰਸਿਟੀ ਵਿੱਚ ਇੱਕ ਖੋਜਾਰਥੀ ਲੜਕੀ ਵਲੋਂ ਪੀ. ਐਚ. ਡੀ. ਕੀਤੀ ਜਾ ਰਹੀ ਏ।
22). ਲੇਖਕ ਦੀ ਕਹਾਣੀ 'ਚੋਰ ਅੱਖ' ਐਸ.ਡੀ ਕਾਲਜ ਪਠਾਨਕੋਟ ਦੀ ਪ੍ਰੋ: (ਅੰਗਰੇਜ਼ੀ) ਛਾਇਆ ਸ਼ਰਮਾ ਨੇ ਅੰਗਰੇਜ਼ੀ ਵਿੱਚ ਅਨੁਵਾਦ ਕੀਤੀ ਤੇ ਛਪਵਾਈ।
23). ਲੇਖਕ ਦੀਆਂ ਤਿੰਨ ਪੁਸਤਕਾਂ **ਮੰਗਵੇਂ ਕੋਟ ਦਾ ਨਿੱਘ, ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** ਅਤੇ **Storm in a Tea Cup & Other Stories** ਪੰਜਾਬ ਭਵਨ ਸਰੀ (ਕੈਨੇਡਾ) ਵਿਖੇ 8 ਸਤੰਬਰ 2024 ਨੂੰ ਲੋਕ ਅਰਪਣ ਕੀਤੀਆਂ ਗਈਆਂ। ਇਸ ਸਮੇਂ ਲੇਖਕ ਨੂੰ ਸਨਮਾਨਿਤ ਵੀ ਕੀਤਾ ਗਿਆ।
24). ਲੇਖਕ ਨੂੰ 15 ਸਤੰਬਰ 2024 ਨੂੰ ਸੈਕਰਾਮੈਂਟੋ (ਯੂ. ਐਸ.) ਗਦਰੀ ਬਾਬਿਆਂ ਦੇ ਮੇਲੇ ਸਮੇਂ ਵੀ ਮੇਲਾ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ।
25). ਅਵਤਾਰ ਸੰਘਾ ਯੂ-ਟਿਊਬ ਚੈਨਲ ਵੀ ਸ਼ੁਰੂ ਹੋ ਚੁੱਕਾ ਹੈ।
26). ਲੇਖਕ ਦੀਆਂ ਪੁਸਤਕਾਂ '**ਸਿਡਨੀ ਦੀਆਂ ਰੇਲ ਗੱਡੀਆਂ**' ਅਤੇ '**ਸੇਵਾਮੁਕਤ ਸੈਲਾਨੀ ਤੇ ਹੋਰ ਲੇਖ**' ਦੀਆਂ ਆਡੀਓ ਵੀ ਸੁਹਾਵੀ ਡਾਟ ਕਾਮ ਤੇ ਉਪਲੱਬਧ ਹੋ ਗਈਆਂ ਹਨ।
27). ਲੇਖਕ ਦੀਆਂ 3 ਪੁਸਤਕਾਂ '**ਮੰਗਵੇਂ ਕੋਟ ਦਾ ਨਿੱਘ**', '.....**'ਤੇ ਪ੍ਰੀਖਿਆ ਚਲਦੀ ਰਹੀ**' ਅਤੇ '**ਸੇਵਾਮੁਕਤ ਸੈਲਾਨੀ ਤੇ ਹੋਰ ਲੇਖ**' ਪ੍ਰੋ: ਸੁਖਵੰਤ ਸਿੰਘ ਗਿੱਲ ਨੇ ਆਪਣੀ ਸੰਪਾਦਿਤ ਪੁਸਤਕ 'ਕਿਤਾਬਾਂ ਬੋਲਦੀਆਂ' ਵਿੱਚ ਦਰਜ ਕੀਤੀਆਂ ਹਨ।
28). 15 ਨਵੰਬਰ 2025 ਨੂੰ ਅਕਾਲ ਚੈਨਲ ਟੀ. ਵੀ. ਚੈਨਲ ਤੇ ਡਾ: ਸੰਘਾ ਦੇ ਗਲਪ ਨਿੱਕੀ ਹੁਨਰੀ ਕਹਾਣੀ ਬਾਰੇ ਵਿਚਾਰ ਪੇਸ਼ ਕੀਤੇ।

ਆਜ਼ਾਦ ਬੁੱਕ ਡੀਪੋ, ਹਾਲ ਬਜ਼ਾਰ, ਅੰਮ੍ਰਿਤਸਰ (ਪੰਜਾਬ) ਸੰਪਰਕ 0183-2292513, ਮੋਬਾ: 94631-70369

# ਕੌਣ ਹੈ ਭਗੌੜਾ ਸੁਰਿੰਦਰ ਸਿੰਘ ਠੀਕਰੀਵਾਲਾ ? ਪੰਜਾਬ 'ਚ ਰੇਲਵੇ ਲਾਈਨ ਧਮਾਕਿਆਂ ਪਿੱਛੇ ਉੱਭਰਿਆ ਨਾਂ

ਪਟਿਆਲਾ ਦੇ ਸ਼ੰਭੂ ਵਿਖੇ ਰੇਲਵੇ ਟਰੈਕ 'ਤੇ ਹੋਏ ਹਾਲੀਆ ਆਈ ਈ ਡੀ ਧਮਾਕੇ ਦੀ ਜਾਂਚ ਪੰਜਾਬ ਪੁਲੀਸ ਨੂੰ ਇੱਕ ਜਾਣੇ-ਪਛਾਣੇ ਨਾਮ, ਅਮਰੀਕਾ ਸਥਿਤ ਭਗੌੜੇ ਸੁਰਿੰਦਰ ਸਿੰਘ ਠੀਕਰੀਵਾਲਾ ਉਰਫ ਬਾਬਾ ਤੱਕ ਲੈ ਗਈ ਹੈ।

ਅਧਿਕਾਰੀਆਂ ਵੱਲੋਂ ਹੁਣ ਉਸ ਦੀ ਸਮੂਲੀਅਤ ਮਲੇਸੀਆ ਸਥਿਤ ਹੈਂਡਲਰਾਂ ਅਤੇ ਪਾਕਿਸਤਾਨੀ ਸਰਪ੍ਰਸਤੀ ਵਾਲੇ ਕਾਰਕੁਨਾਂ ਦੇ ਇੱਕ ਅੰਤਰਰਾਸ਼ਟਰੀ ਅਤਿਵਾਦੀ ਨੈੱਟਵਰਕ ਵਿੱਚ ਇੱਕ ਅਹਿਮ ਕੜੀ ਵਜੋਂ ਕੀਤੀ ਗਈ ਹੈ। ਪੰਜਾਬ ਪੁਲੀਸ ਨੇ ਉਸ ਨੂੰ "ਕੈਟਾਗਰੀ-ਏ" ਅਪਰਾਧੀ ਵਜੋਂ ਸੂਚੀਬੱਧ ਕੀਤਾ ਹੈ ਅਤੇ ਉਸ ਦੀ ਹਵਾਲਗੀ ਦੀ ਸਹੂਲਤ ਲਈ ਰੈੱਡ ਕਾਰਨਰ ਨੋਟਿਸ ਹਾਸਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। 27 ਅਪਰੈਲ ਦੇ ਧਮਾਕੇ ਤੋਂ ਬਾਅਦ ਸਟੇਟ ਸਪੈਸ਼ਲ ਆਪਰੇਸ਼ਨ ਸੈੱਲ () ਅਤੇ ਪਟਿਆਲਾ ਪੁਲੀਸ ਨੇ ਇੱਕ ਖ਼ਾਲਿਸਤਾਨ ਪੱਖੀ ਮਾਡਿਊਲ ਦਾ ਪਰਦਾਫਾਸ਼ ਕੀਤਾ। ਡਾਇਰੈਕਟਰ ਜਨਰਲ ਆਫ ਪੁਲੀਸ ਗੌਰਵ ਯਾਦਵ ਨੇ ਪੁਸ਼ਟੀ ਕੀਤੀ ਕਿ ਮਾਡਿਊਲ ਦਾ ਮੁੱਖ ਹੈਂਡਲਰ, ਮਲੇਸੀਆ ਸਥਿਤ ਇੱਕ ਕਾਰਕੁਨ ਜਿਸਦੀ ਪਛਾਣ ਜੁਝਾਰ ਸਿੰਘ ਵਜੋਂ ਹੋਈ ਹੈ, ਸੰਯੁਕਤ ਰਾਜ ਅਮਰੀਕਾ ਵਿੱਚ ਸੁਰਿੰਦਰ ਸਿੰਘ ਠੀਕਰੀਵਾਲਾ ਦੇ ਸਿੱਧੇ ਸੰਪਰਕ ਵਿੱਚ ਸੀ। ਪੁਲੀਸ ਦਾ ਮੰਨਣਾ ਹੈ ਕਿ ਠੀਕਰੀਵਾਲਾ ਨੇ ਸ਼ੰਭੂ ਰੇਲਵੇ ਧਮਾਕੇ ਸਮੇਤ ਹਾਲੀਆ ਘਟਨਾਵਾਂ ਦੀ ਲੜੀ ਲਈ ਰਣਨੀਤਕ ਸੇਧ




ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ ਹੈ, ਜਿਸ ਵਿੱਚ ਮੁੱਖ ਮੁਲਜ਼ਮ ਜਗਰੂਪ ਸਿੰਘ ਕਥਿਤ ਤੌਰ 'ਤੇ ਆਈ.ਈ.ਡੀ. ਲਗਾਉਂਦੇ ਸਮੇਂ ਮਾਰਿਆ ਗਿਆ ਸੀ।

ਜਨਵਰੀ 2026 ਵਿੱਚ ਸਰਹਿੰਦ ਰੇਲਵੇ ਧਮਾਕੇ ਅਤੇ ਨਵੰਬਰ 2025 ਵਿੱਚ ਮੋਗਾ ਵਿਖੇ ਸੀ.ਆਈ.ਏ. ਸਟਾਫ ਦੀ ਇਮਾਰਤ 'ਤੇ ਹੋਏ ਗ੍ਰਨੇਡ ਹਮਲੇ ਦੇ ਪਿੱਛੇ ਸੁਰਿੰਦਰ ਠੀਕਰੀਵਾਲਾ ਦੇ ਸਾਮਲ ਹੋਣ ਦਾ ਸ਼ੱਕ ਹੈ।

ਪੁਲੀਸ ਵੱਲੋਂ ਤਰਨਤਾਰਨ ਵਿੱਚ ਛਾਪੇਮਾਰੀ ਕਰਕੇ ਆਰ.ਪੀ.ਜੀ. (ਰੌਕਟ ਪ੍ਰੋਪੇਲਡ ਗ੍ਰਨੇਡ), ਆਰ.ਡੀ.ਐਕਸ., ਸਟਿੱਕੀ ਬੰਬ ਅਤੇ ਗਲੌਕ ਪਿਸਤੌਲਾਂ ਸਮੇਤ ਹਥਿਆਰਾਂ ਅਤੇ ਵਿਸਫੋਟਕਾਂ ਦਾ ਵੱਡਾ ਜ਼ਖੀਰਾ ਬਰਾਮਦ ਕੀਤੇ ਜਾਣ ਤੋਂ ਬਾਅਦ, ਇਹ ਸ਼ੱਕ ਹੈ ਕਿ ਠੀਕਰੀਵਾਲਾ ਲੌਜਿਸਟਿਕ ਸਹਾਇਤਾ ਪ੍ਰਦਾਨ ਕਰਨ ਦੇ ਪਿੱਛੇ ਵੀ ਸੀ। ਕਾਨੂੰਨ ਲਾਗੂ ਕਰਨ ਵਾਲੇ ਅਦਾਰਿਆਂ ਨਾਲ ਟਕਰਾਅ ਇੱਕ ਦਹਾਕੇ ਤੋਂ ਵੀ ਪੁਰਾਣਾ

ਠੀਕਰੀਵਾਲਾ ਦਾ ਪੰਜਾਬ ਦੇ ਕਾਨੂੰਨ ਲਾਗੂ ਕਰਨ ਵਾਲੇ ਅਦਾਰਿਆਂ ਨਾਲ ਟਕਰਾਅ ਇੱਕ ਦਹਾਕੇ ਤੋਂ ਵੀ ਪੁਰਾਣਾ ਹੈ। 2013 ਵਿੱਚ, ਉਸ ਨੂੰ ਬਰਨਾਲਾ ਦੇ ਨੇੜੇ ਖਾੜਕੂਵਾਦ ਨੂੰ ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਇੱਕ ਮਾਸਟਰਮਾਈਂਡ ਵਜੋਂ ਪਛਾਣਿਆ ਗਿਆ ਸੀ। 2015 ਵਿੱਚ ਉਸ ਨੂੰ ਸੋਸ਼ਲ ਮੀਡੀਆ ਰਾਹੀਂ ਟਾਰਗੇਟ ਕਿਲਿੰਗ ਲਈ ਉਕਸਾਉਣ ਦੇ ਦੋਸ਼ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੇ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ, ਹਾਲਾਂਕਿ ਬਾਅਦ ਵਿੱਚ ਉਸਨੂੰ ਜ਼ਮਾਨਤ ਮਿਲ ਗਈ ਸੀ। 2022 ਤੱਕ ਸੁਰਜੀਤ ਵਿਰੁੱਧ 15 ਤੋਂ ਵੱਧ ਅਪਰਾਧਿਕ ਮਾਮਲੇ ਦਰਜ ਹੋਣ ਕਾਰਨ, ਉਹ ਕਥਿਤ ਤੌਰ 'ਤੇ ਦੇਸ਼ ਛੱਡ ਕੇ ਭੱਜ ਗਿਆ ਸੀ।

# ਸੁੱਖਾ ਕਾਹਲਵਾਂ ਦੇ ਕਰੀਬੀ ਗੁਰਪ੍ਰੀਤ ਗੋਪੀ ਦਾ ਗੋਲੀਆਂ ਮਾਰ ਕੇ ਕਤਲ

ਪੰਜਾਬ ਵਿੱਚ ਗੈਂਗਵਾਰ ਦੇ ਚੱਲ ਰਹੇ ਸਿਲਸਿਲੇ ਸਬੰਧੀ ਵਾਪਰੀ ਇੱਕ ਤਾਜ਼ਾ ਘਟਨਾ ਵਿੱਚ ਅੱਜ(ਸ਼ੁੱਕਰਵਾਰ) ਤੜਕਸਾਰ ਕਪੂਰਥਲਾ ਦੇ ਢਿੱਲਵਾਂ ਵਿੱਚ ਇੱਕ ਨੌਜਵਾਨ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਜੈਰਾਮਪੁਰ ਪਿੰਡ ਦੇ ਰਹਿਣ ਵਾਲੇ ਗੁਰਪ੍ਰੀਤ ਸਿੰਘ ਉਰਫ ਗੋਪੀ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਜਦੋਂ ਅਣਪਛਾਤੇ ਹਮਲਾਵਰਾਂ ਨੇ ਨਜ਼ਦੀਕ ਤੋਂ ਅੰਨ੍ਹੇਵਾਹ ਗੋਲੀਆਂ ਚਲਾਈਆਂ, ਉਸ ਸਮੇਂ ਉਹ ਆਪਣੀ ਕਾਰ ਦੀ ਡਰਾਈਵਰ ਸੀਟ 'ਤੇ ਬੈਠਾ ਸੀ। ਪੁਲੀਸ ਦੀਆਂ ਮੁੱਢਲੀਆਂ ਰਿਪੋਰਟਾਂ ਅਨੁਸਾਰ ਇਹ ਹਮਲਾ ਢਿੱਲਵਾਂ ਇਲਾਕੇ ਵਿੱਚ ਜੀਟੀ ਰੋਡ 'ਤੇ ਸਥਿਤ ਏਵਨ ਪੈਲੇਸ ਦੇ ਨੇੜੇ ਹੋਇਆ। ਚਸ਼ਮਦੀਦਾਂ ਅਨੁਸਾਰ ਹਮਲਾਵਰਾਂ ਨੇ ਗੱਡੀ ਦੇ ਸਾਹਮਣੇ ਤੋਂ ਆ ਕੇ ਵਿੰਡਸ਼ੀਲਡ ਰਾਹੀਂ ਕਈ ਰਾਊਂਡ ਫਾਇਰ ਕੀਤੇ, ਜਿਸ ਨਾਲ ਗੁਰਪ੍ਰੀਤ ਨੂੰ ਬਚਣ ਦਾ ਕੋਈ ਮੌਕਾ ਨਹੀਂ ਮਿਲਿਆ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।



ਘਟਨਾ ਦੀ ਸੂਚਨਾ ਮਿਲਦੇ ਹੀ ਢਿੱਲਵਾਂ ਥਾਣੇ ਦੀ ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਲਿਆ ਗਿਆ ਅਤੇ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਭੇਜ ਦਿੱਤਾ ਗਿਆ। ਫੋਰੈਂਸਿਕ ਜਾਂਚ ਅਤੇ ਅਗਲੇਰੀ ਤਫਤੀਸ਼ ਜਾਰੀ ਹੈ। ਗੁਰਪ੍ਰੀਤ ਸਿੰਘ ਗੈਂਗਸਟਰ ਸੁੱਖਾ ਕਾਹਲਵਾਂ ਦੇ ਕਰੀਬੀ ਸਾਥੀ ਵਜੋਂ ਜਾਣਿਆ ਜਾਂਦਾ ਸੀ ਅਤੇ ਕਥਿਤ ਤੌਰ 'ਤੇ ਉਸ ਦੇ ਕਤਲ ਕੇਸ ਵਿੱਚ ਆਖਰੀ ਬਚਿਆ ਹੋਇਆ ਗਵਾਹ ਸੀ। ਜਦੋਂ ਕਿ ਕਈ ਹੋਰ ਗਵਾਹ ਪਹਿਲਾਂ ਹੀ ਮੁਕਰ () ਚੁੱਕੇ ਸਨ ਪਰ ਗੁਰਪ੍ਰੀਤ ਆਪਣੀ ਗਵਾਹੀ 'ਤੇ ਕਾਇਮ ਸੀ, ਜਿਸ ਕਾਰਨ ਉਹ ਚੱਲ ਰਹੀ ਕਾਨੂੰਨੀ ਕਾਰਵਾਈ ਵਿੱਚ ਇੱਕ ਮਹੱਤਵਪੂਰਨ ਕੜੀ ਸੀ। ਇਸ ਮਾਮਲੇ ਵਿੱਚ ਇੱਕ ਨਵਾਂ ਮੋੜ ਉਦੋਂ ਆਇਆ ਜਦੋਂ ਸੋਸ਼ਲ ਮੀਡੀਆ 'ਤੇ ਵਿਰੋਧੀ ਗੈਂਗ ਦੇ ਮੈਂਬਰਾਂ ਵਜੋਂ ਆਪਣੀ ਪਛਾਣ ਦੱਸਣ ਵਾਲੇ ਵਿਅਕਤੀਆਂ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ। ਡੋਨੀ ਬੱਲ ਅਤੇ ਉਸ ਦੇ ਸਾਥੀਆਂ ਵੱਲੋਂ ਕਥਿਤ ਤੌਰ 'ਤੇ ਪਾਈ ਗਈ ਪੋਸਟ ਵਿੱਚ ਇਸ ਹੱਤਿਆ ਨੂੰ ਪੁਰਾਣੀ ਦੁਸ਼ਮਣੀ ਦਾ ਬਦਲਾ ਦੱਸਿਆ ਗਿਆ ਹੈ। ਸੰਦੇਸ਼ ਵਿੱਚ ਵਿਰੋਧੀ ਧੜਿਆਂ ਨਾਲ ਸਬੰਧਾਂ ਅਤੇ ਗੈਂਗਸਟਰ ਵਿੱਕੀ ਗੌਂਡਰ ਸਮੇਤ ਪਿਛਲੇ ਕਤਲਾਂ ਦਾ ਹਵਾਲਾ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ 2015 ਵਿੱਚ ਸੁੱਖਾ ਕਾਹਲਵਾਂ ਨੂੰ ਅਦਾਲਤੀ ਸੁਣਵਾਈ ਤੋਂ ਨਾਭਾ ਜੇਲ੍ਹ ਲਿਜਾਂਦੇ ਸਮੇਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਹੁਣ ਸੋਸ਼ਲ ਮੀਡੀਆ ਦਾਅਵੇ ਦੀ ਸੱਚਾਈ ਦੀ ਜਾਂਚ ਕਰ ਰਹੀਆਂ ਹਨ ਅਤੇ ਗੈਂਗਵਾਰ ਤੇ ਗਵਾਹ ਨੂੰ ਨਿਸ਼ਾਨਾ ਬਣਾਉਣ ਸਮੇਤ ਸਾਰੇ ਸੰਭਵ ਪਹਿਲੂਆਂ ਦੀ ਪੜਤਾਲ ਕਰ ਰਹੀਆਂ ਹਨ। ਇਸ ਘਟਨਾ ਨੇ ਸੰਗਠਿਤ ਅਪਰਾਧ ਦੇ ਮਾਮਲਿਆਂ ਵਿੱਚ ਮੁੱਖ ਗਵਾਹਾਂ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਚਿੰਤਾਵਾਂ ਵਧਾ ਦਿੱਤੀਆਂ ਹਨ ਅਤੇ ਸੁਰੱਖਿਆ ਉਪਾਵਾਂ 'ਤੇ ਸਵਾਲ ਖੜ੍ਹੇ ਹੋ ਗਏ ਹਨ।

# ਮਜਦੂਰ ਦਿਵਸ 'ਤੇ ਮਜ਼ਦੂਰਾਂ ਨੇ 6 ਮਈ ਨੂੰ ਅਣਮਿੱਥੇ ਸਮੇਂ ਦੀ ਕੰਮ ਛੋੜ ਹੜਤਾਲ ਦਾ ਦਿੱਤਾ ਸੱਦਾ



ਸਫਾਈ ਕਰਮਚਾਰੀ ਯੂਨੀਅਨ ਪੰਜਾਬ ਦੀ ਇਕਾਈ ਗੁਰਦਾਸਪੁਰ ਵੱਲੋਂ ਮਈ ਦਿਵਸ ਮੌਕੇ ਜ਼ਿਲਾ ਪ੍ਰਧਾਨ ਮਨੀਸ਼ ਗਿੱਲ ਦੀ ਅਗਵਾਈ ਵਿੱਚ ਝੰਡਾ ਚੜ੍ਹਾਇਆ ਗਿਆ ਅਤੇ ਮਈ ਦਿਵਸ ਸਮੇਤ ਮਜਦੂਰਾਂ ਦੀ ਮੁਕਤੀ ਲਈ ਸ਼ਹੀਦ ਹੋਏ ਆਗੂਆਂ ਨੂੰ ਸਰਧਾਂਜਲੀ ਭੇਂਟ ਕੀਤੀ ਗਈ। ਇਸ ਦੇ ਨਾਲ ਹੀ 6 ਮਈ ਨੂੰ ਅਣਮਿੱਥੇ ਸਮੇਂ ਦੀ ਹੜਤਾਲ ਲਈ ਹਾਜ਼ਰ ਕਰਮਚਾਰੀਆਂ ਨੂੰ ਹੜਤਾਲ ਵਿੱਚ ਸ਼ਾਮਿਲ ਹੋਣ ਦਾ ਸੁਨੇਹਾ ਦਿੱਤਾ ਗਿਆ।

ਮਈ ਦਿਵਸ ਜੀ ਮਹੱਤਤਾ ਉੱਪਰ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਵਿੱਤ ਸਕੱਤਰ ਜੋਗਿੰਦਰਪਾਲ ਪਨਿਆੜ, ਸਾਬਕਾ ਮੁਲਾਜਮ ਆਗੂ ਅਮਰਜੀਤ ਸ਼ਾਸਤਰੀ ਅਤੇ ਵਿਦਿਆਰਥੀ ਆਗੂ ਅਮਰ ਕ੍ਰਾਂਤੀ ਨੇ ਕਿਹਾ ਕਿ 1886 ਵਿੱਚ ਅਮਰੀਕਾ ਦੇਸ ਸਿਕਾਗੋ ਸਹਿਰ ਵਿੱਚ ਅੱਠ ਘੰਟੇ ਦੀ ਦਿਹਾੜੀ ਦੇ ਕੰਮ ਦੀ ਮੰਗ ਕਰਨ ਵਾਲੇ ਮਜਦੂਰਾਂ ਉੱਪਰ ਸਰਮਾਏਦਾਰਾਂ ਦੇ ਇਸ਼ਾਰੇ ਉੱਪਰ ਤਸੱਦਦ ਕੀਤਾ ਗਿਆ ਅਤੇ ਮਜਦੂਰ ਸਹੀਦ ਕੀਤੇ ਗਏ ਸਨ। ਜਿਸ ਤੋਂ ਬਾਅਦ ਮਜਦੂਰਾਂ ਨੇ ਭਾਜੀ ਲਾ ਬੜਾ ਖੂਨ ਡੋਲ ਕੇ ਦੁਨੀਆਂ ਭਰ ਵਿੱਚ ਅੱਠ ਘੰਟੇ ਦੀ ਦਿਹਾੜੀ ਦਾ ਕੰਮ ਦਾ ਕਾਨੂੰਨ ਲਾਗੂ ਕਰਵਾਇਆ ਸੀ। ਪਰੰਤੂ ਅਜੋਕੀਆਂ ਸਰਕਾਰਾਂ ਮੁੜ ਸਰਮਾਏਦਾਰਾਂ ਦੇ ਹੱਕ ਵਿੱਚ ਅੱਠ ਘੰਟੇ ਦੀ ਦਿਹਾੜੀ ਦਾ ਕਾਨੂੰਨ ਤੋੜ ਕੇ 12 ਘੰਟੇ ਦਾ ਕਾਨੂੰਨ ਲੈ ਕੇ ਆਈਆਂ ਹਨ। ਭਾਰਤ ਸਰਕਾਰ ਵੱਲੋਂ ਬੀਤੇ ਦਿਨੀ ਅਪ੍ਰੈਲ ਤੋਂ ਇਸ ਕਾਨੂੰਨ ਨੂੰ ਦੁਬਾਰਾ ਲਾਗੂ ਕੀਤਾ ਗਿਆ ਹੈ ਅਤੇ ਭਾਰਤ ਵਿੱਚ ਦਿਹਾੜੀ 12 ਘੰਟਿਆਂ ਦੀ ਕਰ ਦਿੱਤੀ ਹੈ।

ਇਸਦੇ ਵਿਰੋਧ ਵਿਚ 6 ਮਈ ਨੂੰ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸਫਾਈ ਸੇਵਕ ਯੂਨੀਅਨ ਪੰਜਾਬ ਦੇ ਆਗੂਆਂ ਵੱਲੋਂ 6 ਮਈ ਕੰਮ ਛੋੜ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ।

# ਭਾਜਪਾ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ

ਪੰਜਾਬ ਭਾਜਪਾ ਦੇ ਇੱਕ ਉੱਚ ਪੱਧਰੀ ਵਫਦ ਨੇ ਅੱਜ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕਰਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਤੇ ਸੰਵਿਧਾਨਕ ਮਰਿਆਦਾਵਾਂ ਦੀ ਉਲੰਘਣਾ ਦੇ ਗੰਭੀਰ ਦੋਸ਼ ਲਾਏ ਹਨ।



ਭਾਜਪਾ ਨੇ ਰਾਜਪਾਲ ਨੂੰ ਸੌਂਪੇ ਮੰਗ ਪੱਤਰ ਵਿੱਚ ਮੰਗ ਕੀਤੀ ਹੈ ਕਿ ਮੁੱਖ ਮੰਤਰੀ ਦੇ ਵਿਹਾਰ ਦੀ ਜਾਂਚ ਕੀਤੀ ਜਾਵੇ ਅਤੇ ਸੰਵਿਧਾਨਕ ਅਖੰਡਤਾ ਨੂੰ ਬਚਾਉਣ ਲਈ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ 'ਤੇ ਵਿਚਾਰ ਕੀਤਾ ਜਾਵੇ।

ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਹੇਠ ਮਿਲੇ ਇਸ ਵਫਦ ਨੇ ਇਲਜ਼ਾਮ ਲਾਇਆ ਕਿ 1 ਮਈ ਨੂੰ ਵਿਧਾਨ ਸਭਾ ਸੈਸ਼ਨ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਕਥਿਤ ਤੌਰ 'ਤੇ 'ਨਸ਼ੇ ਦੀ ਹਾਲਤ' ਵਿੱਚ ਸਦਨ ਵਿੱਚ ਆਏ ਸਨ। ਮੰਗ ਪੱਤਰ ਵਿੱਚ ਕਿਹਾ ਗਿਆ ਹੈ ਕਿ ਜਿਸ ਤਰੀਕੇ ਨਾਲ ਉਨ੍ਹਾਂ ਨੇ ਵਿਧਾਨ ਸਭਾ ਅਤੇ ਬਾਹਰ ਮੀਡੀਆ ਨੂੰ ਸੰਬੋਧਨ ਕੀਤਾ, ਉਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਉਹ ਨਸ਼ੇ ਵਿੱਚ ਸਨ। ਭਾਜਪਾ ਨੇ ਇਸ ਨੂੰ ਜਨਤਕ ਵਿਸ਼ਵਾਸ ਨਾਲ ਧ੍ਰੋਹ ਕਰਾਰ ਦਿੱਤਾ ਹੈ।

ਭਾਜਪਾ ਨੇ ਰਾਜਪਾਲ ਕੋਲ ਉਨ੍ਹਾਂ ਪੰਜ ਰਾਜ ਸਭਾ ਮੈਂਬਰਾਂ ਦੀ ਸੁਰੱਖਿਆ ਵਾਪਸ ਲੈਣ ਦਾ ਮੁੱਦਾ ਵੀ ਚੁੱਕਿਆ ਜੋ ਹਾਲ ਹੀ ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਇੱਕ ਪਾਸੇ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਗ੍ਰਿਫਤਾਰ 'ਆਪ' ਵਿਧਾਇਕ ਰਮਨ ਅਰੋੜਾ ਦੀ ਸੁਰੱਖਿਆ ਬਹਾਲ ਕਰ ਦਿੱਤੀ ਗਈ ਹੈ, ਜਦਕਿ ਵਿਰੋਧੀ ਆਗੂਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਾਰਟੀ ਨੇ ਰਾਜ ਸਭਾ ਮੈਂਬਰ ਸੰਦੀਪ ਪਾਠਕ 'ਤੇ ਦਰਜ ਦੋ ਐਫ.ਆਈ.ਆਰ. ਅਤੇ ਟ੍ਰਾਈਡੈਂਟ ਗਰੁੱਪ ਦੇ ਮਾਲਕ ਰਾਜਿੰਦਰ ਗੁਪਤਾ ਵਿਰੁੱਧ ਕੀਤੀ ਗਈ ਕਾਰਵਾਈ ਨੂੰ ਵੀ 'ਸਿਆਸੀ ਬਦਲਾਖੋਰੀ' ਕਰਾਰ ਦਿੱਤਾ। ਵਫਦ ਨੇ ਰਾਜਪਾਲ ਤੋਂ ਮੰਗ ਕੀਤੀ ਕਿ ਉਹ ਇਸ ਪੂਰੇ ਮਾਮਲੇ 'ਤੇ ਮੁੱਖ ਮੰਤਰੀ ਤੋਂ ਸਪੱਸ਼ਟੀਕਰਨ ਮੰਗਣ ਅਤੇ ਡੀਜੀਪੀ ਤੇ ਮੁੱਖ ਸਕੱਤਰ ਨੂੰ ਤਲਬ ਕਰਕੇ ਰਿਪੋਰਟ ਲੈਣ। ਭਾਜਪਾ ਨੇ ਕਿਹਾ ਕਿ ਸੁਰੱਖਿਆ ਦੇ ਫੈਸਲੇ ਪਾਰਦਰਸ਼ੀ ਹੋਣੇ ਚਾਹੀਦੇ ਹਨ ਨਾ ਕਿ ਸਿਆਸੀ ਹਿੱਤਾਂ ਤੋਂ ਪ੍ਰੇਰਿਤ।



38ਵੀਆਂ ਆਸਟਰੇਲੀਅਨ ਸਿੱਖ ਖੇਡਾਂ 'ਚ ਵੱਖ-ਵੱਖ ਖਿਡਾਰੀਆਂ ਸਮੇਤ ਸਨਮਾਨ ਹਾਸਿਲ ਕਰਦੇ ਹੋਏ ਵਿੰਗ ਕਮਾਂਡਰ ਕੁਲਦੀਪ ਸਿੰਘ ਝੱਜ ਗੁਲਪੁਰ।

## ਆਸਟਰੇਲੀਅਨ ਸਿੱਖ ਖੇਡਾਂ 'ਚ ਵਿੰਗ ਕਮਾਂਡਰ ਗੁਲਪੁਰ ਨੇ ਜਿੱਤੇ ਤਿੰਨ ਸੋਨ ਤੇ ਇਕ ਚਾਂਦੀ ਦਾ ਤਗਮਾ

ਨਵਾਂਸ਼ਹਿਰ, 7 ਅਪ੍ਰੈਲ (ਦੀਦਾਰ ਸਿੰਘ ਸ਼ੇਤਰਾ)-38ਵੀਆਂ ਆਸਟਰੇਲੀਅਨ ਸਿੱਖ ਖੇਡਾਂ ਮੈਲਬੋਰਨ ਸ਼ਹਿਰ 'ਚ ਕਰਵਾਈਆਂ ਗਈਆਂ। ਇਨ੍ਹਾਂ ਖੇਡਾਂ 'ਚ ਆਸਟਰੇਲੀਆ-ਨਿਊਜ਼ੀਲੈਂਡ ਸਮੇਤ ਹੋਰ ਵੀ ਕਈ ਦੇਸ਼ਾਂ ਦੇ ਕਰੀਬ ਡੇਢ ਲੱਖ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਖਿਡਾਰੀਆਂ, ਦਰਸ਼ਕਾਂ ਅਤੇ ਪ੍ਰਬੰਧਕਾਂ ਨੇ ਭਾਗ ਲਿਆ। ਇਨ੍ਹਾਂ ਖੇਡਾਂ 'ਚ ਫੁੱਟਬਾਲ, ਕਬੱਡੀ, ਹਾਕੀ, ਬਾਲੀਵਾਲ, ਬਾਸਕਟਬਾਲ, ਨੈੱਟਬਾਲ, ਅਥਲੈਟਿਕਸ, ਟੈਨਿਸ ਬੈਡਮਿੰਟਨ, ਕ੍ਰਿਕਟ, ਖੋਅ-ਖੋਅ, ਗੋਲਫ ਅਤੇ ਕੁਸ਼ਤੀਆਂ ਸ਼ਾਮਿਲ ਸਨ। ਜਿਨ੍ਹਾਂ ਵਿਚ ਅੰਡਰ 6 ਸਾਲ ਤੋਂ ਲੈ ਕੇ 80 ਸਾਲ ਦੇ ਉਮਰ ਵਰਗਾਂ 'ਚ ਕਰੀਬ 8000 ਤੋਂ ਵਧੇਰੇ ਦੇ ਖਿਡਾਰੀਆਂ ਅਤੇ ਖਿਡਾਰਨਾਂ ਨੇ ਭਾਗ ਲਿਆ। ਇਨ੍ਹਾਂ ਖੇਡਾਂ ਵਿਚ ਭਾਰਤੀ ਏਅਰ ਫੋਰਸ ਦੇ ਸੇਵਾ ਮੁਕਤ ਵਿੰਗ ਕਮਾਂਡਰ ਕੁਲਦੀਪ ਸਿੰਘ ਝੱਜ ਗੁਲਪੁਰ ਨੇ 70 ਸਾਲ ਉਮਰ ਵਰਗ ਵਿਚ 200, 800 ਅਤੇ 1500 ਮੀਟਰ ਦੌੜਾਂ ਵਿਚ 3 ਸੋਨ ਤਮਗੇ ਅਤੇ 100 ਮੀਟਰ ਦੌੜ ਵਿੱਚ ਚਾਂਦੀ ਦਾ ਤਮਗਾ ਪ੍ਰਾਪਤ ਕੀਤਾ। ਵਿੰਗ ਕਮਾਂਡਰ ਕੁਲਦੀਪ ਸਿੰਘ ਝੱਜ ਗੁਲਪੁਰ ਨੇ 'ਅਜੀਤ' ਨੂੰ ਦੱਸਿਆ ਕਿ ਉਹਨਾਂ ਦੀ ਹੀ ਪ੍ਰੇਰਨਾ ਅਤੇ ਦਿੱਤੇ ਉਤਸ਼ਾਹ ਸਦਕਾ ਉਨ੍ਹਾਂ ਦੇ ਦੋਹਤਰੇ ਜਸਤੇਜ ਸਿੰਘ 11 ਸਾਲ ਨੇ ਅਥਲੈਟਿਕਸ, ਸੂਬੇਦਾਰ ਮੇਜਰ ਗੁਰਦੀਪ ਸਿੰਘ ਦੇ ਪੋਤਰੇ ਹਿੰਮਤ ਸਿੰਘ 15 ਸਾਲ ਅਤੇ ਪੋਤਰੀ ਸੁਖਮਨੀ ਕੌਰ 11 ਸਾਲ ਨੇ ਆਪਣੇ ਕੋਚ ਪਿਤਾ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਆਪਣੀ ਟੀਮ ਲਈ ਖੇਡਦੇ ਹੋਏ ਫਾਈਨਲ ਮੈਚ ਵਿਚ ਜੇਤੂ ਟਰਾਫੀ ਹਾਸਲ ਕਰਨ ਵਿੱਚ ਬਣਦਾ ਯੋਗਦਾਨ ਪਾਇਆ। 38ਵੀਆਂ ਆਸਟਰੇਲੀਅਨ ਸਿੱਖ ਖੇਡਾਂ ਦੇ ਇਹ ਤਿੰਨ ਦਿਨ ਵਿਦੇਸ਼ ਵੱਸਦੇ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਦਰਸ਼ਕਾਂ ਲਈ ਯਾਦਗਾਰੀ ਹੋ ਨਿਬੜੇ।

# ਐੱਲ ਪੀ ਜੀ ਸਿਲੰਡਰ ਦੀ ਕੀਮਤ ’ਚ ਵੱਡਾ ਵਾਧਾ, ਕੀਮਤ 3000 ਤੋਂ ਪਾਰ

ਐੱਲਪੀਜੀ ਸਿਲੰਡਰ ਦੀਆਂ ਕੀਮਤਾਂ ਵਿੱਚ ਸੁੱਕਰਵਾਰ ਤੋਂ ਭਾਰੀ ਵਾਧਾ ਕੀਤਾ ਗਿਆ ਹੈ, ਜਿਸ ਨਾਲ ਭੋਜਨ ਅਤੇ ਪ੍ਰਾਹੁਣਚਾਰੀ () ਖੇਤਰ ਦੇ ਕਾਰੋਬਾਰਾਂ ਦੀ ਲਾਗਤ ਵਧ ਗਈ ਹੈ। ਇਹ ਵਾਧਾ ਵਪਾਰਕ ਸਿਲੰਡਰ ਦੀਆਂ ਕੀਮਤਾਂ ਵਿੱਚ ਕੀਤਾ ਗਿਆ ਹੈ, ਜਦੋਂ ਕਿ ਘਰੇਲੂ ਐੱਲਪੀਜੀ ਦੀਆਂ ਕੀਮਤਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ।

ਸਰੋਤਾਂ ਅਨੁਸਾਰ 19 ਕਿਲੋ ਦੇ ਵਪਾਰਕ ਐੱਲਪੀਜੀ ਸਿਲੰਡਰ ਦੀ ਕੀਮਤ ਵਿੱਚ 993 ਰੁਪਏ ਦਾ ਵਾਧਾ ਕੀਤਾ ਗਿਆ ਹੈ, ਜਿਸ ਨਾਲ ਦਿੱਲੀ ਵਿੱਚ ਅੱਜ ਤੋਂ ਇਸ ਦੀ ਕੀਮਤ 3,071.50 ਰੁਪਏ ਹੋ ਗਈ ਹੈ। 5 ਕਿੱਲੋ ਦੇ ਐੱਫ ਟੀ ਐੱਲ (ਫ੍ਰੀ ਟਰੇਡ ਐਲਪੀਜੀ) ਸਿਲੰਡਰ ਦੀ ਕੀਮਤ ਵਿੱਚ ਵੀ ਤੁਰੰਤ ਪ੍ਰਭਾਵ ਨਾਲ 261 ਰੁਪਏ ਪ੍ਰਤੀ ਸਿਲੰਡਰ ਦਾ ਵਾਧਾ ਕੀਤਾ ਗਿਆ ਹੈ।

14.2 ਕਿਲੋ ਦੇ ਘਰੇਲੂ ਐੱਲਪੀਜੀ ਸਿਲੰਡਰ ਦੀ ਕੀਮਤ ਵਿੱਚ ਕੋਈ ਬਦਲਾਅ ਨਹੀਂ ਹੋਇਆ ਹੈ, ਜੋ ਦੇਸ ਭਰ ਵਿੱਚ ਲਗਪਗ 33 ਕਰੋੜ ਪਰਿਵਾਰਾਂ ਵੱਲੋਂ ਵਰਤਿਆ ਜਾਂਦਾ ਹੈ।

ਇਹ ਸੋਧ ਸਿਰਫ ਵਪਾਰਕ ਅਤੇ ਬਲਕ ਐੱਲਪੀਜੀ ਸ੍ਰੇਣੀਆਂ ‘ਤੇ ਲਾਗੂ ਹੁੰਦੀ ਹੈ, ਜੋ ਭਾਰਤ ਵਿੱਚ ਕੁੱਲ ਐੱਲਪੀਜੀ ਖਪਤ ਦਾ ਇੱਕ ਛੋਟਾ ਜਿਹਾ ਹਿੱਸਾ ਹਨ। ਘਰੇਲੂ ਐੱਲਪੀਜੀ, ਜੋ ਕਿ ਸਬਸਿਡੀ ਵਾਲੀ ਹੈ ਅਤੇ ਖਾਣਾ ਪਕਾਉਣ ਲਈ ਵਿਆਪਕ ਤੌਰ ‘ਤੇ ਵਰਤੀ ਜਾਂਦੀ ਹੈ, ਨੂੰ ਤਾਜਾ ਕੀਮਤ ਵਿਵਸਥਾ ਤੋਂ ਬਾਹਰ ਰੱਖਿਆ ਗਿਆ ਹੈ।

ਇਹ ਵਾਧਾ ਆਲਮੀ ਕੱਚੇ ਤੇਲ ਦੀਆਂ ਅਸਥਿਰ ਕੀਮਤਾਂ ਦੇ ਪਿਛੋਕੜ ਵਿੱਚ ਹੋਇਆ ਹੈ, ਜੋ ਪੱਛਮੀ ਏਸੀਆ ਵਿੱਚ ਭੂ-ਰਾਜਨੀਤਿਕ ਤਣਾਅ ਕਾਰਨ ਪਿਛਲੇ ਹਫਤਿਆਂ ਵਿੱਚ ਉੱਚੀਆਂ ਰਹੀਆਂ ਹਨ। ਬ੍ਰੈਂਟ ਕਰੂਡ



ਵੀਰਵਾਰ ਨੂੰ 126 ਡਾਲਰ ਪ੍ਰਤੀ ਬੈਰਲ ਨੂੰ ਛੂਹ ਗਿਆ ਸੀ, ਜਿਸ ਤੋਂ ਬਾਅਦ ਸੁੱਕਰਵਾਰ ਨੂੰ ਇਹ ਡਿੱਗ ਕੇ 113 ਡਾਲਰ ਪ੍ਰਤੀ ਬੈਰਲ ‘ਤੇ ਆ ਗਿਆ।

ਕਿਉਂਕਿ ਭਾਰਤ ਆਪਣੀ ਐੱਲ ਪੀ ਜੀ ਲੋੜਾਂ ਦਾ ਇੱਕ ਵੱਡਾ ਹਿੱਸਾ ਦਰਾਮਦ ਕਰਦਾ ਹੈ, ਇਸ ਲਈ ਵਪਾਰਕ ਅਤੇ ਗੈਰ-ਸਬਸਿਡੀ ਵਾਲੇ ਸਿਲੰਡਰਾਂ ਦੀ ਘਰੇਲੂ ਕੀਮਤ ਅੰਤਰਰਾਸਟਰੀ ਮਾਪਦੰਡਾਂ ਨਾਲ ਜੁੜੀ ਹੋਈ ਹੈ ਅਤੇ ਹਰ ਮਹੀਨੇ ਇਸਦੀ ਸਮੀਖਿਆ ਕੀਤੀ ਜਾਂਦੀ ਹੈ।

ਤੇਲ ਮਾਰਕੀਟਿੰਗ ਕੰਪਨੀਆਂ ਆਮ ਤੌਰ ‘ਤੇ ਹਰ ਮਹੀਨੇ ਦੀ ਪਹਿਲੀ ਤਾਰੀਖ ਨੂੰ ਅੰਤਰਰਾਸਟਰੀ ਔਸਤ ਕੀਮਤ ਅਤੇ ਵਿਦੇਸੀ ਮੁਦਰਾ ਦਰ ਨੂੰ ਧਿਆਨ ਵਿੱਚ ਰੱਖਦੇ ਹੋਏ ਐੱਲਪੀਜੀ ਦੀਆਂ ਕੀਮਤਾਂ ਦੀ ਸਮੀਖਿਆ ਕਰਦੀਆਂ ਹਨ। ਜਦੋਂ ਕਿ ਘਰੇਲੂ ਐੱਲਪੀਜੀ ਦਰਾਂ ਨੂੰ ਪਰਿਵਾਰਾਂ ਨੂੰ ਮਹਿੰਗਾਈ ਤੋਂ ਬਚਾਉਣ ਲਈ ਪਿਛਲੇ ਮਹੀਨਿਆਂ ਵਿੱਚ ਸਥਿਰ ਰੱਖਿਆ ਗਿਆ ਹੈ, ਵਪਾਰਕ ਸਿਲੰਡਰ ਦੀਆਂ ਕੀਮਤਾਂ ਵਿੱਚ ਵਿਸਵਵਿਆਪੀ ਰੁਝਾਨਾਂ ਦੇ ਅਧਾਰ ‘ਤੇ ਅਕਸਰ ਬਦਲਾਅ ਦੇਖੇ ਗਏ ਹਨ।

ਵਪਾਰਕ ਅਦਾਰੇ ਹੋਣਗੇ ਪ੍ਰਭਾਵਿਤ

19 ਕਿਲੋ ਦੇ ਸਿਲੰਡਰ ਵਿੱਚ ਭਾਰੀ ਵਾਧਾ ਸਿੱਧੇ ਤੌਰ ‘ਤੇ ਰੈਸਟੋਰੈਂਟਾਂ, ਹੋਟਲਾਂ, ਬੇਕਰੀਆਂ ਅਤੇ ਹੋਰ ਅਦਾਰਿਆਂ ਨੂੰ ਪ੍ਰਭਾਵਿਤ ਕਰੇਗਾ ਜੋ ਰੋਜਾਨਾ ਦੇ ਕੰਮਾਂ ਲਈ ਵਪਾਰਕ ਐਲਪੀਜੀ ‘ਤੇ ਨਿਰਭਰ ਕਰਦੇ ਹਨ। ਉਦਯੋਗ ਨਾਲ ਜੁੜੇ ਲੋਕ ਅਕਸਰ ਵਧੀ ਹੋਈ ਲਾਗਤ ਦਾ ਕੁਝ ਹਿੱਸਾ ਖਪਤਕਾਰਾਂ ‘ਤੇ ਪਾ ਦਿੰਦੇ ਹਨ, ਜਿਸ ਦਾ ਅਸਰ ਆਉਣ ਵਾਲੇ ਹਫਤਿਆਂ ਵਿੱਚ ਖਾਣ-ਪੀਣ ਦੀਆਂ ਕੀਮਤਾਂ ਵਿੱਚ ਦੇਖਿਆ ਜਾ ਸਕਦਾ ਹੈ।

5 ਕਿਲੋ ਦਾ ਫ੍ਰੀ ਟਰੇਡ ਐਲਪੀਜੀ () ਸਿਲੰਡਰ ਜੋ ਮੁੱਖ ਤੌਰ ‘ਤੇ ਛੋਟੇ ਅਦਾਰਿਆਂ ਅਤੇ ਸੀਮਤ ਵਪਾਰਕ ਉਦੇਸਾਂ ਲਈ ਵਰਤਿਆ ਜਾਂਦਾ ਹੈ, ਸਬਸਿਡੀ ਵਾਲਾ ਨਹੀਂ ਹੈ ਅਤੇ ਇਸਦੀ ਕੀਮਤ ਬਜਾਰ ਦੀਆਂ ਦਰਾਂ ਦੇ ਨੇੜੇ ਹੈ, ਜਿਸ ਕਾਰਨ ਇਹ ਵਿਸਵਵਿਆਪੀ ਉਤਰਾਅ-ਚੜ੍ਹਾਅ ਪ੍ਰਤੀ ਵਧੇਰੇ ਸੰਵੇਦਨਸੀਲ ਹੈ।

ਕੁੱਲ ਮਿਲਾ ਕੇ ਇਸ ਮਹੀਨੇ ਘਰੇਲੂ ਐੱਲਪੀਜੀ ਸਮੇਤ ਲਗਪਗ 80 ਫੀਸਦੀ ਪੈਟਰੋਲੀਅਮ ਉਤਪਾਦਾਂ ਦੀ ਕੀਮਤ ਵਿੱਚ ਕੋਈ ਬਦਲਾਅ ਨਹੀਂ ਦੇਖਿਆ ਗਿਆ ਹੈ, ਜਦੋਂ ਕਿ ਲਗਪਗ 16% ਉਤਪਾਦਾਂ, ਜੋ ਮੁੱਖ ਤੌਰ ‘ਤੇ ਉਦਯੋਗਿਕ ਅਤੇ ਵਪਾਰਕ ਵਰਤੋਂ ਲਈ ਹਨ, ਵਿੱਚ ਵਾਧਾ ਦੇਖਿਆ ਗਿਆ ਹੈ। ਬਾਕੀ 4 ਫੀਸਦੀ ਉਤਪਾਦਾਂ ਦੀਆਂ ਕੀਮਤਾਂ ਵਿੱਚ ਕਟੌਤੀ ਕੀਤੀ ਗਈ ਹੈ।

# ਭਾਰਤ ਪਾਕਿਸਤਾਨ ਤੇ ਬੰਗਲਾਦੇਸ਼ ਤੋਂ ਵੀ ਪਿਛੜਿਆ

ਪੱਤਰਕਾਰੀ ਦੀ ਆਜ਼ਾਦੀ ਦੇ ਮਾਮਲੇ ਵਿੱਚ ਭਾਰਤ ਦੀ ਵਿਸ਼ਵ ਪੱਧਰੀ ਰੈਂਕਿੰਗ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ‘ਰਿਪੋਰਟਰਜ ਵਿਦਾਊਟ ਬਾਰਡਰਜ’ () ਵੱਲੋਂ ਵੀਰਵਾਰ ਨੂੰ ਜਾਰੀ ਕੀਤੇ ਗਏ ਵਿਸ਼ਵ ਪ੍ਰੈੱਸ ਫ੍ਰੀਡਮ ਇੰਡੈਕਸ 2026 ਅਨੁਸਾਰ, ਭਾਰਤ 180 ਦੇਸ਼ਾਂ ਦੀ ਸੂਚੀ ਵਿੱਚ ਖਿਸਕ ਕੇ 157ਵੇਂ ਸਥਾਨ ’ਤੇ ਆ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਭਾਰਤ ਇਸ ਸੂਚੀ ਵਿੱਚ ਜੰਗ ਪ੍ਰਭਾਵਿਤ ਫਲਸਤੀਨ (156), ਤਾਜਿਕਸਤਾਨ (155), ਪਾਕਿਸਤਾਨ (153) ਅਤੇ ਬੰਗਲਾਦੇਸ਼ (152) ਤੋਂ ਵੀ ਹੇਠਾਂ ਚਲਾ ਗਿਆ ਹੈ।

ਪਿਛਲੇ ਸਾਲ ਭਾਰਤ 151ਵੇਂ ਸਥਾਨ ’ਤੇ ਸੀ, ਪਰ ਇੱਕ ਸਾਲ ਦੇ ਅੰਦਰ ਹੀ ਇਸ ਦੀ ਰੈਂਕਿੰਗ ਵਿੱਚ 6 ਅੰਕਾਂ ਦੀ ਹੋਰ ਗਿਰਾਵਟ ਆਈ ਹੈ। ਰਿਪੋਰਟ ਮੁਤਾਬਕ ਭਾਰਤ ਹੁਣ ਸਿਰਫ 23 ਦੇਸ਼ਾਂ ਤੋਂ ਉੱਪਰ ਹੈ, ਜਦਕਿ ਇਰੀਟਰੀਆ ਸੂਚੀ ਵਿੱਚ ਸਭ ਤੋਂ ਆਖਰੀ ਸਥਾਨ ’ਤੇ ਬਣਿਆ ਹੋਇਆ ਹੈ।

ਕਾਨੂੰਨੀ ਢਾਂਚੇ ਵਿੱਚ ਸਭ ਤੋਂ ਵੱਡੀ ਗਿਰਾਵਟ



ਪੱਤਰਕਾਰੀ ਲਈ ਪੰਜ ਮੁੱਖ ਸੰਕੇਤਕਾਂ ਆਰਥਿਕ, ਕਾਨੂੰਨੀ, ਸੁਰੱਖਿਆ, ਸਿਆਸੀ ਅਤੇ ਸਮਾਜਿਕ ਮਾਹੌਲ, ਦੀ ਨਿਗਰਾਨੀ ਕੀਤੀ ਹੈ। ਰਿਪੋਰਟ ਵਿੱਚ ਵਿਸ਼ੇਸ਼ ਤੌਰ ’ਤੇ ਭਾਰਤ ਦਾ ਨਾਮ ਉਨ੍ਹਾਂ ਦੇਸ਼ਾਂ ਵਿੱਚ ਲਿਆ ਗਿਆ ਹੈ ਜਿੱਥੇ ਪੱਤਰਕਾਰੀ ਲਈ ਕਾਨੂੰਨੀ ਹਾਲਾਤ ( ) ਸਭ ਤੋਂ ਤੇਜ਼ੀ ਨਾਲ ਵਿਗੜੇ ਹਨ। ਕੌਮੀਂ ਸੁਰੱਖਿਆ ਕਾਨੂੰਨਾਂ ਅਤੇ ਐਮਰਜੈਂਸੀ ਵਿਧਾਨਾਂ ਦੀ ਦੁਰਵਰਤੋਂ ਕਰਕੇ ਪੱਤਰਕਾਰੀ ਦਾ ‘ਅਪਰਾਧੀਕਰਨ’ ਕਰਨ ਦੇ ਰੁਝਾਨ ਨੂੰ ਇਸ ਗਿਰਾਵਟ ਦਾ ਮੁੱਖ ਕਾਰਨ ਦੱਸਿਆ ਗਿਆ ਹੈ।

ਅਮਰੀਕਾ ਨੂੰ ਝਟਕਾ, ਸੀਰੀਆ ਦੀ ਸਥਿਤੀ ਸੁਧਰੀਨਾਰਵੇ: ਲਗਾਤਾਰ 10ਵੇਂ ਸਾਲ ਪਹਿਲੇ ਸਥਾਨ ’ਤੇ ਬਰਕਰਾਰ।

ਅਮਰੀਕਾ: ਡੋਨਲਡ ਟਰੰਪ ਦੇ ਪ੍ਰਸ਼ਾਸਨ ਹੇਠ ਅਮਰੀਕਾ 7 ਅੰਕ ਡਿੱਗ ਕੇ 64ਵੇਂ ਸਥਾਨ ’ਤੇ ਆ ਗਿਆ ਹੈ। ਪ੍ਰੈੱਸ ’ਤੇ ਹਮਲੇ ਅਤੇ ਸਰਕਾਰੀ ਮੀਡੀਆ ਸੰਸਥਾਵਾਂ (, ਰੇਡੀਓ ਫ੍ਰੀ ਯੂਰਪ) ਦੇ ਬਜਟ ਵਿੱਚ ਕਟੌਤੀ ਨੂੰ ਇਸ ਦਾ ਕਾਰਨ ਦੱਸਿਆ ਗਿਆ ਹੈ।

ਸੀਰੀਆ: ਦਸੰਬਰ 2025 ਵਿੱਚ ਬਸਰ ਅਲ-ਅਸਦ ਦੀ ਤਾਨਾਸਾਹੀ ਦੇ ਪਤਨ ਤੋਂ ਬਾਅਦ ਸੀਰੀਆ ਨੇ 36 ਅੰਕਾਂ ਦੀ ਵੱਡੀ ਛਲਾਂਗ ਲਗਾਈ ਹੈ ਅਤੇ ਹੁਣ ਉਹ 141ਵੇਂ ਸਥਾਨ ’ਤੇ ਹੈ।

ਰੂਸ: ਰੂਸ ਨੂੰ ਪੱਤਰਕਾਰੀ ਦੇ ਅਪਰਾਧੀਕਰਨ ਦਾ ‘ਮਾਹਿਰ’ ਦੱਸਿਆ ਗਿਆ ਹੈ, ਜਿੱਥੇ ਅਪਰੈਲ ਤੱਕ 48 ਪੱਤਰਕਾਰ ਜੇਲ੍ਹਾਂ ਵਿੱਚ ਬੰਦ ਸਨ।

2026 ਦੇ ਇਸ ਇੰਡੈਕਸ ਨੂੰ ਪਿਛਲੇ 25 ਸਾਲਾਂ ਦਾ ਸਭ ਤੋਂ ਨਿਰਾਸਾਜਨਕ () ਸਾਲ ਕਰਾਰ ਦਿੱਤਾ ਹੈ। ਦੁਨੀਆ ਦੇ ਅੱਧੇ ਤੋਂ ਵੱਧ ਦੇਸ਼ਾਂ ਵਿੱਚ ਪ੍ਰੈੱਸ ਦੀ ਆਜ਼ਾਦੀ ‘ਮੁਸ਼ਕਲ’ ਜਾਂ ‘ਬਹੁਤ ਗੰਭੀਰ’ ਸ੍ਰੇਣੀ ਵਿੱਚ ਆ ਗਈ ਹੈ। ਰਿਪੋਰਟ ਵਿੱਚ ਮਿਸਰ, ਇਜ਼ਰਾਈਲ ਅਤੇ ਜਾਰਜੀਆ ਦੇ ਨਾਲ-ਨਾਲ ਭਾਰਤ ਨੂੰ ਉਨ੍ਹਾਂ ਦੇਸ਼ਾਂ ਦੀ ਸੂਚੀ ਵਿੱਚ ਰੱਖਿਆ ਗਿਆ ਹੈ ਜਿੱਥੇ ਪੱਤਰਕਾਰਾਂ ਲਈ ਨਿਆਂਇਕ ਮਾਹੌਲ ਸਭ ਤੋਂ ਵੱਧ ਖ਼ਰਾਬ ਹੋਇਆ ਹੈ।

# ਕਣਕ ਦੀ ਬੋਗਸ ਖਰੀਦ ਦਾ ਧੂੰਆਂ ਉੱਠਿਆ



ਪੰਜਾਬ ਵਿੱਚ ਕਣਕ ਦੀ ਬੋਗਸ ਖਰੀਦ ਦਾ ਧੂੰਆਂ ਉੱਠਣ ਲੱਗਿਆ ਹੈ। ਪੰਜਾਬ ਦੇ ਅੱਠ ਜ਼ਿਲ੍ਹਿਆਂ ਵਿੱਚ ਪਿਛਲੇ ਸਾਲ ਨਾਲੋਂ ਜ਼ਿਆਦਾ ਫਸਲ ਮੰਡੀਆਂ ਵਿੱਚ ਪੁੱਜ ਚੁੱਕੀ ਹੈ ਜਿਸ ਮਗਰੋਂ ਪੰਜਾਬ ਸਰਕਾਰ ਵੀ ਮੁਸਤੈਦ ਹੋ ਗਈ ਹੈ। ਭਾਰਤੀ ਖੁਰਾਕ ਨਿਗਮ ਦੇ ਅਧਿਕਾਰੀ ਵੀ ਬੋਗਸ ਖਰੀਦ ਦੇ ਸ਼ੰਕਿਆਂ ਦੇ ਮੱਦੇਨਜ਼ਰ ਪੰਜਾਬ ਦੇ ਖਰੀਦ ਕੇਂਦਰਾਂ ਦਾ ਦੌਰਾ ਕਰਨ ਲੱਗੇ ਹਨ; ਹਾਲਾਂਕਿ ਐਤਕੀਂ ਤੇਜ਼ ਮੀਂਹ ਤੇ ਗੜੇਮਾਰੀ ਕਾਰਨ ਕਣਕ ਦੀ ਫਸਲ ਪ੍ਰਭਾਵਿਤ ਹੋਈ ਹੈ ਜਿਸ ਦਾ ਸਿੱਧਾ ਅਸਰ ਝਾੜ ’ਤੇ ਵੀ ਪਿਆ ਹੈ। ਦੂਜੇ ਪਾਸੇ, ਅੱਠ ਜ਼ਿਲ੍ਹਿਆਂ ’ਚ ਫਸਲ ਪਿਛਲੇ ਸਾਲ ਨਾਲੋਂ ਜ਼ਿਆਦਾ ਪੁੱਜ ਗਈ ਹੈ।

ਕੇਂਦਰ ਸਰਕਾਰ ਵੱਲੋਂ ਐਤਕੀਂ ਪੰਜਾਬ ’ਚੋਂ 122 ਲੱਖ ਟਨ ਕਣਕ ਖਰੀਦਣ ਦਾ ਟੀਚਾ ਮਿੱਥਿਆ ਗਿਆ ਹੈ ਅਤੇ ਹੁਣ ਤੱਕ ਮੰਡੀਆਂ ’ਚ 114.13 ਲੱਖ ਟਨ ਕਣਕ ਪੁੱਜ ਚੁੱਕੀ ਹੈ। ਖਰੀਦ ਸੀਜ਼ਨ 15 ਮਈ ਤੱਕ ਚੱਲਣਾ ਹੈ। ਪਿਛਲੇ ਸਾਲ ਸੂਬੇ ’ਚੋਂ ਕਰੀਬ 130 ਲੱਖ ਟਨ ਕਣਕ ਦੀ ਖਰੀਦ ਹੋਈ ਸੀ, ਜਿਸ ’ਚੋਂ 10.80 ਲੱਖ ਟਨ ਕਣਕ ਪ੍ਰਾਈਵੇਟ ਵਪਾਰੀਆਂ ਨੇ ਖਰੀਦੀ ਸੀ।

ਭਾਰਤੀ ਖੁਰਾਕ ਨਿਗਮ ਦੇ ਕਾਰਜਕਾਰੀ ਡਾਇਰੈਕਟਰ ਦਲਜੀਤ ਸਿੰਘ ਨੇ ਦੋ ਦਿਨਾ ਪੰਜਾਬ ਦੌਰਾ ਕੀਤਾ ਹੈ ਅਤੇ ਉਨ੍ਹਾਂ ਨੇ ਕੁਰਾਲੀ, ਖਰੜ, ਰੂਪਨਗਰ, ਬਨੂੜ ਤੇ ਸਨੇਟਾ ਦੀਆਂ ਮੰਡੀਆਂ ਦਾ ਦੌਰਾ ਕਰ ਕੇ ਜਾਇਜ਼ਾ ਲਿਆ ਹੈ। ਇਸ ਤੋਂ ਪਹਿਲਾਂ ਡਾਇਰੈਕਟਰ (ਸਟੋਰੇਜ) ਵੀ ਪੰਜਾਬ ਦਾ ਗੇੜਾ ਮਾਰ ਚੁੱਕੇ ਹਨ। ਹਾਲਾਂਕਿ, ਪੰਜਾਬ ਸਰਕਾਰ ਨੇ ਐਤਕੀਂ ਅੰਤਰ-ਰਾਜੀ ਸੀਮਾ ’ਤੇ ਨਾਕੇ ਲਾਏ ਸਨ ਤਾਂ ਕਿ ਬਾਹਰਲੇ ਸੂਬਿਆਂ ਤੋਂ ਕਣਕ ਦੀ ਸੰਭਾਵੀ ਆਮਦ ਨੂੰ ਰੋਕਿਆ ਜਾ ਸਕੇ। ਸ਼ੰਕੇ ਜ਼ਾਹਿਰ ਕੀਤੇ ਜਾ ਰਹੇ ਹਨ ਕਿ ਫਸਲੀ ਖਰਾਬੇ ਕਾਰਨ ਕਣਕ ਦਾ ਝਾੜ ਵੀ ਘੱਟ ਨਿਕਲ ਰਿਹਾ ਹੈ ਅਤੇ ਦੂਸਰੇ ਪਾਸੇ ਮੰਡੀਆਂ ’ਚ ਫਸਲ ਦੀ ਆਮਦ ਪਿਛਲੇ ਸਾਲ ਦੇ ਮੁਕਾਬਲੇ ਵੱਧ ਵੀ ਹੋ ਰਹੀ ਹੈ।

# ਮਮਤਾ ਬੈਨਰਜੀ ਵੱਲੋਂ ਬੈਲੇਟ ਬਾਕਸਾਂ ਨਾਲ ਛੇੜਛਾੜ ਦੇ ਦੋਸ਼

ਕੋਲਕਾਤਾ ਵਿੱਚ ਅੱਜ ਦੇਰ ਸਾਮ ਵੇਲੇ ਉਦੋਂ ਖਾਸਾ ਹੰਗਾਮਾ ਹੋ ਗਿਆ ਜਦੋਂ ਤ੍ਰਿਣਮੂਲ ਕਾਂਗਰਸ () ਨੇ ਈ.ਵੀ.ਐਮ () ਸਟਰਾਂਗ ਰੂਮ ਵਿੱਚ ਬੇਨਿਯਮੀਆਂ ਦਾ ਦੋਸ ਲਗਾਉਂਦੇ ਹੋਏ ਧਰਨਾ ਦਿੱਤਾ। ਟੀ.ਐਮ.ਸੀ ਨੇ ਭਾਜਪਾ ਅਤੇ ਚੋਣ ਕਮਿਸਨ ‘ਤੇ ਦੋਸ ਲਗਾਇਆ ਕਿ ਵਿਰੋਧੀ ਪਾਰਟੀਆਂ ਦੀ ਗੈਰ-ਮੌਜੂਦਗੀ ਵਿੱਚ ਬੈਲੇਟ ਬਾਕਸਾਂ ਨਾਲ ਛੇੜਛਾੜ ਕੀਤੀ ਜਾ ਰਹੀ ਹੈ। ਨੇਤਾਜੀ ਇਨਡੋਰ ਸਟੇਡੀਅਮ ਦੇ ਬਾਹਰ ਸਸੀ ਪਾਂਜਾ ਅਤੇ ਕੁਣਾਲ ਘੋਸ ਵਰਗੇ ਸੀਨੀਅਰ ਆਗੂਆਂ ਨੇ ਪ੍ਰਦਰਸਨ ਕੀਤਾ ਅਤੇ ਇਸ ਨੂੰ “ਲੋਕਤੰਤਰ ਦਾ ਕਤਲ“ ਕਰਾਰ ਦਿੱਤਾ।



ਮਮਤਾ ਬੈਨਰਜੀ ਨੇ ਕੀਤੀ ਵੋਟਾਂ ਦੀ ਰਾਖੀ ਦੀ ਅਪੀਲ

ਤਣਾਅ ਵਧਣ ‘ਤੇ ਮੁੱਖ ਮੰਤਰੀ ਮਮਤਾ ਬੈਨਰਜੀ ਖੁਦ ਦੱਖਣੀ ਕੋਲਕਾਤਾ ਦੇ ਸਖਾਵਤ ਮੈਮੋਰੀਅਲ ਸਕੂਲ (ਭਵਾਨੀਪੁਰ ਕੇਂਦਰ) ਪੁੱਜੇ ਅਤੇ ਭਾਰੀ ਮੀਂਹ ਦੇ ਬਾਵਜੂਦ ਕਈ ਘੰਟੇ ਉੱਥੇ ਰਹੇ। ਉਨ੍ਹਾਂ ਨੇ ਪਾਰਟੀ ਵਰਕਰਾਂ ਨੂੰ ਕਿਹਾ ਕਿ 4 ਮਈ ਨੂੰ ਹੋਣ ਵਾਲੀ ਗਿਣਤੀ ਤੋਂ ਪਹਿਲਾਂ ਈ.ਵੀ.ਐਮ ਨਾਲ ਛੇੜਛਾੜ ਹੋ ਸਕਦੀ ਹੈ, ਇਸ ਲਈ ਉਹ 24 ਘੰਟੇ ਗਿਣਤੀ ਕੇਂਦਰਾਂ ‘ਤੇ ਪਹਿਰਾ ਦੇਣ। ਦੂਜੇ ਪਾਸੇ ਭਵਾਨੀਪੁਰ ਵਿੱਚ ਭਾਜਪਾ ਵਰਕਰਾਂ ਨੇ ਟੀ.ਐਮ.ਸੀ ਦੀ ਗੱਡੀ ਰੋਕ ਕੇ ਵਿਰੋਧ ਪ੍ਰਦਰਸਨ ਕੀਤਾ।

ਚੋਣ ਕਮਿਸਨ ਦੀ ਸਫਾਈ ਅਤੇ ਭਾਜਪਾ ਦਾ ਪਲਟਵਾਰ

ਚੋਣ ਕਮਿਸਨ ਨੇ ਟੀ.ਐਮ.ਸੀ ਦੇ ਦੋਸਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਸਾਰੇ ਸਟਰਾਂਗ ਰੂਮ ਉਮੀਦਵਾਰਾਂ ਅਤੇ ਨਿਗਰਾਨਾਂ ਦੀ ਮੌਜੂਦਗੀ ਵਿੱਚ ਸੀਲ ਕੀਤੇ ਗਏ ਹਨ। ਕਮਿਸਨ ਅਨੁਸਾਰ ਸੀ.ਸੀ.ਟੀ.ਵੀ ਫੁਟੇਜ ਵਿੱਚ ਦਿਖਾਈ ਦੇ ਰਹੀ ਹਲਚਲ ਪੋਸਟਲ ਬੈਲੇਟਾਂ ਦੀ ਛਾਂਟੀ ਨਾਲ ਸਬੰਧਤ ਸੀ, ਨਾ ਕਿ ਸੀਲਬੰਦ ਈ.ਵੀ.ਐਮ ਕਮਰਿਆਂ ਨਾਲ। ਭਾਜਪਾ ਨੇ ਇਨ੍ਹਾਂ ਦੋਸਾਂ ਨੂੰ ਅਫਵਾਹ ਦੱਸਿਆ ਹੈ। ਪੱਛਮੀ ਬੰਗਾਲ ਭਾਜਪਾ ਪ੍ਰਧਾਨ ਸਮਿਕ ਭੱਟਾਚਾਰਜੀ ਨੇ ਕਿਹਾ ਕਿ ਮਮਤਾ ਬੈਨਰਜੀ ਆਪਣੀ ਹਾਰ ਨੂੰ ਦੇਖ ਕੇ ਬੌਖਲਾ ਗਏ ਹਨ ਅਤੇ ਇਹ ਟੀ.ਐਮ.ਸੀ ਦੇ ਖਤਮ ਹੋਣ ਤੋਂ ਪਹਿਲਾਂ ਦੀ ਆਖਰੀ ਚੀਸ ਹੈ।

ਸੁਰੱਖਿਆ ਦੇ ਸਖਤ ਪ੍ਰਬੰਧ

ਹਾਲਾਤ ਨੂੰ ਦੇਖਦੇ ਹੋਏ ਕੋਲਕਾਤਾ ਦੇ ਗਿਣਤੀ ਕੇਂਦਰਾਂ ਦੇ ਬਾਹਰ ਭਾਰੀ ਪੁਲੀਸ ਬਲ ਅਤੇ ਕੇਂਦਰੀ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਹਨ। ਟੀ.ਐਮ.ਸੀ ਨੇਤਾਵਾਂ ਨੇ ਮੰਗ ਕੀਤੀ ਹੈ ਕਿ ਜਦੋਂ ਵੀ ਸਟਰਾਂਗ ਰੂਮ ਖੋਲ੍ਹਿਆ ਜਾਵੇ, ਸਾਰੀਆਂ ਸਿਆਸੀ ਪਾਰਟੀਆਂ ਨੂੰ ਸੂਚਿਤ ਕਰਨਾ ਲਾਜਮੀ ਹੋਣਾ ਚਾਹੀਦਾ ਹੈ। ਫਿਲਹਾਲ ਪੂਰੇ ਪੱਛਮੀ ਬੰਗਾਲ ਵਿੱਚ ਚੋਣ ਨਤੀਜਿਆਂ ਤੋਂ ਪਹਿਲਾਂ ਸਿਆਸੀ ਪਾਰਾ ਬਹੁਤ ਗਰਮ ਹੈ।

# ਸੈਕਰਾਮੈਂਟੋ ਸਿਟੀ ਹਾਲ ਵਿੱਚ ਕਿਰਪਾਨ ਲਿਜਾਣ ਦੀ ਇਜਾਜਤ



ਸੈਕਰਾਮੈਂਟੋ ਸਿਟੀ ਹਾਲ ਦੇ ਅੰਦਰ ਧਾਰਮਿਕ ਸਸਤਰ (ਕਿਰਪਾਨ) ਲਿਜਾਣ ਦੀ ਇਜਾਜਤ ਦੇਣ ਵਾਲਾ ਇੱਕ ਨਵਾਂ ਕਾਨੂੰਨ ਇਸ ਮੰਗਲਵਾਰ ਤੋਂ ਲਾਗੂ ਹੋ ਗਿਆ ਹੈ। ਇਸ ਇਤਿਹਾਸਕ ਮੌਕੇ 'ਤੇ ਸਿੱਖ ਭਾਈਚਾਰੇ ਦੇ ਮੈਂਬਰ ਸਿਟੀ ਕੌਂਸਲ ਦੇ ਚੈਂਬਰ ਵਿੱਚ ਇਕੱਠੇ ਹੋਏ। ਸਿੱਖ ਧਰਮ ਵਿੱਚ ਰਸਮੀ ਮਾਨਤਾ ਵਜੋਂ ਪੰਜ ਕਕਾਰ ਧਾਰਨ ਕੀਤੇ ਜਾਂਦੇ ਹਨ, ਜਿਨ੍ਹਾਂ ਵਿੱਚੋਂ ਇੱਕ ਕਿਰਪਾਨ ਹੈ।

ਇਸ ਤੋਂ ਪਹਿਲਾਂ ਸਿਟੀ ਹਾਲ ਵਿੱਚ ਹਰ ਤਰ੍ਹਾਂ ਦੇ ਹਥਿਆਰਾਂ 'ਤੇ ਪਾਬੰਦੀ ਹੋਣ ਕਾਰਨ ਕਿਰਪਾਨਧਾਰੀ ਸਿੱਖ ਸਿਟੀ ਹਾਲ ਦੇ ਅੰਦਰ ਦਾਖਲ ਨਹੀਂ ਹੋ ਸਕਦੇ ਸਨ ਅਤੇ ਨਾ ਹੀ ਸਹਿਰ ਦੀ ਸਰਕਾਰ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈ ਸਕਦੇ ਸਨ। ਇਸ ਮੌਕੇ ਡਾਕਟਰ ਗੁਰਤੇਜ ਸਿੰਘ ਨੇ ਕਿਹਾ ਕਿ ਉਹ ਪਿਛਲੇ ਦੋ ਦਹਾਕਿਆਂ ਤੋਂ ਇਸ ਖੇਤਰ ਵਿੱਚ ਰਹਿ ਰਹੇ ਹਨ ਪਰ ਪਹਿਲੀ ਵਾਰ ਉਹ ਸਿਟੀ ਹਾਲ ਦੇ ਅੰਦਰ ਪੂਰਨ ਮਹਿਸੂਸ ਕਰਦੇ ਹੋਏ ਦਾਖਲ ਹੋਏ ਹਨ।

ਕਿਰਪਾਨ ਲਈ ਨਿਰਧਾਰਤ ਕੀਤੇ ਗਏ ਨਿਯਮ

ਸਿਟੀ ਹਾਲ ਵਿੱਚ ਕਿਰਪਾਨ ਲਿਜਾਣ ਲਈ ਕੁਝ ਸਰਤਾਂ ਰੱਖੀਆਂ ਗਈਆਂ ਹਨ, ਜਿਨ੍ਹਾਂ ਅਨੁਸਾਰ ਕਿਰਪਾਨ ਦੀ ਲੰਬਾਈ 10 ਇੰਚ ਜਾਂ ਇਸ ਤੋਂ ਘੱਟ ਹੋਣੀ ਚਾਹੀਦੀ ਹੈ ਅਤੇ ਇਹ ਗਾਤਰੇ (ਮਿਆਨ) ਵਿੱਚ ਹੋਣੀ ਲਾਜਮੀ ਹੈ। ਕੌਂਸਲ ਮੈਂਬਰ ਕੈਟੀ ਮੇਪਲ, ਜਿਨ੍ਹਾਂ ਨੇ ਇਸ ਆਰਡੀਨੈਂਸ ਨੂੰ ਪਾਸ ਕਰਵਾਉਣ ਵਿੱਚ ਮੁੱਖ ਭੂਮਿਕਾ ਨਿਭਾਈ, ਨੇ ਕਿਹਾ ਕਿ ਇਹ ਸਿਰਫ ਇੱਕ ਨੀਤੀ ਨਹੀਂ ਹੈ, ਸਗੋਂ ਇਹ ਸਤਿਕਾਰ ਅਤੇ ਸਾਰਿਆਂ ਨੂੰ ਸਾਮਲ ਕਰਨ ਦੀ ਭਾਵਨਾ ਬਾਰੇ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਇਸ ਲਈ ਚੁੱਕਿਆ ਗਿਆ ਹੈ ਤਾਂ ਕਿ ਹਰ ਕੋਈ ਸਾਡੇ ਨਾਗਰਿਕ ਸਥਾਨਾਂ ਵਿੱਚ ਆਪਣੀ ਪਛਾਣ ਨਾਲ ਪੂਰੀ ਤਰ੍ਹਾਂ ਮੌਜੂਦ ਰਹਿ ਸਕੇ।

ਇਸ ਮੌਕੇ ਕਈ ਬੁਲਾਰਿਆਂ ਨੇ ਇਸ ਦਿਨ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦੇ ਨਾਲ ਹੀ ਸਿਟੀ ਕੌਂਸਲ ਨੇ ਅਪਰੈਲ ਮਹੀਨੇ ਨੂੰ 'ਸਿੱਖ ਵਿਰਾਸਤੀ ਮਹੀਨੇ' ਵਜੋਂ ਮਾਨਤਾ ਦੇਣ ਦਾ ਮਤਾ ਵੀ ਪਾਸ ਕੀਤਾ। ਸਿੱਖ ਸੰਸਥਾ 'ਜਕਾਰਾ ਮੂਵਮੈਂਟ' ਦੇ ਖੇਤਰੀ ਨਿਰਦੇਸਕ ਮਨਦੀਪ ਸਿੰਘ ਨੇ ਕਿਹਾ ਕਿ ਅਜਿਹੇ ਪਲ ਸਾਡੀ ਪਛਾਣ ਬਾਰੇ ਭਾਈਚਾਰੇ ਨੂੰ ਜਾਗਰੂਕ ਕਰਨ ਵਿੱਚ ਬਹੁਤ ਸਹਾਈ ਹੁੰਦੇ ਹਨ। ਉਨ੍ਹਾਂ ਨੇ ਇਸ ਫੈਸਲੇ ਦੀ ਸਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਸਿੱਖਾਂ ਬਾਰੇ ਸਮਾਜ ਵਿੱਚ ਚੰਗੀ ਜਾਣਕਾਰੀ ਜਾਵੇਗੀ।

## ਰੋਲਪਾ ਜਿਲ੍ਹੇ ਵਿੱਚ ਜੀਪ ਖੱਡ ਵਿੱਚ ਡਿੱਗੀ; 20 ਹਲਾਕ




ਨੇਪਾਲ ਦੇ ਰੋਲਪਾ ਜਿਲ੍ਹੇ ਵਿੱਚ ਅੱਜ ਸਾਮ ਵੇਲੇ ਸਰਧਾਲੂਆਂ ਨਾਲ ਭਰੀ ਇੱਕ ਜੀਪ ਪਹਾੜ ਤੋਂ ਹੇਠਾਂ ਡਿੱਗ ਗਈ। ਪੁਲੀਸ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਹਾਦਸੇ ਵਿੱਚ 20 ਜਣਿਆਂ ਦੀ ਮੌਤ ਹੋ ਗਈ ਹੈ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਸਰਧਾਲੂ ਰੁਕੁਮ ਪੂਰਬ ਤੋਂ ਜਲਜਲਾ ਜਾ ਰਹੇ ਸਨ।

ਰਿਪੋਰਟਾਂ ਅਨੁਸਾਰ ਇਹ ਹਾਦਸਾ ਥਾਬਾਂਗ ਨਗਰਪਾਲਿਕਾ ਖੇਤਰ ਵਿੱਚ ਉਸ ਵੇਲੇ ਵਾਪਰਿਆ ਜਦੋਂ ਇੱਕ ਜੀਪ ਪਹਾੜੀ ਤੋਂ 800 ਮੀਟਰ ਹੇਠਾਂ ਡੂੰਘੀ ਖੱਡ ਵਿੱਚ ਜਾ ਡਿੱਗੀ। ਦੱਸਿਆ ਜਾ ਰਿਹਾ ਹੈ ਕਿ ਯਾਤਰੀ ਪੂਰਨਮਾਸੀ ਮੌਕੇ ਵਿਸੇਸ ਪੂਜਾ ਅਤੇ ਰਸਮਾਂ ਨਿਭਾਉਣ ਜਾ ਰਹੇ ਸਨ।

ਰੋਲਪਾ ਜਿਲ੍ਹਾ ਪੁਲੀਸ ਦਫਤਰ ਦੇ ਸੂਚਨਾ ਅਧਿਕਾਰੀ ਸੁਨੀਲ ਥਾਪਾ ਨੇਪਾਲੀ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਦੇ ਹੀ ਪੁਲੀਸ ਟੀਮਾਂ ਅਤੇ ਸਥਾਨਕ ਲੋਕਾਂ ਨੂੰ ਬਚਾਅ ਕਾਰਜਾਂ ਲਈ ਭੇਜਿਆ ਗਿਆ। ਜਿਲ੍ਹਾ ਅਧਿਕਾਰੀ ਗੰਗਾ ਬਹਾਦੁਰ ਛੇਤਰੀ ਨੇ ਕਿਹਾ ਕਿ ਪ੍ਰਸਾਸਨ ਪੂਰੀ ਮੁਸਤੈਦੀ ਨਾਲ ਰਾਹਤ ਕਾਰਜਾਂ ਵਿੱਚ ਜੁਟਿਆ ਹੋਇਆ ਹੈ।

ਖਰਾਬ ਮੌਸਮ ਹੋ ਸਕਦਾ ਹੈ ਹਾਦਸੇ ਦਾ ਕਾਰਨ

ਮੁੱਢਲੀ ਜਾਂਚ ਵਿੱਚ ਅਧਿਕਾਰੀਆਂ ਨੂੰ ਸੱਕ ਹੈ ਕਿ ਇਲਾਕੇ ਵਿੱਚ ਹੋ ਰਹੀ ਬਾਰਿਸ ਕਾਰਨ ਸੜਕਾਂ 'ਤੇ ਪੈਦਾ ਹੋਈ ਫਿਸਲਣ ਕਾਰਨ ਗੱਡੀ ਬੇਕਾਬੂ ਹੋ ਗਈ ਹੋਵੇਗੀ। ਫਿਲਹਾਲ ਮੌਕੇ 'ਤੇ ਬਚਾਅ ਕਾਰਜ ਜਾਰੀ ਹਨ ਅਤੇ ਲਾਸਾਂ ਨੂੰ ਕੱਢਣ ਦੀਆਂ ਕੋਸਿਸਾਂ ਜਾਰੀ ਹਨ ਅਤੇ ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

## ਭਾਰਤੀ ਮੂਲ ਦੀ ਆਸਟਰੇਲਿਆਈ ਵੱਸੋਂ ਨੇ ਅੰਕੜਿਆਂ 'ਚ ਇੰਗਲੈਂਡ ਨੂੰ ਪਛਾੜਿਆ



ਆਸਟਰੇਲੀਆ ਦੀ ਆਬਾਦੀ ਦੇ ਇਤਿਹਾਸ ਵਿੱਚ ਇੱਕ ਵੱਡੀ ਤਬਦੀਲੀ ਆਈ ਹੈ। ਦਰਅਸਲ, ਇੱਥੇ ਹੁਣ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ ਨੇ ਅੰਕੜਿਆਂ ਵਿੱਚ ਇੰਗਲੈਂਡ ਦੇ ਮੂਲ ਨਿਵਾਸੀਆਂ ਨੂੰ ਵੀ ਪਛਾੜ ਦਿੱਤਾ ਹੈ।

ਆਸਟਰੇਲੀਅਨ ਬਿਊਰੋ ਆਫ ਸਟੈਟਿਸਟਿਕਸ () ਦੇ 2026 ਦੇ ਤਾਜਾ ਅੰਕੜਿਆਂ ਮੁਤਾਬਕ, ਆਸਟਰੇਲੀਆ ਵਿੱਚ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ 9,71,020 ਹੋ ਗਈ ਹੈ, ਜੋ ਕਿ ਇੰਗਲੈਂਡ ਦੇ 9,70,950 ਦੇ ਅੰਕੜੇ ਤੋਂ ਥੋੜ੍ਹੀ ਜਿਆਦਾ ਹੈ। ਇਹ ਵਾਧਾ ਮਾਮੂਲੀ ਹੋਣ ਦੇ ਬਾਵਜੂਦ ਇਤਿਹਾਸਕ ਤੌਰ 'ਤੇ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

ਖਾਸ ਗੱਲ ਇਹ ਹੈ ਕਿ 1891 ਵਿੱਚ ਰਿਕਾਰਡ ਰੱਖਣ ਦੀ ਸੁਰੂਆਤ ਤੋਂ ਬਾਅਦ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਇੰਗਲੈਂਡ ਪਹਿਲੇ ਨੰਬਰ ਤੋਂ ਹੇਠਾਂ ਖਿਸਕ ਗਿਆ ਹੈ।

ਮਾਹਿਰਾਂ ਮੁਤਾਬਕ ਇਹ ਬਦਲਾਅ ਪਿਛਲੇ 10 ਸਾਲਾਂ ਦੌਰਾਨ ਆਸਟਰੇਲੀਆ ਵਿੱਚ ਭਾਰਤੀ ਪਰਵਾਸੀਆਂ ਦੀ ਗਿਣਤੀ ਵਿੱਚ ਹੋਏ 5 ਲੱਖ ਤੋਂ ਵੱਧ ਦੇ ਵਾਧੇ ਅਤੇ ਇੰਗਲੈਂਡ ਮੂਲ ਦੀ ਵੱਸੋਂ ਦੇ ਉਮਰ ਦਰਾਜ ਹੋਣ ਕਾਰਨ ਦੇਖਣ ਨੂੰ ਮਿਲਿਆ ਹੈ।

ਅੰਕੜਾ ਵਿਭਾਗ ਅਨੁਸਾਰ, ਇਸ ਸਮੇਂ ਆਸਟਰੇਲੀਆ ਦੀ ਕੁੱਲ ਆਬਾਦੀ ਦਾ ਲਗਪਗ 32 ਫੀਸਦੀ ਹਿੱਸਾ ਉਨ੍ਹਾਂ ਲੋਕਾਂ ਦਾ ਹੈ ਜਿਨ੍ਹਾਂ ਦਾ ਜਨਮ ਵਿਦੇਸਾਂ ਵਿੱਚ ਹੋਇਆ ਹੈ।

## ਏਅਰ ਇੰਡੀਆ ਐਕਸਪ੍ਰੈਸ ਨੇ ਖਾੜੀ ਦੇਸਾਂ ਲਈ ਉਡਾਣਾਂ ਵਧਾਈਆਂ




ਏਅਰ ਇੰਡੀਆ ਐਕਸਪ੍ਰੈਸ ਨੇ ਵੀਰਵਾਰ ਨੂੰ ਕਤਰ ਅਤੇ ਬਹਿਰੀਨ ਲਈ ਆਪਣੀਆਂ ਉਡਾਣਾਂ ਫਿਰ ਤੋਂ ਸੁਰੂ ਕਰ ਦਿੱਤੀਆਂ ਹਨ। ਇਸ ਦੇ ਨਾਲ ਹੀ ਕੰਪਨੀ ਨੇ ਸੰਯੁਕਤ ਅਰਬ ਅਮੀਰਾਤ (), ਓਮਾਨ ਅਤੇ ਸਾਊਦੀ ਅਰਬ ਲਈ ਵੀ ਆਪਣੀਆਂ ਉਡਾਣਾਂ ਦੀ ਗਿਣਤੀ ਵਧਾ ਦਿੱਤੀ ਹੈ। ਗਰਮੀਆਂ ਦੇ ਰੁਝੇਵੇਂ ਵਾਲੇ ਸੀਜਨ ਤੋਂ ਪਹਿਲਾਂ ਭਾਰਤ ਅਤੇ ਖਾੜੀ ਦੇਸਾਂ ਵਿਚਕਾਰ ਹਵਾਈ ਸਫਰ ਨੂੰ ਸੁਖਾਲਾ ਬਣਾਉਣ ਲਈ ਇਹ ਇੱਕ ਵੱਡਾ ਕਦਮ ਹੈ। ਵੀਰਵਾਰ ਤੋਂ ਸੁਰੂ ਹੋਈਆਂ ਇਹ ਸੇਵਾਵਾਂ ਅੰਤਰਰਾਸਟਰੀ ਸੰਪਰਕ, ਪਰਵਾਸੀ ਭਾਰਤੀਆਂ ਦੀ ਆਵਾਜਾਈ ਅਤੇ ਮਜਦੂਰਾਂ ਦੇ ਆਉਣ-ਜਾਣ ਲਈ ਘੱਟ ਖਰਚ ਵਾਲੇ ਵਧੀਆ ਵਿਕਲਪ ਸਾਬਤ ਹੋਣਗੀਆਂ।

ਇਸ ਏਅਰਲਾਈਨ ਨੇ ਦਿੱਲੀ, ਮੁੰਬਈ, ਬੰਗਲੁਰੂ, ਹੈਦਰਾਬਾਦ, ਕੋਚੀ, ਕੋਝੀਕੋਡ, ਕੰਨੂਰ, ਅੰਮ੍ਰਿਤਸਰ, ਜੈਪੁਰ, ਲਖਨਊ, ਮੰਗਲੁਰੂ, ਵਾਰਾਣਸੀ, ਤਿਰੂਵਨੰਤਪੁਰਮ ਅਤੇ ਤਿਰੂਚਿਰਾਪੱਲੀ ਵਰਗੇ ਮਹਾਨਗਰਾਂ ਅਤੇ ਛੋਟੇ ਸਹਿਰਾਂ ਤੋਂ ਆਪਣੀਆਂ ਉਡਾਣਾਂ ਸੁਰੂ ਕੀਤੀਆਂ ਹਨ। ਇਸ ਨਾਲ ਭਾਰਤ ਅਤੇ ਮੱਧ ਪੂਰਬ ਦੇ ਦੇਸਾਂ ਵਿਚਕਾਰ ਹਵਾਈ ਸੰਪਰਕ ਦੇ ਖੇਤਰ ਵਿੱਚ ਕੰਪਨੀ ਦੀ ਸਥਿਤੀ ਹੋਰ ਮਜਬੂਤ ਹੋ ਗਈ ਹੈ।

ਖਾੜੀ ਦੇਸਾਂ ਦੇ ਪ੍ਰਮੁੱਖ ਹਵਾਈ ਅੱਡਿਆਂ ਨਾਲ ਸੰਪਰਕ

ਏਅਰ ਇੰਡੀਆ ਐਕਸਪ੍ਰੈਸ ਦੀਆਂ ਇਹ ਉਡਾਣਾਂ ਯੂਏਈ ਦੇ ਦੁਬਈ, ਅਬੂ ਧਾਬੀ, ਸਾਰਜਾਹ, ਰਾਸ ਅਲ ਖੈਮਾਹ ਅਤੇ ਅਲ ਐਨ; ਓਮਾਨ ਦੇ ਮਸਕਟ; ਸਾਊਦੀ ਅਰਬ ਦੇ ਜੇਦਾਹ, ਰਿਆਧ ਅਤੇ ਦਮਾਮ ਦੇ ਨਾਲ-ਨਾਲ ਦੋਹਾ ਅਤੇ ਮਨਾਮਾ ਵਰਗੇ ਪ੍ਰਮੁੱਖ ਸਹਿਰਾਂ ਲਈ ਚੱਲਣਗੀਆਂ। ਇਹ ਰੂਟ ਭਾਰਤੀ ਪਰਵਾਸੀਆਂ ਅਤੇ ਕਾਰੋਬਾਰੀਆਂ ਲਈ ਬਹੁਤ ਮਹੱਤਵਪੂਰਨ ਹਨ।

ਸਹਿਰਾਂ ਅਨੁਸਾਰ ਨਵਾਂ ਸਡਿਊਲ

ਨਵੇਂ ਸਡਿਊਲ ਮੁਤਾਬਕ ਦੁਬਈ ਨੂੰ ਕੰਨੂਰ, ਲਖਨਊ, ਮੰਗਲੁਰੂ ਅਤੇ ਤਿਰੂਚਿਰਾਪੱਲੀ ਨਾਲ ਜੋੜਿਆ ਜਾਵੇਗਾ, ਜਦਕਿ ਅਬੂ ਧਾਬੀ ਲਈ ਦਿੱਲੀ, ਕੋਚੀ, ਕੋਝੀਕੋਡ, ਮੰਗਲੁਰੂ ਅਤੇ ਮੁੰਬਈ ਤੋਂ ਉਡਾਣਾਂ ਚੱਲਣਗੀਆਂ। ਸਾਰਜਾਹ ਲਈ ਅੰਮ੍ਰਿਤਸਰ, ਜੈਪੁਰ, ਕੰਨੂਰ, ਕੋਝੀਕੋਡ ਅਤੇ ਵਾਰਾਣਸੀ ਤੋਂ ਸੇਵਾਵਾਂ ਮਿਲਣਗੀਆਂ। ਰਾਸ ਅਲ ਖੈਮਾਹ ਨੂੰ ਕੋਚੀ ਅਤੇ ਕੋਝੀਕੋਡ ਨਾਲ ਅਤੇ ਅਲ ਐਨ ਨੂੰ ਕੋਝੀਕੋਡ ਨਾਲ ਜੋੜਿਆ ਗਿਆ ਹੈ।

ਮਸਕਟ ਲਈ ਦਿੱਲੀ, ਕੰਨੂਰ, ਮੁੰਬਈ ਅਤੇ ਤਿਰੂਵਨੰਤਪੁਰਮ ਤੋਂ ਸਿੱਧੀਆਂ ਉਡਾਣਾਂ ਹੋਣਗੀਆਂ। ਸਾਊਦੀ ਅਰਬ ਵਿੱਚ ਜੇਦਾਹ ਲਈ ਬੰਗਲੁਰੂ, ਹੈਦਰਾਬਾਦ, ਕੋਝੀਕੋਡ ਅਤੇ ਮੰਗਲੁਰੂ ਤੋਂ ਸੇਵਾ ਮਿਲੇਗੀ, ਜਦਕਿ ਰਿਆਧ ਲਈ ਕੰਨੂਰ ਅਤੇ ਕੋਚੀ ਤੋਂ ਉਡਾਣਾਂ ਚੱਲਣਗੀਆਂ। ਦਮਾਮ ਨੂੰ ਕੋਚੀ, ਕੋਝੀਕੋਡ ਅਤੇ ਮੰਗਲੁਰੂ ਨਾਲ ਜੋੜਿਆ ਗਿਆ ਹੈ।

## ਇਜਰਾਇਲ ਨੇ ਜਹਾਜ ਦਾ ਅਮਲਾ ਹਿਰਾਸਤ 'ਚ ਲਿਆ



ਗਾਜਾ ਪੱਟੀ ਦੀ ਇਜਰਾਇਲੀ ਸਮੁੰਦਰੀ ਘੇਰਾਬੰਦੀ ਨੂੰ ਤੋੜਨ ਅਤੇ ਮਾਨਵੀ ਸਹਾਇਤਾ ਪਹੁੰਚਾਉਣ ਦੀ ਕੋਸਿਸ ਕਰ ਰਹੇ ਦਰਜਨਾਂ ਕਿਸਤੀਆਂ 'ਤੇ ਸਵਾਰ ਕਾਰਕੁਨਾਂ ਨੇ ਕਿਹਾ ਕਿ ਇਜਰਾਇਲੀ ਫੌਜ ਨੇ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ ਅਤੇ ਅਮਲੇ ਨੂੰ ਹਿਰਾਸਤ 'ਚ ਲੈ ਲਿਆ ਹੈ। ਇਹ ਕਾਰਵਾਈ ਉਦੋਂ ਹੋਈ ਜਦੋਂ ਇਹ ਕਾਫਲਾ ਦੱਖਣੀ ਯੂਨਾਨੀ ਟਾਪੂ ਕ੍ਰੀਟ ਨੇੜੇ ਸੀ। ਗਲੋਬਲ ਸੁਮੁਦ ਫਲੋਟਿਲਾ ਬੇੜਾ ਇਸ ਮਹੀਨੇ ਦੇ ਸੁਰੂ ਵਿੱਚ ਸਪੇਨ ਦੇ ਬਾਰਸੀਲੋਨਾ ਤੋਂ ਰਵਾਨਾ ਹੋਇਆ ਸੀ। ਪ੍ਰਬੰਧਕਾਂ ਨੇ ਦੱਸਿਆ ਕਿ ਦੁਨੀਆ ਭਰ ਦੇ ਇਕ ਹਜਾਰ ਤੋਂ ਵੱਧ ਲੋਕ ਅਤੇ 70 ਤੋਂ ਵੱਧ ਕਿਸਤੀਆਂ ਗਾਜਾ ਵੱਲ ਵਧ ਰਹੀਆਂ ਸਨ। ਜਿਵੇਂ-ਜਿਵੇਂ ਇਹ ਕਾਫਲਾ ਭੂ-ਮੱਧ ਸਾਗਰ ਰਾਹੀਂ ਪੂਰਬ ਵੱਲ ਵਧਿਆ ਤਾਂ ਹੋਰ ਕਿਸਤੀਆਂ ਵੀ ਇਸ ਨਾਲ ਜੁੜਦੀਆਂ ਗਈਆਂ। ਇਹ ਕੋਸਿਸ ਇਜਰਾਇਲੀ ਅਧਿਕਾਰੀਆਂ ਵੱਲੋਂ ਇਸੇ ਗਰੁੱਪ ਦੀ ਗਾਜਾ ਪਹੁੰਚਣ ਦੀ ਇਕ ਹੋਰ ਕੋਸਿਸ ਨੂੰ ਨਾਕਾਮ ਕੀਤੇ ਜਾਣ ਦੇ ਸਾਲ ਤੋਂ ਵੀ ਘੱਟ ਸਮੇਂ ਬਾਅਦ ਕੀਤੀ ਗਈ ਹੈ।

ਗਰੁੱਪ ਨੇ ਬਿਆਨ ਵਿੱਚ ਕਿਹਾ, "ਇਜਰਾਈਲ ਦੀਆਂ ਕਾਰਵਾਈਆਂ ਖਤਰਨਾਕ ਹਨ ਅਤੇ ਪੂਰੀ ਦੁਨੀਆ ਦੇ ਸਾਹਮਣੇ ਗਾਜਾ ਤੋਂ 600 ਮੀਲ ਤੋਂ ਵੱਧ ਦੀ ਦੂਰੀ 'ਤੇ ਭੂ-ਮੱਧ ਸਾਗਰ ਦੇ ਵਿਚਕਾਰ ਨਾਗਰਿਕਾਂ ਨੂੰ ਅਗਵਾ ਕਰਨਾ ਅਤਿ ਨਿੰਦਣਯੋਗ ਹੈ।" ਉਧਰ ਇਜਰਾਇਲੀ ਵਿਦੇਸ ਮੰਤਰਾਲੇ ਨੇ 'ਐਕਸ' 'ਤੇ ਕਿਹਾ ਕਿ ਉਹ ਫਲੋਟਿਲਾ ਵਿੱਚ ਸਾਮਲ 20 ਤੋਂ ਵੱਧ ਕਿਸਤੀਆਂ ਦੇ ਲਗਪਗ 175 ਕਾਰਕੁਨਾਂ ਨੂੰ ਇਜਰਾਈਲ ਲੈ ਕੇ ਜਾ ਰਹੇ ਹਨ। ਤੁਰਕੀ ਦੇ ਵਿਦੇਸ਼ ਮੰਤਰਾਲੇ ਨੇ ਫਲੋਟਿਲਾ ਨੂੰ ਕਬਜੇ 'ਚ ਲੈਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਸਮੁੰਦਰੀ ਡਕੈਤੀ ਹੈ।

# ਮੈਂ ਸਿਡਨੀ ਤੋਂ ਸੇਵਾਮੁਕਤ ਸੂਬੇਦਾਰ ਸਰੈਣ ਸਿੰਘ ਬੋਲਦਾਂ

ਸਥਾਨ:- ਸਿਡਨੀ ਦੀ ਇੱਕ ਸੱਥ ਜਿਸ ਵਿੱਚ 50 ਕੁ ਸੀਨੀਅਰ ਸਿਟੀਜਨਜ਼ ਇਕੱਠੇ ਹੋ ਕੇ ਹਰ ਐਤਵਾਰ ਹਲਕੀਆਂ ਫੁਕੀਆਂ ਗੱਲਾਂ ਕਰਦੇ ਹਨ ਤੇ ਸੱਭਿਆਚਾਰਕ ਅਦਾਨ ਪ੍ਰਦਾਨ ਕਰਦੇ ਹਨ। ਇਸ ਸੱਥ ਦਾ ਇੱਕ ਸਟੇਜ ਚਾਲਕ ਹੈ।
ਸਟੇਜ ਸਮੱਗਰੀ:- ਇੱਕ ਲੈਕਚਰ ਸਟੈਂਡ, 50-60 ਕੁਰਸੀਆਂ ਤੇ ਸਾਊਂਡ ਸਿਸਟਮ
ਸਮਾਂ:- ਵਰਤਮਾਨ
ਪਾਤਰ:- (1). ਸੱਥ ਦੇ ਨਰ ਅਤੇ ਮਾਦਾ ਮੈਂਬਰ
(2). ਸਟੇਜ ਚਾਲਕ
(3). ਸੂਬੇਦਾਰ ਸਰੈਣ ਸਿੰਘ- ਉਮਰ 83-84 ਸਾਲ, ਕੱਦ 5 ਫੁੱਟ 9 ਇੰਚ, ਰੰਗ ਗੋਰਾ, ਦਿਖ ਸਿੱਖੀ
(4). ਪੱਤਰਕਾਰ
(5). ਕਰਮ ਸਿੰਘ- ਸੱਥ ਦਾ ਇੱਕ ਮੈਂਬਰ
(6). ਪ੍ਰਕਾਸ਼ ਕੌਰ ਸੱਥ ਦੀ ਮੈਂਬਰ
(7). ਇੱਕ ਮਨਚਲਾ ਜਿਹਾ ਅਮਲੀ/ਪੋਸਤੀ
ਪਹਿਰਾਵੇ:- ਸਾਧਾਰਨ, ਸਰੈਣ ਸਿੰਘ ਬੁੱਢਾ ਮਹਿਸੂਸ ਹੋਵੇ।

ਭਾਗ 1
ਨਿਰਦੇਸ਼ਕ ਨਾਟਕ ਸ਼ੁਰੂ ਇੰਜ ਕਰਵਾਉਂਦਾ ਹੈ:-
ਹਾਜ਼ਰੀਨ,
ਤੁਸੀਂ ਜਾਣਦੇ ਹੀ ਹੋ ਕਿ ਸਾਡੀ ਇਸ ਸੱਥ ਵਿੱਚ ਹਰ ਮਹੀਨੇ ਸਿੱਖਿਆਦਾਇਕ ਤੇ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਪੇਸ਼ਕਾਰੀ ਨੂੰ ਜ਼ਿਆਦਾ ਵਖਰੇਵਾਂ ਭਰਪੂਰ ਬਣਾਉਣ ਲਈ ਅਸੀਂ ਇਸ ਵਿੱਚ ਇੱਕ ਲਘੂ ਨਾਟਕ ਨੂੰ ਵੀ ਸ਼ਾਮਿਲ ਕੀਤਾ ਹੈ। ਅੱਜ ਅਸੀਂ ਇੱਕ ਲਘੂ ਨਾਟਕ ਪੇਸ਼ ਕਰਨ ਜਾ ਰਹੇ ਹਾਂ। ਇਹ ਨਾਟਕ ਸੀਨੀਅਰ ਸਿਟੀਜਨਾਂ ਦੀਆਂ ਮੁਸ਼ਕਲਾਂ ਨੂੰ ਉਜਾਗਰ ਕਰਦਾ ਹੈ। ਸੋ ਪੇਸ਼ ਹੈ ਅਵਤਾਰ ਐਸ. ਸੰਘਾ ਦੁਆਰਾ ਲਿਖਿਆ ਅਤੇ ਨਿਰਦੇਸ਼ਨ ਕੀਤਾ ਹੋਇਆ ਨਾਟਕ 'ਮੈਂ ਸਿਡਨੀ ਤੋਂ ਸੇਵਾਮੁਕਤ ਸੂਬੇਦਾਰ ਸਰੈਣ ਸਿੰਘ ਬੋਲਦਾਂ':
(ਪਰਦਾ ਉੱਠਦਾ ਹੈ)
(ਸਰੈਣ ਸਿੰਘ ਸਟੇਜ ਤੇ ਖੜ੍ਹਾ ਹੈ। ਉਸਨੇ ਕੰਨ ਨੂੰ ਫੋਨ ਲਗਾਇਆ ਹੋਇਆ ਹੈ।)
ਸਰੈਣ ਸਿੰਘ:- ਹੈਲੋ, ਹੈਲੋ, ਪੱਤਰਕਾਰ ਜੀ ਸਤਿ ਸ਼੍ਰੀ ਅਕਾਲ।
ਪੱਤਰਕਾਰ (ਕੈਲੀਫੋਰਨੀਆ ਗਿਆ ਹੋਇਆ ਏ):- ਹੈਲੋ ਜੀ। ਕੀ ਹਾਲ ਏ?
ਸਰੈਣ ਸਿੰਘ:- ਠੀਕ ਹੈ ਜੀ। ਕਦੇ ਦਰਸ਼ਣ ਨਹੀਂ ਹੁੰਦੇ?
ਪੱਤਰਕਾਰ:- ਬਾਈ ਜੀ, ਮੈਂ ਕੈਲੀਫੋਰਨੀਆ ਆਇਆ ਹੋਇਆ ਹਾਂ। ਸਭ ਸੁੱਖ ਸਾਂਦ ਤਾਂ ਹੈ?
ਸਰੈਣ:- ਸਭ ਠੀਕ ਹੈ। ਮੈਂ ਤੁਹਾਡੇ ਨਾਲ਼ ਆਪਣੇ ਦੁੱਖੜੇ ਸਾਂਝੇ ਕਰਨੇ ਚਾਹੁੰਦਾ ਹਾਂ।
ਪੱਤਰਕਾਰ:- ਕੀ ਗੱਲ ਹੋਈ? ਕੁਝ ਅੱਜ ਦੱਸ ਲਓ, ਬਾਕੀ ਸਿਡਨੀ ਆ ਕੇ ਸਹੀ।
ਸਰੈਣ:- ਮੈਂ ਸਿੱਖ ਰੈਜੀਮੈਂਟ ਤੋਂ ਹਾਂ। ਕਸ਼ਮੀਰ ਵਿੱਚ ਉਚੇਚੇ ਪਹਾੜਾਂ ਤੇ ਲੰਬਾ ਸਮਾਂ ਪੋਸਟਿੰਗ ਹੋਣ ਕਰਕੇ ਮੈਨੂੰ ਸੇਵਾ ਮੁਕਤੀ ਦੇ ਸਮੇਂ ਹੀ ਭਾਰੇ ਭਾਰੇ ਸਾਹ ਆਉਣ ਲੱਗ ਪਏ ਸਨ। ਇਸ ਲਈ ਮੇਰੇ ਦਿਲ ਵਿੱਚ ਪੇਸ ਮੇਕਰ ਪਾਇਆ ਗਿਆ ਸੀ। ਦਸ ਸਾਲ ਬਾਅਦ ਇਹ ਪੇਸ ਮੇਕਰ ਬਦਲਣਾ ਪਿਆ ਸੀ। ਪਾਉਣ ਤੇ ਬਦਲਣ ਦਾ ਕੰਮ ਮਿਲਟਰੀ ਹਸਪਤਾਲ ਵਿੱਚ ਹੋ ਜਾਂਦਾ ਹੈ। ਇਸਤੇ ਮੇਰਾ ਕੋਈ ਖਰਚਾ ਨਹੀਂ ਹੁੰਦਾ। ਵੈਸੇ ਮੇਰੀ ਸਿਹਤ ਸੋਹਣੀ ਹੈ, ਕਵਿਤਾ ਲਿਖਣ ਦਾ ਸ਼ੌਂਕ ਵੀ ਰੱਖਦਾ ਹਾਂ। ਮੇਰੀਆਂ ਬਹੁਤੀਆਂ ਕਵਿਤਾਵਾਂ ਧਾਰਮਿਕ ਤੇ ਸਟੇਜੀ ਹੁੰਦੀਆਂ ਹਨ।"
ਪੱਤਰਕਾਰ:- ਵੀਰ ਜੀ, ਤੁਸੀਂ ਤਾਂ ਇਵੇਂ ਬੋਲਣ ਲੱਗ ਪਏ ਜਿਵੇਂ ਮੈਂ ਤੁਹਾਡੇ ਬਾਰੇ ਲੇਖ ਲਿਖਣ ਲਈ ਬਿਰਤਾਂਤ ਮੰਗਦਾ ਹੋਵਾਂ।
ਸਰੈਣ:- ਵੀਰ ਜੀ, ਮੈਂ ਚਾਹੁੰਦਾ ਹਾਂ ਕਿ ਮੇਰਾ ਇਹ ਬਿਰਤਾਂਤ ਤੁਹਾਡੀ ਅਖਬਾਰ ਦਾ ਮੂੰਹ ਬੋਲਦਾ ਬਿਰਤਾਂਤ ਬਣੇ। ਮੈਂ ਬੜਾ ਦੁਖੀ ਹਾਂ।
ਪੱਤਰਕਾਰ:- ਕੀ ਸਿਡਨੀ ਵਿੱਚ ਪੱਕੇ ਤੌਰ ਤੇ ਰਹਿੰਦੇ ਹੋ?
ਸਰੈਣ:- ਨਹੀਂ ਜੀ। ਮੈਂ ਛੇ ਮਹੀਨੇ ਪੰਜਾਬ ਬਿਤਾਉਂਦਾ ਹਾਂ ਤੇ ਛੇ ਮਹੀਨੇ ਸਿਡਨੀ ਵਿੱਚ।
ਪੱਤਰਕਾਰ:- ਇੰਝ ਕਿਓਂ?
ਸਰੈਣ:- ਸਰਕਾਰਾਂ ਦੀਆਂ ਪਾਲਿਸੀਆਂ ਤੇ ਪਰਵਾਸ ਨਾਲ਼ ਸੰਬੰਧਤ ਕਾਨੂੰਨ ਹੀ ਇਸ ਕਿਸਮ ਦੇ ਹਨ। ਛੇ ਮਹੀਨੇ ਬਾਅਦ ਸਿਡਨੀ ਛੱਡਣਾ ਹੀ ਪੈਂਦਾ ਹੈ। ਫਿਰ ਬੰਦਾ ਕਿੱਥੇ ਜਾਵੇ?
ਪੱਤਰਕਾਰ:- ਕੀ ਫਿਰ ਪੰਜਾਬ ਵਿੱਚ ਆਪਣੇ ਪਿੰਡ ਜਾਂਦੇ ਹੋ? ਤੁਹਾਡੀ ਜੀਵਨ ਸਾਥਣ ਕਿੱਥੇ ਹੈ?
ਸਰੈਣ:- ਜਾਂਦਾ ਤਾਂ ਪਿੰਡ ਹੀ ਹਾਂ। ਜੀਵਨ ਸਾਥਣ 2013 ਵਿੱਚ ਸਾਥ ਛੱਡ ਗਈ ਸੀ।
ਪੱਤਰਕਾਰ:- ਪੂਰੀ ਹੋ ਗਈ ਸੀ?
ਸਰੈਣ:- ਜੀ ਹਾਂ, ਉਹ ਰੱਬ ਨੂੰ ਪਿਆਰੀ ਹੋ ਗਈ ਸੀ।
ਪੱਤਰਕਾਰ:- ਉਹ ਕਿਵੇਂ?
ਸਰੈਣ:- ਗਾਲ ਬਲੈਡਰ ਦਾ ਕੈਂਸਰ ਸੀ। ਬੜਾ ਖਰਚਾ ਆਇਆ ਸੀ। 10 ਲੱਖ ਰੁਪਏ। ਬਚਾਅ ਫਿਰ ਵੀ ਨਾ ਸਕੇ।
ਪੱਤਰਕਾਰ:- ਪਿੰਡ ਜਾ ਕੇ ਇਕੱਲੇ ਹੀ ਰਹਿੰਦੇ ਹੋ? ਪਿੰਡ ਹੋਰ ਕੌਣ ਏ? ਰੋਟੀ ਕੌਣ ਬਣਾਉਂਦਾ ਏ?
ਸਰੈਣ:- ਪਿੰਡ ਇੱਕ ਗੋਰਖਾ ਰੱਖਿਆ ਹੋਇਆ ਏ। ਉਹ ਘਰ ਦਾ ਕੰਮ ਵੀ ਕਰਦਾ ਏ ਤੇ ਰੋਟੀ ਵੀ ਬਣਾ ਦਿੰਦਾ ਏ। ਸਾਲ਼ੇ ਨੌਕਰਾਂ ਦਾ ਵੀ ਖਤਰਾ ਹੀ ਰਹਿੰਦਾ ਏ। ਵਾਰਦਾਤਾਂ ਕਰਕੇ ਦੌੜ ਵੀ ਜਾਂਦੇ ਹਨ। ਪੰਜਾਬ ਵਿੱਚ ਬੜੀਆਂ ਅਜੀਬ ਅਜੀਬ ਵਾਰਦਾਤਾਂ ਹੁੰਦੀਆਂ ਰਹਿੰਦੀਆਂ ਹਨ। ਇੱਕ ਤਾਂ 83 ਸਾਲ ਦਾ ਹਾਂ, ਦੂਜਾ ਅੱਧ ਪੁਚੱਧਾ ਐੱਨ. ਆਰ. ਆਈ ਵੀ ਹਾਂ।
ਪੱਤਰਕਾਰ:- ਅੱਧ ਪੁਚੱਧੇ ਤੋਂ ਕੀ ਭਾਵ?
ਸਰੈਣ:- ਜਿਹੜਾ ਬੰਦਾ ਵਾਰ ਵਾਰ ਆਸਟਰੇਲੀਆ ਜਾਂ ਕੈਨੇਡਾ ਜਾਈ ਜਾਵੇ ਉਹ ਪੰਜਾਬ ਦੇ ਲੋਕਾਂ ਨੂੰ, ਖਾਸ ਕਰਕੇ ਨੌਕਰਾਂ ਚਾਕਰਾਂ ਨੂੰ, ਅੱਧ ਪੁਚੱਧਾ ਬਾਹਰਲਾ ਲੱਗਣ ਲੱਗ ਪੈਂਦਾ ਏ। ਜੱਟਾਂ ਜ਼ਿੰਮੀਦਾਰਾਂ ਪਾਸ ਜ਼ਮੀਨ ਤਾਂ ਥੋੜ੍ਹੀ ਬਹੁਤ ਹੁੰਦੀ ਹੀ ਏ। ਕਈਆਂ ਨੂੰ ਨੌਕਰੀ ਦੀ ਪੈਨਸ਼ਨ ਵੀ ਹੁੰਦੀ ਏ। ਲੁਟੇਰਿਆਂ ਤੇ ਨੌਕਰਾਂ ਚਾਕਰਾਂ ਨੂੰ ਦੋ ਆਮਦਨਾ ਤਾਂ ਦਿਖਦੀਆਂ ਹੁੰਦੀਆਂ ਹੀ ਹਨ। ਤੀਜਾ ਠੱਪਾ ਬੰਦੇ ਤੇ ਬਾਹਰਲਾ ਲੱਗ ਜਾਂਦਾ ਏ। ਜੇ ਬੰਦਾ ਬਾਹਰ ਨਾ ਵੀ ਪੱਕਾ ਹੋਇਆ ਹੋਵੇ ਫਿਰ ਵੀ ਲੁਟੇਰੇ ਤੇ ਨੌਕਰ ਚਾਕਰ ਇਹ ਤਾਂ ਅੰਦਾਜਾ ਲਗਾਉਂਦੇ ਹੀ ਰਹਿੰਦੇ ਹਨ ਕਿ ਬੰਦਾ ਬਾਹਰੋਂ ਆਉਂਦਾ ਹੋਇਆ ਦੋ ਚਾਰ ਬਾਹਰ ਦੀਆਂ ਚੀਜ਼ਾਂ ਤਾਂ ਲਿਆਇਆ ਹੀ ਹੋਊ। ਜਦ ਅਸੀਂ ਬਾਹਰੋਂ ਪੰਜਾਬ ਨੂੰ ਜਾਂਦੇ ਹਾਂ ਤਾਂ ਸਾਡੇ ਪਾਸ ਦੋ ਕੁ ਵੱਡੇ ਵੱਡੇ ਅਟੈਚੀ ਤਾਂ ਹੁੰਦੇ ਹੀ ਹਨ। ਅਸੀਂ ਇਹ ਅਟੈਚੀ ਦਿੱਲੀਓਂ ਪੰਜਾਬ ਨੂੰ ਜਾਂਦੇ ਸਮੇਂ ਆਪਣੇ ਵਾਹਨਾਂ ਦੇ ਸਿਖਰ ਸਜਾ ਕੇ ਵੀ ਅਕਸਰ ਸਫਰ ਕਰਦੇ ਹਾਂ। ਚੋਰ ਉਚੱਕੇ ਐਨ. ਆਰ. ਆਈ ਨੂੰ ਪਛਾਨਣ ਵਿੱਚ ਇੱਕ ਮਿੰਟ ਵੀ ਨਹੀਂ ਲਗਾਉਂਦੇ। ਮਜਬੂਰੀ ਵਿੱਚ ਜਾਂ ਜਾਣ ਬੁੱਝ ਕੇ ਹੁਣ ਅਸੀਂ ਹੋਰ ਬਹੁਤ ਘਟੀਆ ਕੰਮ ਕਰਨ ਲੱਗ ਪਏ ਹਾਂ।
ਪੱਤਰਕਾਰ:- ਘਟੀਆ ਕੰਮ? ਉਹ ਕਿਹੜਾ।
ਸਰੈਣ:- ਅਣਜਾਣ ਟੈਕਸੀ ਵਾਲ਼ਾ ਲੈ ਕੇ ਤੁਰ ਪੈਂਦੇ ਹਾਂ। ਸਫਰ ਅਕਸਰ ਅੱਧਾ ਪੁਚੱਧਾ ਰਾਤ ਦਾ ਹੁੰਦਾ ਹੀ ਏ। ਅਸੀਂ ਇੰਨੇ ਕਾਹਲ਼ੇ ਹੁੰਦੇ ਹਾਂ ਕਿ ਜਹਾਜ ਤੋਂ ਉੱਤਰ ਕੇ ਚੰਦ ਘੰਟੇ ਦਿਨ ਚੜ੍ਹਨ ਦਾ ਇੰਤਜ਼ਾਰ ਵੀ ਨਹੀਂ ਕਰਦੇ। ਅਣਜਾਣ ਟੈਕਸੀ ਵਾਲ਼ਾ ਸਾਨੂੰ ਚੁੱਕ ਕੇ ਤੁਰ ਪੈਂਦਾ ਏ ਤੇ ਨਾਲ਼ ਹੀ ਆਪਣੇ ਕਿਸੇ ਸਾਥੀ ਨੂੰ ਫੋਨ ਤੇ ਕਿਸੇ ਉਜਾੜ ਥਾਂ ਤੇ ਹੱਥ ਦੇਣ ਬਾਰੇ ਸਮਝਾ ਦਿੰਦਾ ਏ। ਅਸੀਂ ਮੁਸਾਫਰ ਆਪਣੇ ਜੱਦੀ ਘਰ ਨੂੰ ਜਾ ਰਹੇ ਅੰਤਾਂ ਦੇ ਖੁਸ਼ ਹੁੰਦੇ ਹਾਂ। ਦੁੱਖ ਦਾ ਪਹਾੜ ਉਦੋਂ ਗਿਰਦਾ ਹੈ ਜਦੋਂ ਡਰਾਇਵਰ ਦਾ ਸਾਥੀ ਲੁਟੇਰਾ ਗੱਡੀ ਨੂੰ ਹੱਥ ਦੇ ਕੇ ਰੁਕਵਾ ਕੇ ਚੜ੍ਹ ਜਾਂਦਾ ਹੈ। ਫਿਰ ਇਹ ਦੋਨੋ ਮੁਸਾਫਿਰ ਨਾਲ਼ ਕਿਵੇਂ ਪੇਸ਼ ਆਉਂਦੇ ਹਨ ਤੁਸੀਂ ਖੁਦ ਹੀ ਕਲਪਨਾ ਕਰ ਸਕਦੇ ਹੋ। ਮੈਂ 83 ਸਾਲ ਦਾ ਬੰਦਾ ਵਾਰ ਵਾਰ ਦਿੱਲੀ ਤੋਂ ਪੰਜਾਬ ਨੂੰ ਕਿਵੇਂ ਜਾਂਦਾ ਹਾਂ ਇਹ ਮੈਂ ਹੀ ਜਾਣਦਾ ਹਾਂ। ਮੇਰਾ ਮੁੰਡਾ ਸਿਡਨੀ ਵਿੱਚ ਹੈ। ਮੇਰੀ ਕੁੜੀ ਮੁਕਤਸਰ ਰਹਿੰਦੀ ਏ। ਉਹ ਸਾਨੂੰ ਬੁੱਢੇ ਠੇਰਿਆਂ ਨੂੰ ਸੰਭਾਲ ਤਾਂ ਰਹੇ ਹਨ ਪਰ ਉਹ ਸਾਡੇ ਨਾਲ਼ ਕਿੱਥੇ ਕਿੱਥੇ ਤੁਰੇ ਫਿਰਨ?



(ਅਚਾਨਕ ਸਟੇਜ ਸੰਚਾਲਕ ਸਟੇਜ ਤੇ ਆ ਜਾਂਦਾ ਹੈ ਸਰੈਣ ਸਿੰਘ ਚੁੱਪ ਹੋ ਜਾਂਦਾ ਏ)
ਸਟੇਜ ਸੰਚਾਲਕ:- ਬਾਈ ਜੀ, ਕਿਸੇ ਲੰਬੀ ਵਾਰਤਾਲਾਪ ਵਿੱਚ ਪੈ ਗਏ ਲਗਦੇ ਹੋ? ਮੂਹਰੇ ਬੈਠੇ ਸਾਰੇ ਸਾਥੀ ਬੋਰ ਹੋ ਰਹੇ ਲਗਦੇ ਹਨ। ਇਹ ਲੰਬੀ ਕਹਾਣੀ ਕਿਹਨੂੰ ਪਾ ਰਹੇ ਹੋ?
ਸਰੈਣ:- ਵੀਰ ਜੀ, ਮੈਂ ਪੱਤਰਕਾਰ ਨੂੰ ਆਪਣਾ ਦੁੱਖੜਾ ਦੱਸ ਰਿਹਾ ਸੀ।
ਸਟੇਜ ਸੰਚਾਲਕ:- ਤੁਹਾਨੂੰ ਕਿਹੜੇ ਦੁੱਖ ਨੇ ਘੇਰ ਲਿਆ?




ਅਵਤਾਰ ਐਸ.ਸੰਘਾ
Avtar S. Sangha
Sydney
ਮੋਬਾ:0437641033


ਸਰੈਣ:- ਮੇਰਾ ਦੁੱਖ ਮੇਰੇ ਕੱਲੇ ਦਾ ਨਹੀਂ। ਆਹ ਸਾਡੇ ਮੂਹਰੇ ਬੈਠੇ ਕਈ ਭਰਾਵਾਂ ਭੈਣਾਂ ਦਾ ਏ। ਸਰਕਾਰਾਂ ਨੇ ਸਾਨੂੰ ਬੁੱਢਿਆਂ ਨੂੰ ਇੱਕ ਫੁੱਟਬਾਲ ਸਮਝਿਆ ਹੋਇਆ ਏ। ਕਦੀ ਸਾਨੂੰ ਪੰਜਾਬ ਵੱਲ ਨੂੰ ਕਿੱਕ ਮਾਰ ਦਿੰਦੇ ਹਨ। ਫਿਰ ਸਾਨੂੰ ਸਿਡਨੀ, ਸਰੀ ਤੇ ਟੋਰਾਂਟੋ ਵਲ ਨੂੰ ਆਪਣੇ ਬੱਚਿਆਂ ਨੂੰ ਮਿਲਣ ਆਉਣਾ ਹੀ ਪੈਂਦਾ ਏ। ਜੀਵਨ ਦੇ ਆਖਰੀ ਪੜਾਅ ਤੇ ਪਹੁੰਚ ਚੁੱਕੇ ਹਾਂ। ਸਰਕਾਰਾਂ ਨੂੰ ਚਾਹੀਦਾ ਏ ਕਿ ਬਜ਼ੁਰਗਾਂ ਦਾ ਮਾਣ ਕਰਨ, ਸਾਨੂੰ ਜੀਵਨ ਦੇ 2-4 ਸਾਲ ਸ਼ਾਨ ਨਾਲ਼ ਜਿਓਣ ਦੇਣ ਪਰ ਸਰਕਾਰਾਂ ਸਾਡੇ ਜਜ਼ਬਾਤ ਦੀ ਕੋਈ ਕਦਰ ਨਹੀਂ ਕਰਦੀਆਂ........।
ਸਟੇਜ ਚਾਲਕ:- ਬਾਈ ਜੀ, ਇੰਨੀਆਂ ਲੰਬੀਆਂ ਗੱਲਾਂ ਫੋਨ ਤੇ ਨਹੀਂ ਕਰੀਦੀਆਂ ਹੁੰਦੀਆਂ। ਮੈਨੂੰ ਪਤਾ ਏ, ਪੱਤਰਕਾਰ ਯੂ. ਐਸ. ਤੋਂ ਵਾਪਸ ਆਉਣ ਹੀ ਵਾਲ਼ਾ ਏ। ਆਏ ਤੋਂ ਬਾਅਦ ਉਹਦੇ ਮੂਹਰੇ ਆਪਣੇ ਜਿੰਨੇ ਮਰਜ਼ੀ ਦੁੱਖ ਰੋ ਲਵੀਂ। ਆ ਹੁਣ ਆਪਾਂ ਚਲੀਏ। (ਦੋਨੋ ਚਲੇ ਜਾਂਦੇ ਹਨ)
(ਪਰਦਾ ਗਿਰਦਾ ਏ)

ਭਾਗ 2
(ਪਰਦਾ ਉੱਠਦਾ ਹੈ। ਸਟੇਜ ਤੇ ਦੋ ਜਣੇ ਸੁਰੈਣ ਤੇ ਪੱਤਰਕਾਰ ਖੜ੍ਹੇ ਹਨ।)
ਸਰੈਣ:- ਕਦੋਂ ਆਏ ਅਮਰੀਕਾ ਤੋਂ?
ਪੱਤਰਕਾਰ:- ਪਿਛਲੇ ਹਫਤੇ ਹੀ ਆਇਆ ਹਾਂ।
ਸਰੈਣ:- ਕਿਵੇਂ ਰਿਹਾ ਟੂਰ?
ਪੱਤਰਕਾਰ:- ਰਿਸ਼ਤੇਦਾਰਾਂ ਨੂੰ ਮਿਲਣਾ ਸੀ ਤੇ ਦੂਜਾ ਸੈਕਰਾਮੈਂਟੋ ਵਿੱਚ ਗਦਰੀ ਬਾਬਿਆਂ ਦੇ ਮੇਲੇ ਵਿੱਚ ਹਾਜ਼ਰੀ ਲਵਾਉਣੀ ਸੀ। ਮੇਰੇ ਇਲਾਕੇ ਦੇ ਕੈਲੀਫੋਰਨੀਆ ਵਿੱਚ ਬਹੁਤ ਲੋਕ ਹਨ। ਕਾਫੀ ਲੰਮੇ ਸਮੇਂ ਤੋਂ ਉੱਥੇ ਰਹਿ ਰਹੇ ਹਨ। ਉਹ ਹਰ ਸਾਲ ਗਦਰੀ ਬਾਬਿਆਂ ਦਾ ਮੇਲਾ ਹੁੰਮ ਹੁਮਾਂ ਕੇ ਮਨਾਉਂਦੇ ਹਨ। ਮੈਨੂੰ ਉਨ੍ਹਾਂ ਨੇ ਸੱਦਾ ਪੱਤਰ ਭੇਜਿਆ ਸੀ।
ਸਰੈਣ:- ਸਾਨੂੰ ਵੀ ਇੱਥੇ ਸਿਡਨੀ ਵਿੱਚ ਇਸ ਪ੍ਰਕਾਰ ਦੇ ਉਪਰਾਲੇ ਕਰਨੇ ਚਾਹੀਦੇ ਹਨ। ਗਦਰੀ ਬਾਬਿਆਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਬੜਾ ਯੋਗਦਾਨ ਪਾਇਆ ਸੀ। ਤੁਹਾਨੂੰ ਪਤਾ ਹੀ ਏ ਉਸੇ ਕੁ ਸਮੇਂ ਕਾਮਾਗਾਟਾਮਾਰੂ ਵਾਲ਼ੇ ਬਜ਼ੁਰਗਾਂ ਨੇ ਪੰਜਾਬੀਆਂ ਦਾ ਪ੍ਰਵਾਸ ਵੱਲ ਨੂੰ ਰਾਹ ਖੋਲ੍ਹਣ ਵਿੱਚ ਬੜੀ ਠੋਸ ਭੂਮਿਕਾ ਨਿਭਾਈ ਸੀ। ਮੇਲੇ ਦੀ ਕੋਈ ਖਾਸ ਗੱਲ? ਤੁਸੀਂ ਕੀ ਬੋਲੇ?
ਪੱਤਰਕਾਰ:- ਇੱਥੇ ਬਹੁਤੀ ਲੰਮੀ ਗੱਲ ਨਹੀਂ ਕੀਤੀ ਜਾ ਸਕਦੀ। ਹਾਂ ਮੈਂ ਤੁਹਾਨੂੰ ਦੋ ਵਿਦਵਾਨਾਂ ਦੇ ਸ਼ਬਦ ਦੱਸ ਸਕਦਾ ਹਾਂ, ਜਿਨ੍ਹਾਂ ਦਾ ਮੈਂ ਉੱਥੇ ਹਵਾਲਾ ਦਿੱਤਾ।
ਸਰੈਣ:- ਅਰਸ਼ਾਦ!
ਪੱਤਰਕਾਰ:- ਡਾ: ਮੁਹੰਮਦ ਇਕਬਾਲ ਲਿਖਦਾ ਹੈ-
ਹੈ ਸਦਾਕਤ ਕੇ ਲੀਏ ਜਿਸ ਦਿਲ ਮੇਂ ਮਰਨੇ ਕੀ ਤੜਪ,
ਪਹਿਲੇ ਅਪਨੇ ਪੈਕਰੇ ਖਾਕੀ ਮੇਂ ਜਾਨ ਪੈਦਾ ਕਰੇ।
ਅੰਗਰੇਜ਼ ਕਵੀ Henry Wadsworth Longfellow ਲਿਖਦਾ ਹੈ:-
Lives of great men all remind us
We can make our lives sublime,
And, departing, leave behind us
Footprints on the sands of time;
ਸਰੈਣ:- ਬਹੁਤ ਖੂਬ।
ਪੱਤਰਕਾਰ:- ਉਦੋਂ ਮੈਂ ਤੁਹਾਡੀ ਗੱਲ ਬਹੁਤੀ ਨਹੀਂ ਸੁਣ ਸਕਿਆ ਸੀ। ਅੱਜ ਦੱਸੋ ਤੁਸੀਂ ਕੀ ਕਹਿਣਾ ਚਾਹੁੰਦੇ ਸੀ?
ਸਰੈਣ:- ਗੱਲ ਮੇਰੀ ਇਕੱਲੇ ਦੀ ਨਹੀਂ। ਸਾਡੇ ਵਿੱਚੋਂ ਕਈਆਂ ਦੀ ਏ। ਮੇਰੀ ਗੱਲ ਜ਼ਿਆਦਾ ਬੁੱਢੇ ਸੀਨੀਅਰ ਸਿਟੀਜ਼ਨਾਂ ਦੀਆਂ ਤਕਲੀਫਾਂ ਤੇ ਕੇਂਦਰਤ ਸੀ। ਵੈਸੇ ਮੈਂ ਤੁਹਾਡੇ ਮੂਹਰੇ ਆਪਣੇ ਦੁੱਖੜੇ ਰੋ ਰਿਹਾ ਸੀ।
ਪੱਤਰਕਾਰ:- ਕੀ ਤੁਸੀਂ ਸਿਡਨੀ ਵਿੱਚ ਪੱਕੇ ਨਹੀਂ ਹੋ?
ਸਰੈਣ:- ਜੇ ਇੰਝ ਹੁੰਦਾ ਤਾਂ ਮੈਨੂੰ ਸਰਕਾਰ ਦਾ ਸਿਆਪਾ ਕਰਨ ਦੀ ਕੀ ਜ਼ਰੂਰਤ ਏ? ਮੈਂ ਛੇ ਮਹੀਨੇ ਪੰਜਾਬ ਵਿੱਚ ਗੁਜ਼ਾਰਦਾ ਹਾਂ ਤੇ ਛੇ ਮਹੀਨੇ ਇੱਥੇ ਸਿਡਨੀ ਵਿੱਚ।
ਪੱਤਰਕਾਰ:- ਇੰਝ ਕਿਓਂ?
ਸਰੈਣ:- ਹੈਰਾਨ ਹਾਂ ਕਿ ਤੁਸੀਂ ਪੜ੍ਹੇ ਲਿਖੇ ਤੇ ਪੱਤਰਕਾਰ ਹੋ ਕੇ ਵੀ ਸਾਡੀਆਂ ਇਹ ਮੁਸ਼ਕਲਾਂ ਨਹੀਂ ਜਾਣਦੇ। ਛੇ ਮਹੀਨੇ ਬਾਅਦ ਸਾਨੂੰ ਸਿਡਨੀ ਛੱਡਣੀ ਹੀ ਪੈਂਦੀ ਏ। ਇਸ ਪ੍ਰਕਾਰ ਬਹੁਤ ਸਾਰੇ ਸੀਨੀਅਰਜ਼ ਸਰੀ, ਟੋਰੌਂਟੋ ਤੇ ਬਰੈਂਪਟਨ ਛੱਡਦੇ ਹਨ।
ਪੱਤਰਕਾਰ:- ਕੀ ਲੜਕੀ ਪਾਸ ਮੁਕਤਸਰ ਨਹੀਂ ਰਹਿ ਸਕਦੇ?
ਸਰੈਣ:- ਲੜਕੀ ਦੇ ਘਰ ਇੱਕ ਬੁੱਢਾ ਪਿਓ ਕਿੰਨਾ ਕੁ ਚਿਰ ਰਹਿ ਸਕਦਾ ਏ? ਸਿੱਖੀ ਸੰਸਕਾਰਾਂ ਅਨੁਸਾਰ ਤਾਂ ਲੜਕੀ ਦੇ ਘਰ ਮਾਪਿਆਂ ਨੂੰ ਰਹਿਣਾ ਹੀ ਨਹੀਂ ਚਾਹੀਦਾ।
ਪੱਤਰਕਾਰ:- ਕੀ ਲੜਕੀ ਦਾ ਪਰਿਵਾਰ ਸਾਂਝਾ ਪਰਿਵਾਰ ਹੈ ਜਾਂ ਅਕਹਿਰਾ?
ਸਰੈਣ:- ਹੈ ਤਾਂ ਸਿੰਗਲ ਪਰਿਵਾਰ ਹੀ, ਫਿਰ ਵੀ ਬੰਦਾ ਉੱਥੇ ਲੰਮਾ ਸਮਾਂ ਨਹੀਂ ਰਹਿ ਸਕਦਾ। ਜਵਾਈ ਖੇਤੀ ਕਰਦਾ ਏ। ਬੱਚੇ ਦੋ ਹਨ। ਲੜਕਾ ਯੂਨੀਵਰਸਿਟੀ ਵਿੱਚ ਐਮ. ਓ ਕਰਦਾ ਏ। ਲੜਕੀ ਸਰਕਾਰੀ ਕਾਲਜ ਵਿੱਚ ਬੀ. ਐਸ. ਸੀ. ਕਰਦੀ ਏ।
ਪੱਤਰਕਾਰ:- ਫਿਰ ਪੰਜਾਬ ਵਿੱਚ ਜ਼ਿਆਦਾ ਸਮਾਂ ਕਿਵੇਂ ਬਿਤਾਉਂਦੇ ਹੋ?
ਸਰੈਣ: ਦੋ ਗੁਰਦੁਆਰਿਆਂ ਵਿੱਚ।
ਪੱਤਰਕਾਰ:- ਉਹ ਗੁਰੂਘਰ ਕਿਹੜੇ ਕਿਹੜੇ ਹਨ?
ਸਰੈਣ:- ਆਨੰਦਪੁਰ ਸਾਹਿਬ ਤੇ ਮੇਰੇ ਪਿੰਡ ਦਾ ਗੁਰੂਘਰ। ਗੁਰਬਾਣੀ ਦਾ ਪਰਵਾਹ ਚੱਲਦਾ ਰਹਿੰਦਾ ਏ। ਸੰਗੀ ਸਾਥੀ ਵੀ ਬਹੁਤ ਹਨ। ਕਦੀ ਕਦੀ ਧਾਰਮਿਕ ਕਵਿਤਾਵਾਂ ਵੀ ਬੋਲ ਦਿੰਦਾ ਹਾਂ। ਸਮਾ ਬੜਾ ਵਧੀਆ ਗੁਜ਼ਰਦਾ ਏ।
ਪੱਤਰਕਾਰ:- ਪਿੰਡ ਕਿੱਥੇ ਏ।
ਸਰੈਣ:- ਮੇਰਾ ਪਿਛਲਾ ਪਿੰਡ ਉੱਥੇ ਸੀ ਜਿੱਥੇ ਚੰਡੀਗੜ੍ਹ ਦਾ ਪੀ. ਜੀ. ਆਈ ਹਸਪਤਾਲ ਏ। ਪਿੰਡ ਦਾ ਨਾਮ ਸ਼ਹਿਜਾਦ ਪੁਰਾ ਹੁੰਦਾ ਸੀ।
ਪੱਤਰਕਾਰ:- ਇਹ ਤਾਂ ਤੁਸੀਂ ਬਹੁਤ ਪੁਰਾਣੀਆਂ ਗੱਲਾਂ ਕਰਨ ਲੱਗ ਪਏ ਹੋ।
ਸਰੈਣ:- ਹਾਂ, ਸੱਤਰ ਕੁ ਸਾਲ ਪੁਰਾਣੀਆਂ ਹਨ। 1952 ਵਿੱਚ 28 ਪਿੰਡ ਉਜਾੜ ਕੇ ਚੰਡੀਗੜ੍ਹ ਬਣਿਆ ਸੀ। ਸਭ ਤੋਂ ਪਹਿਲਾਂ ਨਗਲਾ ਪਿੰਡ ਉੱਜੜਿਆ ਸੀ। ਇਹ ਹੁਣ ਦੇ 19 ਸੈਕਟਰ ਵਾਲ਼ੀ ਥਾਂ ਤੇ ਸੀ। ਸਾਡੇ ਪਿੰਡ ਨੂੰ ਉਜਾੜ ਕੇ ਪੰਚਕੂਲਾ ਤੇ ਮਨੀਮਾਜਰਾ ਵਸਾਏ ਗਏ ਸਨ। ਸਰਕਾਰ ਨੇ ਜ਼ਮੀਨਾਂ ਭੰਗ ਦੇ ਭਾੜੇ ਅਕਵਾਇਰ ਕਰ ਲਈਆਂ ਸਨ। ਸ਼ਾਮਲਾਟਾਂ ਮੁਫਤ ਵਿੱਚ ਹੀ ਹੜੱਪ ਲਈਆਂ ਸਨ। ਪਹਿਆਂ ਤੇ ਖੂਹਾਂ ਦਾ ਕੋਈ ਪੈਸਾ ਨਹੀਂ ਦਿੱਤਾ ਸੀ।
ਪੱਤਰਕਾਰ:- ਅੱਛਾ! ਕਮਾਲ ਹੋ ਗਈ।
ਸਰੈਣ:- ਮੈਂ ਉਨ੍ਹਾਂ ਸਮਿਆਂ ਵਿੱਚ ਫੌਜ ਵਿੱਚ ਭਰਤੀ ਹੋ ਗਿਆ ਸਾਂ। 1966 ਵਿੱਚ ਪੰਜਾਬ ਦੀ ਵੰਡ ਵੇਲ਼ੇ ਸਾਡਾ ਦੁਆਰਾ ਉਜਾੜਾ ਹੋਇਆ। ਸਾਨੂੰ ਇਹ ਕਹਿ ਕੇ ਉਜਾੜ ਦਿੱਤਾ ਗਿਆ ਕਿ ਸਾਡਾ ਪਿੰਡ ਹਰਿਆਣੇ ਵਿੱਚ ਆ ਗਿਆ ਹੈ। ਫਿਰ ਸਾਨੂੰ ਨਵੇਂ ਬਚੇ ਪੰਜਾਬ ਵਿੱਚ ਦੋਹਾਂ ਸੂਬਿਆਂ ਦੀ ਸੀਮਾ ਨਾਲ਼ ਅਲਾਟਮੈਂਟ ਹੋਈ। 14 ਸੈਕਟਰ ਯੂਨੀਵਰਸਿਟੀ ਵਾਲ਼ੀ ਥਾਂ ਤੇ ਕਾਂਜੀ ਮਾਜਰਾ ਹੁੰਦਾ ਸੀ। ਇਸਦੇ ਸਿਰਫ 20 ਕੁ ਕੱਚੇ ਜਿਹੇ ਘਰ ਸਨ। ਸੁਖਨਾ ਲੇਕ ਦੀ ਥਾਂ ਤੇ ਵਰਿਆਮੇ ਦਾ ਛੱਪੜ ਹੁੰਦਾ ਸੀ।
ਪੱਤਰਕਾਰ:- ਬਾਈ ਜੀ, ਤੁਸੀਂ ਤਾਂ ਸਾਰੇ ਇਲਾਕੇ ਬਾਰੇ ਦੱਸਣ ਲੱਗ ਪਏ ਹੋ। ਇਹ ਗੱਲਾਂ ਛੱਡੋ। ਆਪਣੀਆਂ ਮੁਸ਼ਕਲਾਂ ਤੇ ਹੀ ਚਾਨਣਾ ਪਾਓ।
ਸਰੈਣ:- ਮੈਂ ਤਾਂ ਲੰਬਾ ਸਮਾਂ ਕਸ਼ਮੀਰ ਵਿੱਚ ਹੀ ਤਾਇਨਾਤ ਰਿਹਾ। ਫੌਜੀ ਹੁੰਦੇ ਹੋਏ ਦੋ ਲੜਾਈਆਂ ਵਿੱਚ ਹਿੱਸਾ ਲਿਆ। ਜ਼ਿਆਦਾ ਠੰਢ ਵਿੱਚ ਰਹਿਣ ਕਰਕੇ ਦੋ ਤਿੰਨ ਵਾਰ ਬਿਮਾਰੀਆਂ ਦਾ ਸਾਹਮਣਾ ਵੀ ਕਰਨਾ ਪਿਆ। ਪਹਿਲਾਂ ਉੱਜੜਦੇ ਪੁਜੜਦੇ ਰਹੇ। ਪਰਿਵਾਰ ਨੇ ਸੰਨ 47 ਵਿੱਚ ਲੁੱਟਾਂ ਖੋਹਾਂ ਦਾ ਸਾਹਮਣਾ ਕੀਤਾ, ਸੰਨ 52 ਵਿੱਚ ਘਰ ਬਾਰ ਜ਼ਮੀਨ ਖਤਮ। ਮਨੀਮਾਜਰੇ ਘੱਟ ਅਲਾਟਮੈਂਟ ਹੋਈ, ਕੁਆਟਰ ਲਈ ਥੋੜ੍ਹਾ ਥਾਂ ਮਿਲਿਆ। 1966 ਵਿੱਚ ਉਹ ਵੀ ਜਾਂਦਾ ਲੱਗਾ ਕਿਉਂਕਿ ਸਾਨੂੰ ਹਰਿਆਣੇ

ਵੱਲ ਦੇ ਪਾਸੇ ਤੋਂ ਉਜਾੜ ਕੇ ਪੰਜਾਬ ਵਿੱਚ ਨੂੰ ਲਿਆ ਕੇ ਦੁਆਰਾ ਅਲਾਟਮੈਂਟ ਹੋਈ। ਹੁਣ ਪੰਜਾਬ ਤੇ ਸਿਡਨੀ ਵਿਚਕਾਰ ਉਡਨਖਟੋਲਾ ਬਣਿਆ ਰਹਿੰਦਾ ਹਾਂ। ਸਰਕਾਰਾਂ ਸੀਨੀਅਰਜ਼ ਦੇ ਜ਼ਖਮਾਂ ਤੇ ਲੂਣ ਛਿੜਕਦੀਆਂ ਰਹਿੰਦੀਆਂ ਹਨ। ਜਿਹਨੇ ਦੇਸ਼ ਲਈ ਅਨੇਕਾਂ ਤਕਲੀਫਾਂ ਝੱਲੀਆਂ ਹੋਣ ਉਹਨੂੰ ਕਿਤੇ ਤਾਂ ਟਿਕ ਕੇ ਬੈਠ ਲੈਣ ਦਿਓ। ਆਸਟਰੇਲੀਆ ਅਤੇ ਕੈਨੇਡਾ ਜਿਹੇ ਦੇਸ਼ਾਂ ਨੂੰ ਚਾਹੀਦਾ ਹੈ ਕਿ 75 ਸਾਲ ਤੋਂ ਵੱਧ ਉਮਰ ਵਾਲ਼ੇ ਸਭ ਸਿਟੀਜਨਜ਼ ਨੂੰ ਪੱਕੇ ਕਰ ਦੇਣ ਤਾਂ ਕਿ ਉਹ ਆਪਣੇ ਰਹਿੰਦੇ ਚਾਰ ਦਿਨ ਕਿਤੇ ਟਿਕ ਕੇ ਬੈਠ ਕੇ ਕੱਟ ਲੈਣ। ਉਨ੍ਹਾਂ ਦੇ ਬੱਚੇ ਇਨ੍ਹਾਂ ਦੇਸ਼ਾਂ ਲਈ ਅੰਤਾਂ ਦਾ ਕੰਮ ਕਰ ਰਹੇ ਹਨ ਤੇ ਟੈਕਸ ਦਿੰਦੇ ਹਨ ਜੇ ਇਹ ਦੇਸ਼ ਚੰਦ ਕੁ ਸਾਲ ਇਨ੍ਹਾਂ ਨੂੰ ਸਭ ਸਹੂਲਤਾਂ ਤੇ ਪੈਨਸ਼ਨ ਦੇ ਦੇਣ ਤਾਂ ਇਨ੍ਹਾਂ ਦੇਸ਼ਾਂ ਦੀ ਸੋਭਾ ਹੋਊ।

ਪੱਤਰਕਾਰ:- ਬਾਈ ਜੀ, ਸਿਡਨੀ ਕਿੱਥੇ ਰਹਿੰਦੇ ਹੋ?

ਸਰੈਣ:- ਕੈਲੀਵੇਲ ਰਿਜ।

ਪੱਤਰਕਾਰ:- ਫਿਰ ਤਾਂ ਗਲੈਨਵੁੱਡ ਗੁਰੂਘਰ ਦੇ ਨੇੜੇ ਹੀ ਹੋ।

ਸਰੈਣ:- ਜੀ ਹਾਂ। ਮੈਂ ਹਰ ਵੀਕਐਂਡ ਤੇ ਗੁਰੂਘਰ ਜਾਂਦਾ ਹੀ ਹਾਂ।

ਪੱਤਰਕਾਰ:- ਅੱਛੀ ਖਾਸੀ ਪੈਨਸ਼ਨ ਭਾਰਤ ਵਿੱਚ ਤਾਂ ਲੈਂਦੇ ਹੀ ਹੋਵੋਗੇ? ਕੁਝ ਨਾ ਕੁਝ ਜ਼ਮੀਨ ਵੀ ਹੋਊ?

ਸਰੈਣ:- ਜ਼ਮੀਨ ਅਤੇ ਘਰ ਉਜਾੜੇ ਦੀ ਵਾਰਤਾ ਮੈਂ ਤੁਹਾਨੂੰ ਸੁਣਾ ਹੀ ਦਿੱਤੀ। ਛੋਟਾ ਜਿਹਾ ਘਰ ਹੈ। ਜ਼ਮੀਨ ਸੀ ਥੋੜ੍ਹੀ ਜਿਹੀ। ਪਹਿਲਾਂ ਹੀ ਵੇਚ ਕੇ ਬੱਚਿਆਂ ਦੀ ਪੜ੍ਹਾਈ ਅਤੇ ਵਿਆਹਾਂ ਤੇ ਲਗਾ ਦਿੱਤੀ ਸੀ। ਪੈਨਸ਼ਨ ਨਾਲ਼ ਬਿਮਾਰੀਆਂ ਦਾ ਮੁਕਾਬਲਾ ਕਰਾਂ ਜਾਂ ਹਵਾਈ ਖਰਚ ਝੱਲਾਂ। ਤੁਸੀਂ ਸੋਚੋ ਇੱਕ 83 ਸਾਲ ਦਾ ਬੁੱਢਾ ਬੰਦਾ ਦਿਲ ਵਿੱਚ ਪੇਸ ਮੇਕਰ ਪਾਏ ਹੋਏ ਹਰ ਛੇ ਮਹੀਨੇ ਬਾਅਦ ਇੱਕ ਅੰਤਰ ਰਾਸ਼ਟਰੀ ਸਫਰ ਕਰੇ ਤੇ ਨਾਲ ਤਿੰਨ ਲੱਖ ਖਰਚ ਕਰੇ। ਕੀ ਇਹ ਸੌਖਾ ਕੰਮ ਏ? ਵੱਡਾ ਮਸਲਾ, ਇੱਧਰ ਵੀ ਇਕਾਂਤ ਤੇ ਓਧਰ ਵੀ ਇਕਾਂਤ। ਸਾਡੇ ਜਿਹਿਆਂ ਨੂੰ ਔਲਾਦ ਸੀਮਿਤ ਸਮਾਂ ਹੀ ਦਿੰਦੀ ਏ। ਨਹੁੰਆਂ ਕਦੀ ਧੀਆਂ ਨਹੀਂ ਬਣਦੀਆਂ ਹੁੰਦੀਆਂ। ਪੋਤੇ ਪੋਤੀਆਂ ਨੂੰ ਵੀ ਸਾਥੋਂ ਦੂਰ ਹੀ ਰੱਖਣ ਦੀ ਕੋਸ਼ਿਸ਼ ਕਰਦੀਆਂ ਹਨ। ਕਹਿਣਗੀਆਂ, ਬੁਢਾ ਘਰੋੜ ਘਰੋੜ ਕੇ ਅੰਗਰੇਜ਼ੀ ਬੋਲਦਾ ਏ, ਕਿਤੇ ਸਾਡੇ ਬੱਚਿਆਂ ਦੇ ਬੋਲਣ ਦਾ ਲਹਿਜਾ ਹੀ ਨਾ ਵਿਗਾੜ ਦੇਵੇ।

ਪੱਤਰਕਾਰ:- ਕੀ ਇੰਝ ਤੁਹਾਡੇ ਨਾਲ ਹੁੰਦਾ ਏ ਜਾਂ ਤੁਸੀਂ ਲੋਕਾਂ ਦੀਆਂ ਗੱਲਾਂ ਕਰ ਰਹੇ ਹੋ?

ਸਰੈਣ:- ਸਾਡੇ ਚੋਂ ਕਈਆਂ ਨਾਲ਼ ਇੰਝ ਹੁੰਦਾ ਏ। ਮਨੁੱਖੀ ਰਿਸ਼ਤੇ ਦੋ ਦੂਣੀ ਚਾਰ ਨਹੀਂ ਹੁੰਦੇ। ਅੱਜ ਕਿਸੇ ਨਾਲ ਹੁੰਦਾ ਏ, ਕੱਲ ਨੂੰ ਮੇਰੇ ਨਾਲ਼ ਵੀ ਹੋ ਸਕਦਾ ਏ। ਗੁਰੂਘਰ ਵਿੱਚ ਕੁਝ ਸਨੇਹੀ ਜਰੂਰ ਬਣ ਜਾਂਦੇ ਹਨ ਪਰ ਉਹ ਸਭ ਕੁਝ ਨਹੀਂ ਹੁੰਦੇ। ਸਿਡਨੀ ਵਿੱਚ ਆ ਕੇ ਤੋਰਾ ਫੇਰਾ ਅਤਿਅੰਤ ਔਖਾ ਹੋ ਜਾਂਦਾ ਏ। ਬੱਸਾਂ ਦੇ ਰੂਟਾਂ ਦਾ ਕੁਝ ਪਤਾ ਨਹੀਂ ਲਗਦਾ। ਬੋਲੀ ਦਾ ਮਸਲਾ ਏ। ਸੀਨੀਅਰਜ਼ ਦੀ ਸੱਥ ਤੱਕ ਪਹੁੰਚਣਾ ਵੀ ਇੱਕ ਬਿਰਧ ਲਈ ਬੜਾ ਔਖਾ ਹੋ ਜਾਂਦਾ ਏ। ਜਦ ਦਿੱਲੀ ਏਅਰਪੋਰਟ ਤੇ ਉੱਤਰਦਾ ਹਾਂ ਤਾਂ ਇਸ ਬੁਢਾਪੇ ਵਿੱਚ ਪੰਜਾਬ ਦੀ ਬੱਸ ਫੜਦਾ ਹਾਂ। ਲੜਕੀ ਦਾ ਪਰਿਵਾਰ ਕਦੀ ਕਦੀ ਤਾਂ ਲੈਣ ਆ ਜਾਂਦਾ ਏ ਪਰ ਹਮੇਸ਼ਾ ਆਉਣ ਦੀ ਤਕਲੀਫ ਮੰਨਦਾ ਏ। ਇੱਧਰ ਤੇ ਓਧਰ ਦੋਹਾਂ ਪਰਿਵਾਰਾਂ ਨੂੰ ਖੁਸ਼ ਰੱਖਣ ਲਈ ਬੱਚਿਆਂ ਨੂੰ ਬਣਦੇ ਸਰਦੇ ਤੋਹਫੇ ਦੇ ਦਿੰਦਾ ਹਾਂ। ਸਿਰਫ ਫੌਜ ਦੀ ਪੈਨਸ਼ਨ ਏ, ਹੋਰ ਮੇਰੇ ਪਾਸ ਕੁਝ ਨਹੀਂ ਏ। ਕਿਸੇ ਨਾਲ਼ ਦਿਲੋਂ ਆਪਣਾ ਦੁੱਖ ਸਾਂਝਾ ਨਹੀਂ ਕਰ ਸਕਦਾ। ਮੈਨੂੰ ਸਮਝ ਨਹੀਂ ਆਉਂਦਾ ਸਾਡੇ ਜਿਹੇ ਚੰਦ ਕੁ ਬਜ਼ੁਰਗਾਂ ਦਾ ਸਰਕਾਰਾਂ ਤੇ ਕੀ ਭਾਰ ਪੈ ਜਾਊ? ਜੇ ਪੱਕੇ ਨਹੀਂ ਵੀ ਕਰਨਾ ਤਾਂ ਘੱਟ ਤੋਂ ਘੱਟ ਬਿਨਾਂ ਬੁਢਾਪਾ ਪੈਨਸ਼ਨ ਦਿੱਤੇ ਇੱਕ ਥਾਂ ਤੇ ਟਿਕ ਤਾਂ ਲੈਣ ਦੇਣ। ਸਾਡੀ ਹੋਰ ਜ਼ਿੰਦਗੀ ਵੀ ਕਿੰਨੀ ਕੁ ਏ ਹੁਣ? ਨਦੀ ਕਿਨਾਰੇ ਰੁੱਖੜਾ! ਪੰਜਾਬ ਜਾਂਦਾ ਹਾਂ ਤਾਂ ਚਲੋ ਚੱਲ। ਕਦੀ ਮੁਕਤਸਰ ਤੇ ਕਦੀ ਭੈਣ ਦੇ ਪਿੰਡ ਬਠਿੰਡੇ। ਸਿਡਨੀ ਆਉਂਦਾ ਹਾਂ ਬਹੁਤਾ ਸਮਾਂ ਘਰ ਤੱਕ ਸੀਮਿਤ ਹੋ ਕੇ ਰਹਿ ਜਾਂਦਾ ਹਾਂ। ਸਿਡਨੀ ਵਿੱਚ ਨਾ ਕੋਈ ਸਾਨੂੰ ਕਿਤੇ ਲਿਜਾਣ ਦਾ ਸਮਾਂ ਕੱਢਦਾ ਏ ਤੇ ਨਾ ਹੀ ਇਨ੍ਹਾਂ ਪਾਸ ਸਾਡੇ ਕੋਲ਼ ਬੈਠਣ ਦਾ ਸਮਾਂ ਹੈ। ਅਸੀਂ ਬੱਚਿਆਂ ਪਾਸ ਬੈਠਣਾ ਚਾਹੁੰਦੇ ਹਾਂ ਉਹ ਸਾਡੇ ਤੋਂ ਦੂਰ ਨੂੰ ਦੌੜਦੇ ਹਨ। ਜੇ ਪੱਕਾ ਹੋਵਾਂ ਤਾਂ ਸਫਰ ਦਾ ਖਰਚਾ ਘਟ ਸਕਦਾ ਏ।

ਪੱਤਰਕਾਰ:- ਬਾਈ ਜੀ, ਗੱਲਾਂ ਤੁਹਾਡੀਆਂ ਠੀਕ ਹਨ। ਅਸੀਂ ਤਾਂ ਤੁਹਾਡੀ ਆਵਾਜ਼ ਲੋਕਾਂ ਮੂਹਰੇ ਰੱਖ ਸਕਦੇ ਹਾਂ, ਕਰ ਕੁਝ ਨਹੀਂ ਸਕਦੇ।

(ਦਰਸ਼ਕਾਂ ਵਿੱਚੋਂ ਇੱਕ ਵਿਅਕਤੀ ਹੱਥ ਖੜ੍ਹਾ ਕਰ ਦਿੰਦਾ ਏ)

ਦੱਸੋ ਜੀ ਕੀ ਮਸਲਾ ਏ?

(ਕਰਮ ਸਿੰਘ ਖੜ੍ਹਾ ਹੋ ਜਾਂਦਾ ਹੈ। ਪੱਤਰਕਾਰ ਚਲਾ ਜਾਂਦਾ ਹੈ)

ਕਰਮ ਸਿੰਘ (ਸਰੈਣ ਸਿੰਘ ਨੂੰ):- ਅਸੀਂ ਕਈ ਤੁਹਾਡੇ ਜਿਹੇ ਹੀ ਹਾਂ। ਮੈਂ ਹੁਣ 80 ਸਾਲ ਦਾ ਹਾਂ। ਸਿਡਨੀ ਆਉਂਦਾ ਹਾਂ ਤਾਂ ਨੂੰਹ ਖਾਣ ਨੂੰ ਪੈਂਦੀ ਏ ਸਾਨੂੰ ਦੋਹਾਂ ਨੂੰ। ਅਸੀਂ ਆਪਣੀ ਰੋਟੀ ਆਪ ਬਣਾਉਂਦੇ ਹਾਂ। ਮੇਰੀ ਘਰਵਾਲ਼ੀ ਬਿਮਾਰ ਵੀ ਰਹਿੰਦੀ ਏ। ਫਿਰ ਵੀ ਆਪਣੀ ਰੋਟੀ ਆਪ ਬਣਾਉਂਦੀ ਏ। ਉਮਰ ਓਹਦੀ ਵੀ 78 ਸਾਲ ਏ। ਮੈਂ ਫੌਜ ਵਿੱਚੋਂ ਰਿਟਾਇਰ ਹੋ ਕੇ ਸੈਨਿਕ ਸਕੂਲ ਕਪੂਰਥਲੇ ਦਫਤਰ ਸੁਪਰਡੰਟ ਲਗ ਗਿਆ ਸਾਂ। ਫਿਰ ਉੱਥੋਂ ਵੀ ਸੇਵਾ ਮੁਕਤ ਹੋ ਗਿਆ। ਇੱਥੇ ਸਿਡਨੀ ਰਹਿੰਦਾ ਮੁੰਡਾ ਸਾਡਾ ਇਕਲੌਤਾ ਪੁੱਤ ਹੀ ਏ। ਪੜ੍ਹਨ ਲਈ ਇੱਥੇ ਭੇਜ ਦਿੱਤਾ ਸੀ। ਚਾਰ ਕੁ ਸਾਲ ਬਾਅਦ ਇੱਥੋਂ ਉਹ ਦੋ ਬਣਕੇ ਪੰਜਾਬ ਆ ਗਿਆ। ਜਿਵੇਂ ਰਾਜੀ ਸਨ ਅਸੀਂ ਵਿਆਹ ਦਿੱਤੇ। ਸਾਨੂੰ ਕਹਿੰਦਾ, 'ਟਰੱਕ ਲੈਣਾ ਏ, ਪੈਸੇ ਦਿਓ, ਤੁਹਾਨੂੰ ਵੀ ਨਾਲ਼ ਹੀ ਲੈ ਜਾਵਾਂਗੇ।' ਅਸੀਂ ਯਕੀਨ ਕਰਕੇ ਦੋ ਖੇਤ ਵੇਚ ਕੇ ਅੱਛੇ ਖਾਸੇ ਪੈਸੇ ਦੇ ਦਿੱਤੇ। ਸਾਨੂੰ ਆਪਣੇ ਨਾਲ਼ ਤਾਂ ਲੈ ਆਏ ਪਰ ਇੱਥੇ ਆ ਕੇ ਰੋਜ਼ ਕਾਟੋ ਕਲੇਸ਼ ਸ਼ੁਰੂ ਹੋ ਗਿਆ। ਨੂੰਹ ਵਢੂੰ ਖਾਊਂ ਕਰੀ ਜਾਂਦੀ ਏ। ਅਸੀਂ ਵਾਪਸ ਜਾ ਰਹੇ ਹਾਂ। ਬਾਹਰਲਾ ਦੇਸ਼ ਕਾਹਦਾ ਲੱਭਿਆ ਮੁੰਡਾ ਵੀ ਗੁਆ ਲਿਆ। ਸਵਰਗ ਵਿੱਚ ਨੌਕਰ ਹੋਣ ਨਾਲੋਂ ਨਰਕ ਦਾ ਰਾਜਾ ਹੋਣਾ ਬਿਹਤਰ ਹੁੰਦਾ ਏ। ਸਿਡਨੀ ਉਨ੍ਹਾਂ ਲਈ ਸਵਰਗ ਏ, ਸਾਡੇ ਲਈ ਨਰਕ ਏ। ਪੰਜਾਬੋਂ ਤਦ ਇੱਧਰ ਨੂੰ ਆਵਾਂਗੇ ਜਦ ਸਰਕਾਰ ਕੋਈ ਪੱਕਾ ਠਿਕਾਣਾ ਦੇਊ।

(ਸਟੇਜ ਤੇ ਪੱਤਰਕਾਰ ਤੇ ਸਰੈਣ ਸਿੰਘ ਆਪਸ ਵਿੱਚ ਗੱਲਾਂ ਕਰ ਰਹੇ ਹੁੰਦੇ ਹਨ ਕਿ ਅਮਲੀ ਐਕਟਿੰਗ ਕਰਦਾ ਹੋਇਆ ਦੋਹਾਂ ਨੂੰ ਡਿਸਟਰਬ ਕਰਕੇ ਐਂਟਰੀ ਕਰਦਾ ਹੈ। (ਅਮਲੀ ਦੇ ਕਮੀਜ ਦਾ ਅਗਲਾ ਪਾਸਾ ਪਜਾਮੇਂ ਵਿੱਚ ਟੰਗਿਆ ਹੋਇਆ ਹੈ)

ਅਮਲੀ:- ਸਾਸਰੀ ਕਾਲ ਬਾਈ ਜੀ।

ਪੱਤਰਕਾਰ ਤੇ ਸਰੈਣ ਸਿੰਘ (ਇਕੱਠੇ ਬੋਲਦੇ ਹਨ):- ਸਤਿ ਸ੍ਰੀ ਅਕਾਲ ਅਮਲੀਆ, ਕਿੱਥੋਂ ਤੇ ਕਿਵੇਂ ਆਉਣਾ ਹੋਇਆ?

ਅਮਲੀ:- ਸ਼ਹਿਰੋਂ ਸੌਦਾ ਪੱਤਾ ਲੈ ਕੇ ਆਇਆਂ ਨਾਲ਼ੇ ਨਸ਼ਾ ਛੁਡਾਊ ਡਾਕਟਰ ਨੂੰ ਮਿਲਕੇ ਅਇਆਂ।

ਸਰੈਣ:- ਕੀ ਕਹਿੰਦਾ ਡਾਕਟਰ?

ਅਮਲੀ:- ਡਾਕਟਰ ਕਹਿੰਦਾ ਤੂੰ ਨਸ਼ਾ ਛੱਡਦੇ, ਮੈਂ ਕਿਹਾ ਤੂੰ ਫੀਸ ਲੈਣੀ ਛੱਡ ਦੇ ਮੈਂ ਨਸ਼ਾ ਛੱਡ ਦੂੰ।

ਪੱਤਰਕਾਰ:- ਫਿਰ?

ਅਮਲੀ:- ਫਿਰ? ਫਿਰ ਮੈਂ ਜਿੰਮ ਚਲਿਆ ਗਿਆ। ਜਿੰਮ ਮੇਰਾ ਸਰੀਰ ਦੇਖ ਕੇ ਕਹਿਣ ਲੱਗਾ ਤੂੰ ਘਰੇ ਹੀ ਰਹੇਂ ਤਾਂ ਚੰਗਾ। ਫਿਰ ਮੈਂ ਬੈਂਕ ਚਲਾ ਗਿਆ ਲੋਨ ਲੈਣ। ਮੈਨੇਜਰ ਮੇਰੀ ਸ਼ਕਲ ਦੇਖ ਕੇ ਕਹਿੰਦਾ, ਲੋਕ ਲੋਨ ਲੈਣ ਤੋਂ ਬਾਅਦ ਝੱਗਾ ਚੁੱਕਦੇ ਹਨ ਤੂੰ ਤਾਂ ਪਹਿਲਾਂ ਹੀ ਚੁੱਕੀ ਫਿਰਦਾਂ।

ਸਰੈਣ:- ਚੱਲ ਦਫਾ ਹੋ! ਹੁਣ ਅਸੀਂ ਗੱਲਾਂ ਕਰਨੀਆਂ ਨੇ, ਦੁੱਖ ਸੁੱਖ ਕਰਨੇ ਨੇ।

ਅਮਲੀ:- ਤੂੰ ਤਾਂ ਹਰ ਵੇਲ਼ੇ ਲਾਈਨ ਤੇ ਹੀ ਰਹਿਨੈ। ਤੂੰ ਦੁਖੀ ਘੱਟ, ਫੋਨ ਦਾ ਕਸਟਮਕੇਅਰ ਜ਼ਿਆਦਾ ਲਗਦੈਂ। ਸਰੈਣਿਆਂ ਤੂੰ ਕਿਓਂ ਮੌਤ ਨੂੰ ਛੜਾਂ ਮਾਰੀ ਜਾਨਾਂ। ਮਹੀਨੇ ਬਾਅਦ 50 ਹਜ਼ਾਰ ਫੌਜ ਦੀ ਪੈਨਸ਼ਨ ਭੁੱਕ ਲੈਨਾ, ਜ਼ਮੀਨ ਦਾ ਠੇਕਾ ਵੱਖਰਾ। ਤੂੰ ਛੜਾ ਛੜਾਕ ਬੰਦਾ ਹਰ ਵੇਲ਼ੇ ਗੀਂ ਗੀਂ ਕਰਦਾ ਰਹਿਨਾ ਤੇ ਲੋਕਾਂ ਨੂੰ ਵੀ ਭੜਕਾਈ ਜਾਨਾ। ਕਦੇ ਸਾਡੇ ਵਰਗਿਆਂ ਨੂੰ ਵੀ ਨਾਗਣੀ ਲੈਣ ਜੋਗੇ ਪੈਸੇ ਦੇ ਦਿਆ ਕਰ। ਸ਼ੁਕਰ ਕਰ ਸਰਕਾਰਾਂ ਦਾ, ਗੰਦੇ ਟੋਭਿਆਂ 'ਚ ਨਾਉਣ ਵਾਲ਼ੇ ਨੂੰ ਇੰਨੇ ਸੋਹਣੇ ਦੇਸ਼ ਦੀ ਸੈਰ ਕਰਵਾਤੀ! ਪਹਿਲਾਂ ਕਦੇ ਜਹਾਜ ਤੇ ਸਮੁੰਦਰ ਦੇਖਿਆ ਸੀ? ਪੰਜਾਬ 'ਚ ਤੇਰੇ ਵਰਗੇ ਬੁੜਿਆਂ ਦੇ ਸਾਰੇ ਪਾਸਿਓਂ ਧੱਕੇ ਹੀ ਪੈਂਦੇ ਨੇ, 60-65 ਸਾਲ ਤੋਂ ਨੀ ਟੱਪਦੇ। ਵਾਖਰੂ ਵਾਖਰੂ ਕਰਿਆ ਕਰੋ। ਰੱਬ ਦਾ ਸ਼ੁਕਰ ਨੀ ਕਰਦੇ, ਬੋਲਣ ਨੂੰ ਮਰਦੇ ਆ, ਭੂੰਜੇ ਮੂਤਣੇ। ਇੱਟ ਭੜਿੱਕਾ ਤੇ ਬਖੀਆਂ ਫਿੱਟ ਇੱਟ ਭੜਿੱਕਾ ਤੇ ਬਖੀਆਂ ਫਿੱਟ!!

(ਇੰਨੇ ਨੂੰ ਸੱਥ ਵਿੱਚ ਬੈਠੀ ਇੱਕ ਇਸਤਰੀ ਹੱਥ ਖੜ੍ਹਾ ਕਰ ਦਿੰਦੀ ਏ।)

ਸਰੈਣ:- ਭੈਣ ਜੀ, ਕੀ ਕਹਿਣਾ ਚਾਹੋਗੇ?

ਪ੍ਰਕਾਸ਼ ਕੌਰ:- ਵੀਰ ਜੀ, ਮੇਰਾ ਨਾਮ ਪ੍ਰਕਾਸ਼ ਕੌਰ ਏ। ਮੇਰੀ ਗੱਲ ਧਿਆਨ ਨਾਲ਼ ਸੁਣੋ। ਇਨ੍ਹਾਂ ਦੇਸ਼ਾਂ ਵਿੱਚ ਤੇਰੇ ਮੇਰੇ ਜਿਹੇ ਕਈ ਦੁਖਿਆਰੇ ਹਨ। ਪਹਿਲੀ ਗੱਲ ਹੈ, ਇਕੱਠੇ ਹੋਵੋ। ਪੁਲ ਇਕੱਲੀ ਲੱਕੜੀ ਨਾਲ਼ ਨਹੀਂ ਬਣ ਸਕਦਾ। ਇੱਕ ਧਾਗੇ ਨਾਲ਼ ਕੱਪੜਾ ਨਹੀਂ ਬੁਣਿਆ ਜਾ ਸਕਦਾ। ਪੱਤਰਕਾਰ ਸਾਡਾ ਕੀ ਸੰਵਾਰ ਦੇਣਗੇ? ਬੜੀ ਹੱਦ ਖਬਰ ਛਾਪ ਦੇਣਗੇ, ਉਹ ਵੀ ਪੰਜਾਬੀ ਜਾਂ ਹਿੰਦੀ ਵਿੱਚ ਜਿਹਨੂੰ ਗੋਰੇ ਲੋਕ ਪੜ੍ਹਨਾ ਹੀ ਨਹੀਂ ਜਾਣਦੇ।

ਸਰੈਣ:- ਭੈਣ ਜੀ, ਤੁਹਾਡੇ ਕੋਲ ਕਿਹੜਾ ਜਾਦੂ ਦਾ ਡੰਡਾ ਏ ਜਿਹੜਾ ਸਾਡਾ ਮਸਲਾ ਹੱਲ ਕਰ ਦੇਊ?

(ਇੰਨੇ ਨੂੰ ਸਟੇਜ ਚਾਲਕ ਵੀ ਆ ਕੇ ਸਟੇਜ ਤੇ ਖੜ੍ਹ ਜਾਂਦਾ ਏ।)

ਪ੍ਰਕਾਸ਼ ਕੌਰ:- ਵੀਰ ਜੀ, ਕਾਹਲ਼ੇ ਨਾ ਪਓ। ਮਸਲੇ ਦੀ ਗੰਭੀਰਤਾ ਨੂੰ ਸਮਝੋ। ਗੁਰੂਘਰ ਦੇ ਚੁਣੇ ਹੋਏ ਨੁਮਾਇੰਦਿਆਂ ਨਾਲ਼ ਆਪਣੀ ਤਕਲੀਫ ਸਾਂਝੀ ਕਰੋ। ਉਨ੍ਹਾਂ ਰਾਹੀਂ ਆਪਣੀ ਆਵਾਜ਼ ਸਰਕਾਰ ਤੱਕ ਪਹੁੰਚਾਓ। ਇਹ ਨੁਮਾਇੰਦੇ ਆਪਣੀ ਸਾਖ ਪਰਵਾਸ ਮੰਤਰੀ ਤੱਕ ਕਾਇਮ ਕਰਨ। ਸਰਕਾਰ ਜ਼ਿਆਦਾ ਬੁੱਢੇ ਸਿਟੀਜ਼ਨਾਂ ਵੱਲ ਧਿਆਨ ਦੇ ਵੀ ਸਕਦੀ ਏ। ਅੱਜ ਜਿਹੜੇ ਸਾਡੇ ਵਿੱਚ 60-65 ਸਾਲ ਦੇ ਹਨ ਉਨ੍ਹਾਂ ਦਾ ਸਰਕਾਰ ਨੇ ਕੁਝ ਨਹੀਂ ਕਰਨਾ। ਉਮਰ ਦੀ ਹੱਦ ਰੱਖੋ 70 ਸਾਲ ਤੋਂ ਉੱਪਰ। ਨਾਲ਼ੇ ਆਪਾਂ ਕਿਸੇ ਪ੍ਰਾਈਵੇਟ ਕੰਨਸਲਟੈਂਸੀ ਨਾਲ਼ ਵੀ ਨਾਤਾ ਕਇਮ ਕਰੀਏ। ਮੈਨੂੰ ਲਗਦਾ ਸਾਨੂੰ ਧਾਲੀਵਾਲ਼ ਕੰਨਸਲਟੈਂਸੀ ਠੀਕ ਰਹੂ। ਧਾਲੀਵਾਲ਼ ਸਾਹਿਬ ਲਾਲਚੀ ਨਹੀਂ ਹਨ। ਉਨ੍ਹਾਂ ਦੀ ਸੋਚ ਸਮਾਜ ਸੇਵੀ ਹੈ। ਮੈਨੂੰ ਪੂਰੀ ਆਸ ਏ ਕਿ ਗੁਰੂਘਰ ਦੇ ਨੁਮਾਇੰਦੇ ਤੇ ਧਾਲੀਵਾਲ਼ ਸਾਹਿਬ ਸਾਡੀਆਂ ਤਕਲੀਫਾਂ ਘਟਾਉਣ ਵਿੱਚ ਚੋਖਾ ਯੋਗਦਾਨ ਪਾ ਸਕਦੇ ਹਨ।

ਸਟੇਜ ਚਾਲਕ:- ਸਰੈਣ ਸਿਹਾਂ, ਪ੍ਰਕਾਸ਼ ਕੌਰ ਠੀਕ ਕਹਿੰਦੀ ਏ।

(ਪਰਦਾ ਗਿਰਦਾ ਏ)

(ਪਰਦੇ ਦੇ ਪਿੱਛਿਓਂ ਸਟੇਜ ਚਾਲਕ ਦੀ ਆਵਾਜ਼ ਆਉਂਦੀ ਏ)

ਸਟੇਜ ਚਾਲਕ:- ਵੀਰੋ ਤੇ ਭੈਣੋ, ਮੈਂ ਦੋ ਤਿੰਨ ਦਿਨ ਬਾਅਦ ਧਾਲੀਵਾਲ਼ ਕੰਨਸਲਟੈਂਸੀ ਵਾਲ਼ੇ ਧਰਮਜੀਤ ਨੂੰ ਮਿਲਿਆ ਸੀ। ਉਹ ਕਹਿਣ ਲੱਗਾ ਭਾਅ ਜੀ, ਤੁਸੀਂ ਸਰੈਣ ਸਿੰਘ ਨੂੰ ਸਾਡੇ ਪਾਸ ਭੇਜਿਆ ਸੀ। ਆਪਣਾ ਰੋਣਾ ਰੋਂਦੇ ਨੇ ਉਸਨੇ ਤਾਂ ਇੱਥੋਂ ਤੱਕ ਵੀ ਪੁੱਛ ਲਿਆ ਕਿ ਬੰਦੇ ਦੇ ਸਿਡਨੀ ਵਿੱਚ ਮਰਨ ਸਮੇਂ ਦਾਹ ਸੰਸਕਾਰ ਤੇ ਕਿੰਨਾ ਕੁ ਖਰਚਾ ਆਉਂਦਾ ਏ। ਕਹਿੰਦਾ, ਜੇ ਮੈਂ ਇੱਥੇ ਪੂਰਾ ਹੋ ਗਿਆ ਤਾਂ ਮੇਰੇ ਲੜਕੇ ਨੇ ਤਾਂ ਮੇਰੇ ਉੱਤੇ ਖੁੱਲ੍ਹਾ ਖਰਚਾ ਵੀ ਨਹੀਂ ਕਰਨਾ। ਜੇ ਉਹ ਦਸ ਹਜ਼ਾਰ ਡਾਲਰ ਲਾਊ ਤਾਂ ਤਕਰੀਬਨ ਛੇ ਲੱਖ ਰੁਪਏ ਬਣ ਜਾਂਦੇ ਹਨ। ਇੱਥੇ ਔਲਾਦ ਜਰਬਾਂ ਤਕਸੀਮਾਂ ਵਿੱਚ ਪਈ ਹੀ ਰਹਿੰਦੀ ਏ। ਫਿਰ ਕਹਿੰਦਾ, ਜੇ ਮੈਂ ਪੰਜਾਬ ਵਿੱਚ ਮਰਾਂ ਤਾਂ ਘੱਟ ਖਰਚੇ ਨਾਲ਼ ਵੱਡਾ ਇਕੱਠ ਹੋ ਜਾਊ। ਦੋ ਕੁ ਲੱਖ ਰੁਪਏ ਨਾਲ਼ ਹੀ ਸਰ ਜਾਊ। ਸਿਡਨੀ ਵਿੱਚ ਤਾਂ ਮਰੇ ਬੰਦੇ ਦੇ ਭੋਗ ਦਾ ਵੀ ਚੱਜ ਨਾਲ਼ ਪਤਾ ਨਹੀਂ ਲਗਦਾ। ਇੱਥੇ ਤਾਂ ਔਲਾਦ ਮਰੇ ਬੰਦੇ ਦੇ ਫੁੱਲ ਪੰਜਾਬ ਵਿੱਚ ਲਿਜਾਉਣ ਤੋਂ ਵੀ ਘੌਲ਼ ਕਰਦੀ ਰਹਿੰਦੀ ਏ। ਸੁਣਿਆ ਇੱਥੇ ਦਾਹ ਸੰਸਕਾਰ ਲਈ ਬੀਮਾ ਵੀ ਹੋ ਜਾਂਦਾ ਏ। ਕੀ ਇਹ ਸੱਚ ਏ ਕਿ ਕਈ ਗੋਰੇ ਆਪਣੀ ਕਬਰ ਦਾ ਖਰਚਾ ਪਹਿਲਾਂ ਤੋਂ ਹੀ ਕਿਸ਼ਤਾਂ ਵਿੱਚ ਦਿੰਦੇ ਰਹਿੰਦੇ ਹਨ?' ਧਰਮਜੀਤ ਦੀਆਂ ਗੱਲਾਂ ਸੁਣਕੇ ਮੈਂ ਤਾਂ ਵਾਹਿਗੁਰੂ। ਵਾਹਿਗੁਰੂ॥ ਕਰਨ ਲੱਗ ਪਿਆ।

ਇੰਨੇ ਨੂੰ ਸਟੇਜ ਦੇ ਪਿੱਛਿਓਂ ਇੱਕ ਆਵਾਜ਼ ਗੂੰਜਦੀ ਏ,

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥੯੧॥

(ਪਰਦਾ)

*ਇਹ ਨਾਟਕ ਜਰਮਨੀ ਦੀ ਸਾਈਟ www.mediapunjab.com ਤੇ ਵੀ ਪੜ੍ਹਿਆ ਜਾ ਸਕਦਾ ਹੈ।*

# ਝੋਨਾ ਲੁਆਈ ਤੇ ਚੁਣੌਤੀਆਂ



ਪੰਜਾਬ ਸਰਕਾਰ ਵੱਲੋਂ 15 ਮਈ ਤੋਂ ਸਿੱਧੀ ਬਿਜਾਈ ਤਕਨੀਕ ਤਹਿਤ ਕਿਸਾਨਾਂ ਨੂੰ ਝੋਨਾ ਲਾਉਣ ਦੀ ਇਜਾਜਤ ਦਿੱਤੀ ਗਈ ਹੈ। ਸਰਕਾਰ ਨੇ ਸਾਉਣੀ ਸੀਜਨ ਦੌਰਾਨ ਝੋਨਾ ਲਾਉਣ ਲਈ ਪੰਜਾਬ ਨੂੰ ਚਾਰ ਜੋਨਾਂ 'ਚ ਵੰਡਿਆ ਹੈ ਅਤੇ ਇਹ ਵੀ ਦਾਅਵਾ ਕੀਤਾ ਹੈ ਕਿ ਜਿਹੜੇ ਵੀ ਜੋਨ ਝੋਨਾ ਲਗਾਉਣਗੇ, ਉਨ੍ਹਾਂ 'ਚ ਨਿਰੰਤਰ ਅੱਠ ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇਗੀ। ਸਰਕਾਰ ਹਾਲਾਂਕਿ ਇਹ ਫੈਸਲਾ ਸੂਬੇ ਦੇ ਕਿਸਾਨਾਂ ਦੀਆਂ ਬਿਜਲੀ-ਪਾਣੀ ਦੀਆਂ ਪਰੇਸ਼ਾਨੀਆਂ ਨੂੰ ਧਿਆਨ 'ਚ ਰੱਖ ਕੇ ਕਰ ਰਹੀ ਹੈ। ਦੂਜੇ ਪਾਸੇ ਇਹ ਫੈਸਲਾ ਇੰਨਾ ਸੁਖਦ ਵੀ ਨਹੀਂ ਕਿਹਾ ਜਾ ਸਕਦਾ।

ਸਰਕਾਰ ਦਾ ਮੰਨਣਾ ਹੈ ਕਿ ਇਸ ਫੈਸਲੇ ਨਾਲ ਅਕਤੂਬਰ-ਨਵੰਬਰ 'ਚ ਪਰਾਲੀ ਸਾਂਭਣ ਦੀ ਸਮੱਸਿਆ ਨਾਲ ਨਜਿੱਠਿਆ ਜਾ ਸਕਦਾ ਹੈ। ਦਰਅਸਲ 15 ਮਈ ਤੋਂ 31 ਮਈ ਤੱਕ ਕਿਸਾਨ ਪੂਰੇ ਪੰਜਾਬ 'ਚ ਸਿੱਧੀ ਬਿਜਾਈ (ਡੀਆਰਐੱਸ) ਤਕਨੀਕ ਰਾਹੀਂ ਝੋਨਾ ਲਾ ਸਕਣਗੇ। ਸਰਹੱਦੀ ਇਲਾਕਿਆਂ ਗੁਰਦਾਸਪੁਰ, ਪਠਾਨਕੋਟ ਤੇ ਅੰਮ੍ਰਿਤਸਰ ਸਣੇ ਤਰਨ ਤਾਰਨ, ਰੋਪੜ ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਸ੍ਰੀ ਫਤਹਿਗੜ੍ਹ ਸਾਹਿਬ ਤੇ ਹੁਸ਼ਿਆਰਪੁਰ ਨੂੰ ਜੋਨ ਨੰਬਰ ਦੋ 'ਚ ਰੱਖਿਆ ਗਿਆ ਹੈ। ਦੂਜੇ ਪਾਸੇ ਜੋਨ ਨੰਬਰ ਤਿੰਨ 'ਚ ਫਰੀਦਕੋਟ, ਬਠਿੰਡਾ, ਫਿਰੋਜਪੁਰ ਮੁਕਤਸਰ ਸਾਹਿਬ, ਫਾਜ਼ਿਲਕਾ ਨੂੰ ਰੱਖਿਆ ਗਿਆ ਹੈ। ਇਨ੍ਹਾਂ ਜ਼ਿਲ੍ਹਿਆਂ ਦੇ ਕਿਸਾਨ 5 ਜੂਨ ਤੋਂ ਝੋਨਾ ਬੀਜਣਾ ਸ਼ੁਰੂ ਕਰਨਗੇ।

ਪੰਜਾਬ ਦੇ ਸੰਗਰੂਰ, ਪਟਿਆਲਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਮੋਗਾ, ਬਰਨਾਲਾ ਤੇ ਸ੍ਰੀ ਫਤਹਿਗੜ੍ਹ ਸਾਹਿਬ ਪਹਿਲਾਂ ਹੀ ਡਾਰਕ ਜੋਨ ਐਲਾਨੇ ਗਏ ਹਨ। ਸਰਕਾਰ ਦਾ ਇਹ ਫੈਸਲਾ ਸੇਮ ਵਾਲੇ ਇਲਾਕਿਆਂ ਲਈ ਲਾਹੇਵੰਦ ਸਾਬਤ ਹੋ ਸਕਦਾ ਹੈ। ਮੁੱਖ ਮੰਤਰੀ ਦਾ ਦਾਅਵਾ ਹੈ ਕਿ ਇਹ ਫੈਸਲਾ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਨਿਰੰਤਰ ਬਿਜਲੀ ਮੁਹੱਈਆ ਕਰਵਾਉਣ ਲਈ ਕੀਤਾ ਗਿਆ ਹੈ ਪਰ ਜਮੀਨੀ ਪੱਧਰ 'ਤੇ ਹਾਲਾਤ ਕੁਝ ਹੋਰ ਹਨ। ਇਹ ਵੀ ਚੇਤੇ ਰਹਿਣਾ ਚਾਹੀਦਾ ਹੈ ਕਿ ਪੰਜਾਬ ਪ੍ਰੀਜਰਵੇਸ਼ਨ ਆਫ ਸਬਸੌਇਲ ਵਾਟਰ ਐਕਟ ਜਿੰਨਾ ਸੂਬੇ ਦੇ ਪੌਣ-ਪਾਣੀ ਲਈ ਮਹੱਤਵਪੂਰਨ ਹੈ, ਓਨਾ ਹੀ ਇਸ ਐਕਟ ਨੂੰ ਅਮਲੀਜਾਮਾ ਪਹਿਨਾਉਣ ਲਈ ਤਰੱਦਦ ਕਰਨਾ ਪਿਆ ਹੈ।

ਇਹ ਐਕਟ ਝੋਨੇ ਦੀ ਨਰਸਰੀ ਤੇ ਲਵਾਈ ਦੀਆਂ ਤਰੀਕਾਂ ਨੂੰ ਤੈਅ ਕਰਦਾ ਹੈ। ਆਮ ਤੌਰ 'ਤੇ ਝੋਨੇ ਦੀ ਪਨੀਰੀ 10 ਮਈ ਤੋਂ ਬਾਅਦ ਤੇ ਲਵਾਈ 10 ਜੂਨ ਤੋਂ ਮਗਰੋਂ ਹੁੰਦੀ ਹੈ। ਇਸ ਦਾ ਇਕ ਕਾਰਨ ਇਹ ਕਿ ਝੋਨਾ ਮੌਨਸੂਨ ਦੇ ਨੇੜੇ ਲੱਗਦਾ ਹੈ ਤੇ ਕਿਸਾਨਾਂ ਨੂੰ ਪਾਣੀ ਦੀ ਸਪਲਾਈ ਨਾਲ ਜੁੜੀਆਂ ਪਰੇਸ਼ਾਨੀਆਂ ਨਾਲ ਨਹੀਂ ਜੂਝਣਾ ਪੈਂਦਾ ਹੈ। ਇਸ ਵਿਚ ਕੋਈ ਦੁਚਿੱਤੀ ਨਹੀਂ ਹੈ ਕਿ ਇਸ ਵੇਲੇ ਪੰਜਾਬ 'ਚ ਧਰਤੀ ਹੇਠਲੇ ਪਾਣੀ ਦੀ ਮੌਜੂਦਾ ਹਾਲਤ ਬੇਹੱਦ ਚਿੰਤਾਜਨਕ ਹੈ। ਇਸ ਚਿੰਤਾ ਦੇ ਹੱਲ ਲਈ ਇਹ ਐਕਟ ਲਿਆਂਦਾ ਗਿਆ ਸੀ। ਪਹਿਲਾਂ ਕਿਸਾਨ ਮਈ 'ਚ ਹੀ ਝੋਨਾ ਲਾਉਂਦੇ ਸਨ।

ਇਸ ਕਾਰਨ ਟਿਊਬਵੈੱਲਾਂ ਰਾਹੀਂ ਧਰਤੀ ਹੇਠੋਂ ਪਾਣੀ ਖਿੱਚਿਆ ਜਾਂਦਾ ਸੀ। ਇਸ ਵੇਲੇ ਪੰਜਾਬ 'ਚ ਟਿਊਬਵੈੱਲਾਂ ਦੀ ਗਿਣਤੀ ਸਾਲ 2024-25 ਦੇ ਇਕ ਸਰਕਾਰੀ ਅੰਕੜੇ ਮੁਤਾਬਕ ਸਾਢੇ 14 ਲੱਖ ਤੋਂ ਵੱਧ ਹੈ। ਇਸ ਵੇਲੇ ਗਰਮੀਆਂ ਦਾ ਸੀਜਨ ਹੋਣ ਕਾਰਨ ਪਹਿਲਾਂ ਤੋਂ ਹੀ ਬਿਜਲੀ ਦੀ ਮੰਗ ਘਰੇਲੂ ਤੇ ਉਦਯੋਗਿਕ ਵਰਤੋਂ ਲਈ ਵਧ ਚੁੱਕੀ ਹੈ। ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਰਿਪੋਰਟ ਮੁਤਾਬਕ ਪੰਜਾਬ 'ਚ ਪਾਣੀ ਦੀ ਖਪਤ 156 ਫੀਸਦ ਤੋਂ ਵੱਧ ਚੁੱਕੀ ਹੈ।

ਮੌਜੂਦਾ ਸਰਕਾਰ ਨੇ ਨਹਿਰਾਂ ਰਾਹੀਂ ਕਿਸਾਨਾਂ ਨੂੰ ਪਾਣੀ ਦੇਣ ਲਈ ਵੱਡੇ ਉਪਰਾਲੇ ਕੀਤੇ ਹਨ। ਅਜਿਹੇ ਵਿਚ ਜਿੱਥੇ ਪੂਰੀ ਤਰ੍ਹਾਂ ਨਾਲ ਨਹਿਰਾਂ ਰਾਹੀਂ ਪਾਣੀ ਦਿੱਤਾ ਜਾ ਰਿਹਾ ਹੈ, ਉਥੇ ਟਿਊਬਵੈੱਲਾਂ ਨੂੰ ਦਿੱਤੀ ਜਾਣ ਵਾਲੀ ਬਿਜਲੀ ਨੂੰ ਸੀਮਤ ਕਰਨ ਵੱਲ ਵੀ ਕਦਮ ਚੁੱਕਣੇ ਚਾਹੀਦੇ ਹਨ।

# ਪੰਜਾਬੀ ਯੂਨੀਵਰਸਿਟੀ: ਵਿਰਸਾ ਤੇ ਵਰਤਮਾਨ

ਪ੍ਰਸਿੱਧ ਚਿੰਤਕ ਜੌਹਨ ਹੈਨਰੀ ਨਿਊਮੈਨ ਨੇ ਕਿਹਾ ਸੀ ਕਿ ਯੂਨੀਵਰਸਿਟੀ ਇੱਕ ਅਜਿਹੀ ਸੰਸਥਾ ਹੁੰਦੀ ਹੈ, ਜਿੱਥੇ ਬ੍ਰਹਿਮੰਡੀ ਗਿਆਨ ਦੀ ਸਿਰਜਣਾ ਅਤੇ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਵਿਕਸਿਤ ਕੀਤੀ ਜਾਂਦੀ ਹੈ। ਇੱਕ ਮਿਆਰੀ ਯੂਨੀਵਰਸਿਟੀ ਦੇ ਅਧਿਆਪਕ ਸਮੁੱਚੇ ਵਿਸ਼ਵ ਦੇ ਸੰਦਰਭ ਵਿੱਚ ਸੋਚਦੇ ਹਨ ਅਤੇ ਵਿਦਿਆਰਥੀ ਬੌਧਿਕ ਝੋਲੀਆਂ ਭਰ ਕੇ ਖ਼ੁਦ ਸੋਚਣ, ਸਮਝਣ, ਫ਼ੈਸਲੇ ਲੈਣ ਅਤੇ ਜ਼ਿੰਮੇਵਾਰੀਆਂ ਸੰਭਾਲਣ ਦੇ ਸਮਰੱਥ ਹੁੰਦੇ ਹਨ। ਲਾਰੰਸ ਵਾਇਸੀ ਨੇ ਲਿਖਿਆ ਹੈ ਕਿ ਯੂਨੀਵਰਸਿਟੀ ਸਮਾਜ ਦੇ ਸਰਬਪੱਖੀ ਵਿਕਾਸ ਅਤੇ ਖੋਜ ਨੂੰ ਸਮਰਪਿਤ ਇੱਕ ਕਲਿਆਣਕਾਰੀ ਉੱਦਮ ਹੈ। ਯੂਨੀਵਰਸਿਟੀ ਕੋਈ ਸਾਧਾਰਨ ਸੰਸਥਾ ਨਹੀਂ ਹੁੰਦੀ ਸਗੋਂ ਗਿਆਨ ਦੀ ਟਕਸਾਲ ਅਤੇ ਖੋਜ ਦਾ ਕੇਂਦਰ ਹੁੰਦੀ ਹੈ, ਜਿੱਥੇ ਬੌਧਿਕ ਸੰਵਾਦ ਰਾਹੀਂ ਨਵਾਂ ਗਿਆਨ, ਵਿਗਿਆਨ, ਸਾਹਿਤ ਅਤੇ ਸਿਆਸਤ ਦੀ ਰਣਨੀਤੀ ਘੜੀ-ਤਰਾਸ਼ੀ ਜਾਂਦੀ ਹੈ; ਜਿੱਥੇ ਨਵੇਂ ਵਿਚਾਰ ਸਿਰਜੇ ਜਾਂਦੇ ਹਨ ਅਤੇ ਸਿਧਾਂਤ ਸਿੱਧ ਕੀਤੇ ਜਾਂਦੇ ਹਨ।

ਭਾਰਤ ਵਿੱਚ ਯੂਨੀਵਰਸਿਟੀ ਦੇ ਸੰਕਲਪ ਦੀ ਬਹੁਤ ਹੀ ਪੁਰਾਤਨ ਮੌਲਿਕ ਪਰੰਪਰਾ ਹੈ। ਆਧੁਨਿਕ ਯੂਰੋਪੀਅਨ ਮਾਡਲ ਤੋਂ ਸਦੀਆਂ ਪਹਿਲਾਂ ਇੱਥੇ ਉੱਚ ਸਿੱਖਿਆ ਦੇ ਪ੍ਰਸਿੱਧ ਕੇਂਦਰ ਤਕਸ਼ਿਲਾ ਅਤੇ ਨਾਲੰਦਾ ਯੂਨੀਵਰਸਿਟੀਆਂ ਸਥਾਪਿਤ ਸਨ। ਮਹਾਂਰਿਸ਼ੀ ਦੇਵੇਂਦ੍ਰਨਾਥ ਟੈਗੋਰ ਦੁਆਰਾ ਵਰੋਸਾਈ ਅਤੇ ਉਨ੍ਹਾਂ ਦੇ ਸਪੁੱਤਰ ਰਾਬਿੰਦਰਨਾਥ ਟੈਗੋਰ ਦੁਆਰਾ ਸਥਾਪਿਤ ਸ਼ਾਂਤੀ ਨਿਕੇਤਨ ਵੀ ਗੁਰੂਕੁਲ ਸ਼ੈਲੀ ਦੀ ਮੌਲਿਕ ਭਾਰਤੀ ਯੂਨੀਵਰਸਿਟੀ ਹੈ ਜੋ ਕੋਲਕਾਤਾ ਤੋਂ 152 ਕਿਲੋਮੀਟਰ ਉੱਤਰ 'ਚ ਸਥਿਤ ਹੈ। ਦਿਲਚਸਪ ਇਤਫ਼ਾਕ ਇਹ ਹੈ ਕਿ ਬਰਤਾਨਵੀ ਹਕੂਮਤ ਦੁਆਰਾ ਸਥਾਪਿਤ ਹਿੰਦੋਸਤਾਨ ਦੀ ਪਹਿਲੀ ਪੱਛਮੀ ਤਰਜ਼ ਦੀ ਯੂਨੀਵਰਸਿਟੀ ਵੀ ਕੋਲਕਾਤਾ ਯੂਨੀਵਰਸਿਟੀ ਹੈ, ਜਿਸ ਦੀ ਸਥਾਪਨਾ 24 ਜਨਵਰੀ 1857 ਨੂੰ ਕੀਤੀ ਗਈ। ਇਸੇ ਸਾਲ ਹੀ 24 ਜੁਲਾਈ ਨੂੰ ਬੰਬਈ ਯੂਨੀਵਰਸਿਟੀ ਅਤੇ 5 ਸਤੰਬਰ ਨੂੰ ਮਦਰਾਸ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ। ਇਸ ਤੋਂ ਬਾਅਦ 16 ਨਵੰਬਰ 1889 ਨੂੰ ਅਲਾਹਾਬਾਦ (ਹੁਣ ਪ੍ਰਯਾਗਰਾਜ) ਯੂਨੀਵਰਸਿਟੀ ਕਾਇਮ ਕੀਤੀ ਗਈ। ਬਰਤਾਨਵੀ ਹਕੂਮਤ ਦਾ ਮੰਤਵ ਇੱਕ ਅਜਿਹਾ ਕੁਲੀਨ ਵਰਗ ਤਿਆਰ ਕਰਨਾ ਸੀ ਜੋ ਪ੍ਰਸ਼ਾਸਕੀ ਅਤੇ ਲੇਖਾ-ਜੋਖਾ ਵਾਲੀਆਂ ਨੌਕਰੀਆਂ ਵਿੱਚ ਕੰਮ ਕਰ ਸਕੇ। ਇਸ ਤੋਂ 25 ਸਾਲਾਂ ਬਾਅਦ ਸੰਨ 1916 ਵਿੱਚ ਬਨਾਰਸ ਹਿੰਦੂ ਯੂਨੀਵਰਸਿਟੀ ਸਥਾਪਿਤ ਕੀਤੀ ਗਈ। ਸੰਨ 1904 ਤੱਕ ਸਾਰੀਆਂ ਯੂਨੀਵਰਸਿਟੀਆਂ ਦੇ ਆਪੋ-ਆਪਣੇ ਵਿਧਾਨ ਸਨ। ਫਿਰ 1904 ਵਿੱਚ ਸਾਰੀਆਂ ਯੂਨੀਵਰਸਿਟੀਆਂ ਨੂੰ ਸਾਂਝੇ ਤੌਰ 'ਤੇ ਇੰਡੀਅਨ ਯੂਨੀਵਰਸਿਟੀਜ਼ ਐਕਟ 1904 ਅਧੀਨ ਲਿਆਂਦਾ ਗਿਆ।

ਅਣਵੰਡੇ ਪੰਜਾਬ ਵਿੱਚ ਪਹਿਲੀ ਯੂਨੀਵਰਸਿਟੀ 14 ਅਕਤੂਬਰ 1882 ਨੂੰ ਲਾਹੌਰ ਵਿਖੇ ਸਥਾਪਿਤ ਕੀਤੀ ਗਈ। ਇਸ ਦੀ ਸਥਾਪਨਾ ਵੀ ਬਰਤਾਨਵੀ ਹਕੂਮਤ ਨੇ ਹੀ ਕੀਤੀ। ਇਸ ਦਾ ਨਾਮ 'ਪੰਜਾਬ ਯੂਨੀਵਰਸਿਟੀ ਲਾਹੌਰ' ਰੱਖਿਆ ਗਿਆ। ਇਹ ਹਿੰਦੋਸਤਾਨ ਦੀ ਪਹਿਲੀ ਯੂਨੀਵਰਸਿਟੀ ਸੀ ਜਿਸ ਨੇ ਇਮਤਿਹਾਨਾਂ ਦੇ ਨਾਲ-ਨਾਲ ਪੜ੍ਹਾਉਣ ਦਾ ਕਾਰਜ ਵੀ ਕੀਤਾ। ਮੁਲਕ ਦੀ ਵੰਡ ਤੋਂ ਬਾਅਦ ਇਸ ਯੂਨੀਵਰਸਿਟੀ ਨੂੰ ਦੋ ਭਾਗਾਂ ਵਿੱਚ ਵੰਡ ਕੇ ਇਸ ਦਾ ਇੱਕ ਹੈੱਡਕੁਆਰਟਰ ਸੋਲਨ (ਹਿਮਾਚਲ ਪ੍ਰਦੇਸ) ਵਿਖੇ ਕਾਇਮ ਕੀਤਾ ਗਿਆ ਅਤੇ 1956 ਵਿੱਚ ਚੰਡੀਗੜ੍ਹ ਵਿਖੇ ਇਸ ਦਾ ਮੌਜੂਦਾ ਕੈਂਪਸ ਸਥਾਪਤ ਕੀਤਾ ਗਿਆ।

ਪਟਿਆਲਾ ਵਿੱਚ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ 30 ਅਪਰੈਲ 1962 ਨੂੰ ਕੀਤੀ ਗਈ। ਇਸ ਯੂਨੀਵਰਸਿਟੀ ਦੀ ਅਨੂਠੀ ਵਿਸ਼ੇਸ਼ਤਾ ਇਹ ਹੈ ਕਿ ਇਹ ਭਾਸ਼ਾ ਦੇ ਨਾਮ 'ਤੇ ਬਣੀ ਆਜ਼ਾਦ ਭਾਰਤ ਦੀ ਪਹਿਲੀ ਅਤੇ ਦੁਨੀਆ ਦੀ ਦੂਜੀ ਯੂਨੀਵਰਸਿਟੀ ਹੈ। ਇਹ ਨਵੇਂ ਪੰਜਾਬ ਦਾ ਇੱਕ ਵਿਲੱਖਣ ਪ੍ਰੋਜੈਕਟ ਸੀ। ਇਸ ਤੋਂ ਬਾਅਦ 1981 ਵਿੱਚ ਤਾਮਿਲਨਾਡੂ ਵਿਖੇ ਵੀ ਭਾਸ਼ਾ ਦੇ ਨਾਂ 'ਤੇ ਤਾਮਿਲ ਯੂਨੀਵਰਸਿਟੀ ਸਥਾਪਿਤ ਹੋਈ। ਇਸ ਤੋਂ ਪਹਿਲਾਂ ਭਾਸ਼ਾ ਦੇ ਨਾਮ 'ਤੇ ਹਿਬਰੂ ਯੂਨੀਵਰਸਿਟੀ ਸੰਨ 1918 ਵਿੱਚ ਸਥਾਪਿਤ ਹੋ ਚੁੱਕੀ ਸੀ। ਇਤਫ਼ਾਕਵੱਸ ਜਿਵੇਂ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਵੇਲੇ ਪੰਜਾਬੀ ਨੂੰ ਗਵਾਰਾਂ ਦੀ ਬੋਲੀ ਕਿਹਾ ਜਾਂਦਾ ਸੀ, ਉਵੇਂ ਹਿਬਰੂ ਭਾਸ਼ਾ ਦੀ ਸਥਿਤੀ ਵੀ 18ਵੀਂ ਸਦੀ ਤੱਕ ਬੜੀ ਮਾੜੀ ਸੀ।

ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਵੇਲੇ ਵੀ ਪੰਜਾਬੀ ਸੂਬੇ ਦੀ ਮੰਗ ਦਾ ਸੰਘਰਸ਼ ਚੱਲ ਰਿਹਾ ਸੀ। ਖ਼ਾਸ ਕਰਕੇ ਖੇਤਰੀ ਫਾਰਮੂਲੇ ਦਾ ਇਸ ਦੀ ਸਥਾਪਨਾ ਵਿੱਚ ਵਿਸ਼ੇਸ਼ ਯੋਗਦਾਨ ਹੈ। ਗਿਆਨੀ ਕਰਤਾਰ ਸਿੰਘ ਨੇ ਇਸ ਦੀ ਸਥਾਪਨਾ ਨੂੰ ਖੇਤਰੀ ਫਾਰਮੂਲੇ ਦੀ ਮੁੱਖ ਮੰਗ ਵਜੋਂ ਪੇਸ਼ ਕੀਤਾ। ਜਦ ਇਹ ਮੰਗ ਤਤਕਾਲੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਪਾਸ ਪੁੱਜੀ ਤਾਂ ਉਨ੍ਹਾਂ ਝੱਟ ਪ੍ਰਵਾਨ ਕਰ ਲਈ। ਇਉਂ ਉਸ ਵੇਲੇ ਪੰਜਾਬੀ ਸੂਬਾ ਤਾਂ ਭਾਵੇਂ ਨਾ ਬਣਿਆ, ਪਰ ਪੰਜਾਬੀ ਭਾਸ਼ਾ ਦੇ ਨਾਮ 'ਤੇ ਪੰਜਾਬੀ ਯੂਨੀਵਰਸਿਟੀ ਬਣ ਗਈ। ਇਸ ਦਾ ਨੀਂਹ ਪੱਥਰ 24 ਜੂਨ 1962 ਨੂੰ ਰੱਖਿਆ ਗਿਆ ਅਤੇ ਭਾਰਤ ਦੇ ਰਾਸ਼ਟਰਪਤੀ ਡਾ. ਰਾਧਾਕ੍ਰਿਸ਼ਨਨ ਦੇ ਭਾਸ਼ਣ ਨਾਲ ਇਸ ਦੀ ਸ਼ੁਰੂਆਤ ਹੋਈ। ਗੁਰੂ ਗੋਬਿੰਦ ਸਿੰਘ ਭਵਨ ਦਾ ਨੀਂਹ ਪੱਥਰ ਡਾ. ਜ਼ਾਕਿਰ ਹੁਸੈਨ ਨੇ 27 ਦਸੰਬਰ 1967 ਨੂੰ ਰੱਖਿਆ ਜੋ ਕਿ ਯੂਨੀਵਰਸਿਟੀ ਦੀ ਪਛਾਣ ਬਣ ਗਿਆ। ਇਹ ਯੂਨੀਵਰਸਿਟੀ 30 ਅਪਰੈਲ 1962 ਨੂੰ ਪਟਿਆਲਾ ਦੇ ਬਾਰਾਂਦਰੀ ਪੈਲੇਸ ਵਿਖੇ ਸ਼ੁਰੂ ਕੀਤੀ ਗਈ ਅਤੇ ਵਿੱਦਿਅਕ ਦਾਖ਼ਲੇ 1963 ਵਿੱਚ ਸ਼ੁਰੂ ਕੀਤੇ ਗਏ।



ਯੂਨੀਵਰਸਿਟੀ ਨੇ ਮੌਜੂਦਾ ਸੁਚੱਜੀ ਵਿਉਂਤ ਵਾਲੇ ਕੈਂਪਸ ਵਿੱਚ ਆਪਣਾ ਕਾਰਜ 1965 ਵਿੱਚ ਸ਼ੁਰੂ ਕੀਤਾ। ਇਸ ਯੂਨੀਵਰਸਿਟੀ ਦੀ ਸਥਾਪਨਾ ਦਾ ਮੁੱਢਲਾ ਉਦੇਸ਼ ਤਾਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦਾ ਵਿਕਾਸ ਸੀ, ਪਰ ਬਾਅਦ ਵਿੱਚ ਲੋੜ ਮੁਤਾਬਿਕ ਇਸ ਦਾ ਵਿਸਤਾਰ ਕਰ ਦਿੱਤਾ ਗਿਆ। ਦਰਅਸਲ, ਜਦ ਪਹਿਲੀ ਨਵੰਬਰ 1966 ਨੂੰ ਪੰਜਾਬ ਦੇ ਪੁਨਰਗਠਨ ਕਾਰਨ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਐਲਾਨ ਦਿੱਤਾ ਗਿਆ ਅਤੇ ਪੰਜਾਬ ਯੂਨੀਵਰਸਿਟੀ ਦਾ ਪ੍ਰਬੰਧ ਕੇਂਦਰ ਨੇ ਆਪਣੇ ਅਧੀਨ ਕਰ ਲਿਆ ਤਾਂ ਪੰਜਾਬ ਸਰਕਾਰ ਨੂੰ ਪੰਜਾਬੀ ਯੂਨੀਵਰਸਿਟੀ ਦਾ ਵਿਸਤਾਰ ਕਰਨਾ ਪਿਆ।

ਇਸ ਲਈ ਸੰਨ 1969 ਵਿੱਚ ਇਸ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਨੂੰ ਵਧਾ ਕੇ ਮਾਲਵਾ ਖੇਤਰ ਦੇ 45 ਕਾਲਜ ਇਸ ਨਾਲ ਜੋੜ ਦਿੱਤੇ ਗਏ। ਅੱਜ ਕਾਲਜਾਂ ਤੋਂ ਇਲਾਵਾ ਰੀਜਨਲ ਸੈਂਟਰ, ਨੇਬਰਹੁੱਡ ਕੈਂਪਸ ਅਤੇ ਕਾਂਸਟੀਚਿਊਟ ਕਾਲਜ ਇਸ ਨੂੰ ਵੱਖਰਾ ਵਿਸਤਾਰ ਦਿੰਦੇ ਹਨ। ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਦਾ ਮੁੱਖ ਉਦੇਸ਼ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦਾ ਅਧਿਐਨ ਕਰਨਾ ਅਤੇ ਪੰਜਾਬੀ ਭਾਸ਼ਾ ਨੂੰ ਗਿਆਨ-ਵਿਗਿਆਨ ਦੇ ਖੇਤਰ ਵਿੱਚ ਉਚੇਰੀ ਸਿੱਖਿਆ ਦੇ ਮਾਧਿਅਮ ਵਜੋਂ ਵਿਕਸਿਤ ਕਰਨਾ ਮਿਥਿਆ ਗਿਆ ਸੀ। ਆਪਣੇ ਮੁੱਖ ਉਦੇਸ਼ ਦੀ ਪੂਰਤੀ ਹਿੱਤ ਇਸ ਯੂਨੀਵਰਸਿਟੀ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਵਿੱਚ ਭਰਪੂਰ ਯੋਗਦਾਨ ਪਾਇਆ ਹੈ। ਯੂਨੀਵਰਸਿਟੀ ਵਿੱਚ ਪੰਜਾਬੀ ਦੇ ਸਰਬਪੱਖੀ ਵਿਕਾਸ ਹਿੱਤ ਵਿਸ਼ੇਸ਼ ਵਿਭਾਗ ਸਥਾਪਿਤ ਕੀਤੇ ਗਏ। ਪੰਜਾਬੀ ਵਿਭਾਗ ਤੋਂ ਇਲਾਵਾ ਪੰਜਾਬੀ ਵਿਉਂਤ ਵਿਕਾਸ ਵਿਭਾਗ, ਭਾਸ਼ਾ ਵਿਗਿਆਨ ਵਿਭਾਗ, ਪੰਜਾਬੀ ਕੋਸ਼ਕਾਰੀ ਵਿਭਾਗ, ਸਾਹਿਤ ਅਧਿਐਨ ਵਿਭਾਗ, ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਧਰਮ ਅਧਿਐਨ ਵਿਭਾਗ ਅਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਆਦਿ ਪੰਜਾਬੀ ਦੇ ਸਰਬਪੱਖੀ ਵਿਕਾਸ ਲਈ ਹੀ ਸਥਾਪਿਤ ਕੀਤੇ ਗਏ। ਇਸ ਯੂਨੀਵਰਸਿਟੀ ਦੀ ਖਾਸੀਅਤ ਰਹੀ ਹੈ ਕਿ ਪੰਜਾਬੀ ਸਮਾਜ ਦੀਆਂ ਨਵੀਆਂ ਲੋੜਾਂ ਮੁਤਾਬਿਕ ਇੱਥੇ ਸਮੇਂ-ਸਮੇਂ 'ਤੇ ਨਵੇਂ ਵਿਭਾਗ ਵੀ ਖੋਲ੍ਹੇ ਗਏ। ਮਸਲਨ 'ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਤਕਨੀਕੀ ਵਿਕਾਸ ਦਾ ਉਚਤਮ ਕੇਂਦਰ' ਨਵੀਆਂ ਲੋੜਾਂ ਦੇ ਮੱਦੇਨਜ਼ਰ ਹੀ ਸਥਾਪਿਤ ਕੀਤਾ ਗਿਆ। ਇਸੇ ਤਰ੍ਹਾਂ ਪੰਜਾਬੀ ਪੀਡੀਆ ਸੈਂਟਰ ਦੀ ਸਥਾਪਨਾ ਵੀ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਆਲਮੀ ਆਧਾਰ ਪ੍ਰਦਾਨ ਕਰਨ ਵਾਲਾ ਪ੍ਰੋਜੈਕਟ ਹੈ।

ਯੂਨੀਵਰਸਿਟੀ ਦੀ ਭਾਈ ਕਾਨ੍ਹ ਸਿੰਘ ਨਾਭਾ ਲਾਇਬ੍ਰੇਰੀ ਵਿੱਚ ਲਗਪਗ ਛੇ ਲੱਖ ਪੁਸਤਕਾਂ ਹਨ ਜੋ ਕਿ ਅਧਿਆਪਕਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦੀ ਹਨ। ਇਸ ਦੇ ਨਾਲ ਹੀ ਡਾ. ਗੰਡਾ ਸਿੰਘ ਪੰਜਾਬੀ ਰੈਫਰੈਂਸ ਲਾਇਬ੍ਰੇਰੀ ਵੀ ਦੁਰਲੱਭ ਕਿਤਾਬਾਂ ਤੇ ਖਰੜਿਆਂ ਦਾ ਵੱਡਾ ਭੰਡਾਰ ਹੈ। ਇਸ ਵਿੱਚ ਇੱਕ ਲੱਖ ਤੋਂ ਉੱਤੇ ਕਿਤਾਬਾਂ, ਖਰੜੇ, ਰਸਾਲੇ ਅਤੇ ਥੀਸਿਸ ਸੰਗ੍ਰਹਿਤ ਰੂਪ ਵਿੱਚ ਉਪਲਬਧ ਹਨ। ਅਕਾਦਮਿਕ ਆਜ਼ਾਦੀ ਇਸ ਯੂਨੀਵਰਸਿਟੀ ਦਾ ਖ਼ਾਸਾ ਰਿਹਾ ਹੈ। ਸੈਮੀਨਾਰਾਂ ਅਤੇ ਵਿਸ਼ਵ ਕਾਨਫ਼ਰੰਸਾਂ ਵਿੱਚ ਰਚਾਇਆ ਜਾਂਦਾ ਸੰਵਾਦ ਵਿਦਵਾਨਾਂ ਨੂੰ ਆਕਰਸ਼ਿਤ ਕਰਦਾ ਹੈ। ਇਸ ਵੇਲੇ ਯੂਨੀਵਰਸਿਟੀ ਵਿਖੇ ਲਗਪਗ ਦਰਜਨ ਦੇ ਕਰੀਬ ਫੈਕਲਟੀਆਂ ਅਧੀਨ ਭਾਸ਼ਾਵਾਂ, ਕਲਾ, ਸਭਿਆਚਾਰ, ਸੰਗੀਤ, ਸਮਾਜ ਵਿਗਿਆਨ, ਕਾਨੂੰਨ, ਵਿਗਿਆਨ, ਲਾਈਫ ਸਾਇੰਸਜ਼, ਕੰਪਿਊਟਰ, ਐਜੂਕੇਸ਼ਨ, ਬਿਜ਼ਨਸ, ਸੂਚਨਾ ਵਿਗਿਆਨ, ਜਨ ਸੰਚਾਰ ਤੇ ਪੱਤਰਕਾਰੀ, ਇੰਜੀਨੀਅਰਿੰਗ, ਸਰੀਰਕ ਸਿੱਖਿਆ ਅਤੇ ਖੇਡਾਂ ਆਦਿ ਕਈ ਖੇਤਰਾਂ ਵਿੱਚ ਸਿੱਖਿਆ ਅਤੇ ਖੋਜ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਇਸ ਦਾ ਡਿਸਟੈਂਸ ਐਜੂਕੇਸ਼ਨ ਵਿਭਾਗ ਪੱਤਰ ਵਿਹਾਰ ਪ੍ਰਣਾਲੀ ਰਾਹੀਂ ਸਿੱਖਿਆ ਪ੍ਰਦਾਨ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਅ ਰਿਹਾ ਹੈ। ਇਉਂ ਵਿਸ਼ਿਆਂ ਦੀ ਵੰਨ-ਸੁਵੰਨਤਾ, ਕੋਰਸਾਂ ਦੀ ਗੁਣਵੱਤਾ ਅਤੇ ਵਿੱਦਿਅਕ ਸੰਸਥਾਵਾਂ ਦੀ ਗਿਣਤੀ ਪੱਖੋਂ ਇਹ ਪੰਜਾਬ ਦੀ ਸਭ ਤੋਂ ਵੱਡੀ ਯੂਨੀਵਰਸਿਟੀ ਹੈ। ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਨੂੰ ਵਿਸ਼ਾਲ ਦ੍ਰਿਸ਼ਟੀ ਵਾਲੇ ਵਿਦਵਾਨਾਂ ਦੀ ਸਰਪ੍ਰਸਤੀ ਮਿਲਦੀ ਰਹੀ ਹੈ। ਆਪਣੇ ਸ਼ਾਨਾਂਮੱਤੇ ਇਤਿਹਾਸ ਦੌਰਾਨ ਇਸ ਯੂਨੀਵਰਸਿਟੀ ਨੇ ਆਪਣੇ ਹਰ ਟੀਚੇ ਨੂੰ ਪੂਰਾ ਕਰਨ ਵੱਲ ਹਰ ਸੰਭਵ ਕਦਮ ਪੁੱਟਿਆ। ਹਰੇਕ ਖੇਤਰ ਵਿੱਚ ਵੱਡੀ ਗਿਣਤੀ ਵਿੱਚ ਮਿਆਰੀ ਪੁਸਤਕਾਂ, ਕੋਸ਼, ਵਿਸ਼ਵਕੋਸ਼ ਅਤੇ ਖੋਜ-ਰਸਾਲੇ ਪ੍ਰਕਾਸ਼ਿਤ ਕਰ ਕੇ ਪੰਜਾਬ ਦੇ ਬੌਧਿਕ ਵਿਰਸੇ ਤੇ ਵਰਤਮਾਨ ਨੂੰ ਅਮੀਰੀ ਬਖਸ਼ੀ ਹੈ। ਪ੍ਰਕਾਸ਼ਨ ਵਿਭਾਗ ਵੱਲੋਂ ਹੁਣ ਤੱਕ ਚਾਰ ਹਜ਼ਾਰ ਦੇ ਕਰੀਬ ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਪੰਜਾਬੀ ਸ਼ਬਦ-ਜੋੜ ਕੋਸ਼, ਫ਼ਾਰਸੀ-ਪੰਜਾਬੀ ਕੋਸ਼, ਸੰਸਕ੍ਰਿਤ-ਪੰਜਾਬੀ ਕੋਸ਼, ਪੰਜਾਬੀ ਨਿਰੁਕਤ ਕੋਸ਼, ਬਾਲ ਵਿਸ਼ਵ ਕੋਸ਼, ਪੰਜਾਬੀ ਸੂਫ਼ੀ-ਸਾਹਿਤ ਸੰਦਰਭ ਗ੍ਰੰਥ, ਉਰਦੂ-ਪੰਜਾਬੀ ਕੋਸ਼, ਮਲਵਈ-ਕੋਸ਼, ਲਹਿੰਦੀ-ਕੋਸ਼, ਪੰਜਾਬੀ ਕਿੱਤਾ-ਕੋਸ਼, ਕਾਨੂੰਨ-ਕੋਸ਼, ਪੰਜਾਬੀ-ਅੰਗਰੇਜ਼ੀ, ਅੰਗਰੇਜ਼ੀ-ਪੰਜਾਬੀ ਕੋਸ਼, ਪੰਜਾਬ ਦੀ ਭਾਸ਼ਾ ਐਟਲਸ ਅਤੇ ਐਨਸਾਈਕਲੋਪੀਡੀਆ ਔਫ ਸਿੱਖਇਜ਼ਮ ਆਦਿ ਇਸ ਯੂਨੀਵਰਸਿਟੀ ਦੇ ਅਹਿਮ ਹਾਸਲ ਹਨ। ਵਿਸ਼ਵ ਸਾਹਿਤ ਦੀਆਂ ਸ਼ਾਹਕਾਰ ਰਚਨਾਵਾਂ ਨੂੰ ਵੀ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ। ਸ਼ੇਕਸਪੀਅਰ ਦੀਆਂ ਸਮੁੱਚੀਆਂ ਰਚਨਾਵਾਂ ਦਾ ਅਨੁਵਾਦ ਕਰਨਾ ਤਾਂ ਸ਼ਾਇਦ ਇਸੇ ਯੂਨੀਵਰਸਿਟੀ ਦੇ ਹਿੱਸੇ ਆਇਆ ਹੈ। ਮਾਧਿਅਮ ਪਰਿਵਰਤਨ ਦੇ ਖੇਤਰ ਵਿੱਚ ਵੀ ਇਸ ਯੂਨੀਵਰਸਿਟੀ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਯੂਨੀਵਰਸਿਟੀ ਦੇ ਦੂਰ-ਅੰਦੇਸ਼, ਅਨੁਭਵੀ ਅਤੇ ਵਿਸ਼ਾਲ ਦ੍ਰਿਸ਼ਟੀ ਵਾਲੇ ਵਾਈਸ ਚਾਂਸਲਰਾਂ ਨੇ ਇਸ ਮਿਆਰੀ ਸੰਸਥਾ ਨੂੰ ਨਿੱਗਰ ਆਧਾਰ ਪ੍ਰਦਾਨ ਕੀਤਾ ਹੈ। ਅਕਾਦਮਿਕ ਮੁਲਾਂਕਣ ਸੰਸਥਾ 'ਨੈਕ' ਵੱਲੋਂ ਲਗਾਤਾਰ ਏ-ਗਰੇਡ ਵੀ ਮਿਲਦਾ ਰਿਹਾ ਹੈ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਇਸ ਸੰਸਥਾ ਦਾ ਵਰਤਮਾਨ ਸੰਕਟਗ੍ਰਸਤ ਹੈ। ਇਸ ਦੀ ਸਮੀਖਿਆ ਕਰਨੀ ਵੀ ਬਣਦੀ ਹੈ ਕਿ ਪੰਜਾਬ ਦੀ ਇਸ ਸਿਰਮੌਰ ਸੰਸਥਾ ਦੀ ਇਹ ਦਸ਼ਾ ਕਿਵੇਂ ਹੋਈ? ਦਰਅਸਲ, ਇਸ ਦੇ ਮੌਜੂਦਾ ਸੰਕਟ ਦੀਆਂ ਕਈ ਪਰਤਾਂ ਹਨ। ਇਸ ਦਾ ਪਹਿਲਾ ਕਾਰਨ ਤਾਂ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਵਿਕਾਸ ਮਾਡਲ ਦੀਆਂ ਨੀਤੀਆਂ ਵਿੱਚ ਪਿਆ ਹੈ। ਸੰਨ ਦੋ ਹਜ਼ਾਰ ਵਿੱਚ ਕੇਂਦਰ ਸਰਕਾਰ ਨੇ ਉਚੇਰੀ ਸਿੱਖਿਆ ਬਾਬਤ ਇੱਕ ਕਮੇਟੀ ਦਾ ਗਠਨ ਕੀਤਾ ਸੀ, ਜਿਸ ਵਿੱਚ ਮੁਲਕ ਦੇ ਵੱਡੇ ਵਪਾਰੀ ਸ਼ਾਮਲ ਸਨ। ਇਨ੍ਹਾਂ ਮੈਂਬਰਾਂ ਨੇ ਸਰਕਾਰ ਨੂੰ ਕਿਹਾ ਕਿ ਉਚੇਰੀ ਸਿੱਖਿਆ ਮੁਨਾਫ਼ੇ ਦਾ ਧੰਦਾ ਹੈ। ਇਸ ਲਈ ਇਸ ਦਾ ਨਿੱਜੀਕਰਨ ਕਰ ਦਿਓ। ਉਸ ਤੋਂ ਬਾਅਦ ਹੀ ਸਰਕਾਰਾਂ ਸਟੇਟ ਯੂਨੀਵਰਸਿਟੀਆਂ ਨੂੰ ਖਤਮ ਕਰਨ ਦੇ ਰਾਹ ਪਈਆਂ। ਇਸ ਦੀ ਸ਼ੁਰੂਆਤ ਸਾਲਾਨਾ ਮਿਲਦੀ 95 ਫੀਸਦੀ ਗ੍ਰਾਂਟ ਵਿੱਚ ਕਟੌਤੀ ਕਰਨ ਤੋਂ ਕੀਤੀ ਗਈ ਅਤੇ ਨਾਲ ਹੀ ਤਾਕੀਦ ਕੀਤੀ ਗਈ ਕਿ ਹੁਣ ਯੂਨੀਵਰਸਿਟੀਆਂ ਨੂੰ ਆਪਣੇ ਵਿੱਤੀ ਸਰੋਤ ਆਪ ਜੁਟਾਉਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਇਸ ਵੇਲੇ ਪੰਜਾਬ ਵਿੱਚ ਪ੍ਰਾਈਵੇਟ ਯੂਨੀਵਰਸਿਟੀਆਂ ਤਾਂ ਵਿਕਾਸ ਕਰ ਰਹੀਆਂ ਹਨ, ਪਰ ਸਰਕਾਰੀ ਯੂਨੀਵਰਸਿਟੀਆਂ ਦਮ ਤੋੜ ਰਹੀਆਂ ਹਨ। ਸਪੱਸ਼ਟ ਹੈ ਕਿ ਸਰਕਾਰ ਦੀਆਂ ਨੀਤੀਆਂ ਦਾ ਸਿੱਧਾ ਅਸਰ ਸਰਕਾਰੀ ਯੂਨੀਵਰਸਿਟੀਆਂ ਦੀ ਅਕਾਦਮਿਕ ਕਾਰਜ ਪ੍ਰਣਾਲੀ 'ਤੇ ਪਿਆ। ਹੁਣ ਜਿਉਂ-ਜਿਉਂ ਨਵ-ਉਦਾਰੀਕਰਨ ਦਾ ਤਰਕ ਭਾਰੂ ਹੋ ਰਿਹਾ ਹੈ, ਤਿਉਂ-ਤਿਉਂ ਸਿੱਖਿਆ ਦਾ ਵਪਾਰੀਕਰਨ ਵੀ ਵਧ ਰਿਹਾ ਹੈ। ਵਿਦਿਆਰਥੀ ਖ਼ਪਤਕਾਰ ਬਣਦੇ ਜਾ ਰਹੇ ਹਨ ਅਤੇ ਅਧਿਆਪਕ ਮਹਿਜ਼ ਸੇਵਾ ਪ੍ਰਦਾਨ ਕਰਨ ਵਾਲੀ ਮਸ਼ੀਨ ਬਣਦੇ ਜਾ ਰਹੇ ਹਨ।

ਪੰਜਾਬੀ ਯੂਨੀਵਰਸਿਟੀ ਦਾ ਮੌਜੂਦਾ ਸੰਕਟ ਵੀ ਅਸਲ ਵਿੱਚ ਵਿੱਤੀ ਸੰਕਟ ਹੈ। ਕਿਸੇ ਵੇਲੇ ਯੂਨੀਵਰਸਿਟੀ ਨੂੰ 95 ਫੀਸਦੀ ਗ੍ਰਾਂਟ ਮਿਲਦੀ ਸੀ, ਜੋ ਕਿ ਹੁਣ ਘਟ ਕੇ ਨਾਂ-ਮਾਤਰ ਹੀ ਰਹਿ ਗਈ ਹੈ। ਸਰਕਾਰਾਂ ਨੇ ਹੁਣ ਸਿੱਖਿਆ ਅਤੇ ਸਿਹਤ ਜਿਹੇ ਮਹੱਤਵਪੂਰਨ ਖੇਤਰਾਂ ਤੋਂ ਪਾਸਾ ਵੱਟ ਲਿਆ ਹੈ। ਹਰ ਸਾਲ ਯੂਨੀਵਰਸਿਟੀ ਦੀ ਵਿੱਤ ਕਮੇਟੀ ਕਰੋੜਾਂ ਰੁਪਏ ਦੇ ਘਾਟੇ ਵਾਲਾ ਬਜਟ ਪਾਸ ਕਰਦੀ ਹੈ। ਸਰਕਾਰਾਂ ਦੀ ਇਸ ਅਣਦੇਖੀ ਕਾਰਨ ਇਸ ਯੂਨੀਵਰਸਿਟੀ ਵਿੱਚ ਪ੍ਰਸ਼ਾਸਨਿਕ, ਅਕਾਦਮਿਕ ਅਤੇ ਵਿੱਤੀ ਪ੍ਰਬੰਧ ਚਲਾਉਣਾ ਮੁਸ਼ਕਿਲ ਹੋ ਚੁੱਕਾ ਹੈ। ਵਿੱਤੀ ਸੰਕਟ ਕਾਰਨ ਸਾਰੇ ਹੀ ਵਿਭਾਗਾਂ ਦੇ ਖੋਜ ਅਤੇ ਅਕਾਦਮਿਕ ਕਾਰਜ ਰੁਕੇ ਹੋਏ ਹਨ। ਲੰਮੇ ਸਮੇਂ ਤੋਂ ਖਾਲੀ ਪਈਆਂ ਅਧਿਆਪਨ ਖੇਤਰ ਦੀਆਂ ਅਸਾਮੀਆਂ ਕਾਰਨ ਇਲਮ ਦੀ ਆਭਾ ਅਤੇ ਅਕਾਦਮਿਕਤਾ ਸਹਿਜੇ-ਸਹਿਜੇ ਗੁਆਚ ਰਹੀ ਹੈ। ਪ੍ਰਤਿਭਾਮਈ ਖੋਜ ਦੇ ਮਿਆਰ ਲਗਾਤਾਰ ਡਿੱਗਦੇ ਜਾ ਰਹੇ ਹਨ। ਲੱਖਾਂ ਵਿਦਿਆਰਥੀਆਂ ਨੂੰ ਪੰਜਾਬੀਅਤ ਦਾ ਪਾਠ ਪੜ੍ਹਾ ਚੁੱਕੀ ਇਹ ਯੂਨੀਵਰਸਿਟੀ ਹੁਣ ਆਪਣੇ ਮੁੱਖ ਉਦੇਸ਼ ਤੋਂ ਥਿੜਕ ਰਹੀ ਹੈ।

ਦੂਸਰਾ ਇਸ ਯੂਨੀਵਰਸਿਟੀ ਵਿੱਚ ਬੇਲੋੜੀ ਸਿਆਸੀ ਦਖ਼ਲਅੰਦਾਜ਼ੀ ਕਾਰਨ ਗੈਰ-ਮਿਆਰੀ ਭਰਤੀ ਵੀ ਹੋਈ ਹੈ। ਯੂਨੀਵਰਸਿਟੀ ਹਰਗਿਜ਼ ਨੌਕਰੀ ਦੇਣ ਵਾਲੀ ਸੰਸਥਾ ਨਹੀਂ ਹੁੰਦੀ, ਸਗੋਂ ਇੱਥੇ ਤਾਂ ਵਿਦਵਤਾ ਨੂੰ ਸੱਦਾ ਦਿੱਤਾ ਜਾਂਦਾ ਹੈ। ਕਿਸੇ ਵੇਲੇ ਇਸ ਯੂਨੀਵਰਸਿਟੀ ਵਿੱਚ ਇਹ ਪਰੰਪਰਾ ਰਹੀ ਵੀ ਹੈ। ਵਾਈਸ ਚਾਂਸਲਰ ਨਿਯਮਾਂ ਦੀ ਪਾਲਣਾ ਕਰਾਉਣ ਵਾਲਾ ਕੁਸ਼ਲ ਪ੍ਰਬੰਧਕ ਅਤੇ ਬੌਧਿਕ ਸਰਪ੍ਰਸਤ ਹੁੰਦਾ ਹੈ। ਕੋਠਾਰੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਵਿੱਚ ਸਪੱਸ਼ਟ ਲਿਖਿਆ ਗਿਆ ਸੀ ਕਿ ਵਾਈਸ ਚਾਂਸਲਰ ਅਜਿਹੀ ਸ਼ਖ਼ਸੀਅਤ ਹੋਣੀ ਚਾਹੀਦੀ ਹੈ, ਜਿਸ ਅੰਦਰ ਅਕਾਦਮਿਕ ਆਜ਼ਾਦੀ ਦੀ ਸਮਰੱਥਾ ਹੋਵੇ ਅਤੇ ਸੱਚ ਨਾਲ ਖੜ੍ਹਨ ਜੁਰੱਅਤ ਹੋਵੇ। ਉਸ ਅੰਦਰ ਅਕਾਦਮਿਕ ਭਾਈਚਾਰੇ ਦੀਆਂ ਗਤੀਵਿਧੀਆਂ ਨੂੰ ਵਿਕਸਿਤ ਕਰਨ ਦੀ ਯੋਗਤਾ ਹੋਵੇ। ਇਸ ਲਈ ਇੱਥੇ ਸੁਤੰਤਰਤਾ, ਪਾਰਦਰਸ਼ਤਾ ਅਤੇ ਜਵਾਬਦੇਹੀ ਵਰਗੇ ਮੂਲ ਆਦਰਸ਼ਾਂ ਉੱਤੇ ਪਹਿਰਾ ਦੇਣ ਦੀ ਲੋੜ ਹੁੰਦੀ ਹੈ। ਇਸ ਲਈ ਇਸ ਸੰਸਥਾ ਨੂੰ ਅਜਿਹਾ ਆਦਰਸ਼ ਸਿਰਜਣਾ ਪਵੇਗਾ, ਜੋ ਪ੍ਰਸ਼ਾਸਨਿਕ ਅਤੇ ਅਕਾਦਮਿਕ ਪ੍ਰਤੀਬੱਧਤਾ ਨੂੰ ਇੱਕ ਸੂਤਰ ਵਿੱਚ ਸੂਤਰਬੱਧ ਕਰੇ।

ਤੀਸਰਾ ਇਸ ਵੇਲੇ ਪੰਜਾਬੀ ਯੂਨੀਵਰਸਿਟੀ (ਮੁਲਕ ਦੀਆਂ ਹੋਰਨਾਂ ਯੂਨੀਵਰਸਿਟੀਆਂ ਸਮੇਤ) ਕੌਮੀ ਸਿੱਖਿਆ ਨੀਤੀ 2020 ਦੇ ਰੂ-ਬ-ਰੂ ਹੈ। ਨਵੀਂ ਸਿੱਖਿਆ ਨੀਤੀ ਬਹੁ-ਅਨੁਸ਼ਾਸਨੀ ਕੋਰਸਾਂ ਦੀ ਵਕਾਲਤ ਕਰਦੀ ਹੈ। ਇਸ ਨੀਤੀ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਕੋਰਸਾਂ ਨੂੰ ਅੰਤਰ-ਅਨੁਸ਼ਾਸਨੀ ਅਤੇ ਬਹੁ-ਅਨੁਸ਼ਾਸਨੀ ਬਣਾਇਆ ਜਾ ਰਿਹਾ ਹੈ, ਪਰ ਪੰਜਾਬੀ ਯੂਨੀਵਰਸਿਟੀ ਦੀਆਂ ਫੈਕਲਟੀਆਂ ਦਾ ਢਾਂਚਾ ਇੱਕ-ਅਨੁਸ਼ਾਸਨੀ ਹੈ। ਇਸ ਢਾਂਚੇ ਤਹਿਤ ਵੱਖ-ਵੱਖ ਵਿਭਾਗ ਜੋ ਕੋਰਸ ਪੜ੍ਹਾਉਂਦੇ ਹਨ ਉਨ੍ਹਾਂ ਦੀ ਪ੍ਰਕਿਰਤੀ ਵੀ ਇਕਾਂਗੀ ਹੈ, ਜਿਸ ਤਹਿਤ ਡਿਗਰੀ ਲੈਣ ਵਾਲੇ ਵਿਦਿਆਰਥੀ ਕਈ ਸਾਲ ਲਾ ਕੇ ਵੀ ਬਹੁ-ਅਨੁਸ਼ਾਸਨੀ ਨਹੀਂ ਬਣ ਸਕਦੇ। ਇਸ ਲਈ ਹੁਣ ਇਹ ਵੀ ਜ਼ਰੂਰੀ ਹੋ ਗਿਆ ਹੈ ਕਿ ਇਸ ਯੂਨੀਵਰਸਿਟੀ ਵਿੱਚ ਸਥਾਪਿਤ ਇੱਕ-ਅਨੁਸ਼ਾਸਨੀ ਵਿਭਾਗਾਂ ਨੂੰ ਬਹੁ-ਅਨੁਸ਼ਾਸਨੀ ਸਕੂਲ ਬਣਾਇਆ ਜਾਵੇ। ਪੁਰਾਣੇ ਇਕਾਂਗੀ ਵਿਭਾਗਾਂ ਦੀ ਖ਼ੁਦਮੁਖ਼ਤਾਰੀ ਦੀ ਨਵੀਂ ਪਰਿਭਾਸ਼ਾ ਬਣਾਈ ਜਾਵੇ। ਇਸ ਲਈ ਕੁਝ ਵਿਭਾਗਾਂ ਦਾ ਕੇਂਦਰੀਕਰਨ ਕਰਨਾ ਪਵੇਗਾ। ਬੇਸ਼ੱਕ ਅਜੋਕੇ ਗਿਆਨ, ਵਿਗਿਆਨ ਤੇ ਤਕਨਾਲੋਜੀ ਦੀ ਤੇਜ਼-ਤੱਰਾਰ ਤਰੱਕੀ ਨਾਲ ਨਵੇਂ ਗਤੀਸ਼ੀਲ ਕੋਰਸ ਉਲੀਕਣੇ ਵੇਲੇ ਦੀ ਵੱਡੀ ਲੋੜ ਹੈ, ਪਰ ਆਲਮੀ ਅਕਾਦਮਿਕ ਮਿਆਰਾਂ ਨੂੰ ਪੰਜਾਬ ਦੀ ਗਿਆਨ ਪਰੰਪਰਾ ਨਾਲ ਜੋੜਨ ਦੀ ਵੀ ਲੋੜ ਹੈ, ਜੋ ਸਿੱਖਿਆ ਨੂੰ ਸਿਰਫ਼ ਰੁਜ਼ਗਾਰ ਦੇ ਸਾਧਨ ਵਜੋਂ ਨਹੀਂ ਸਗੋਂ ਮਨੁੱਖੀ ਆਜ਼ਾਦੀ ਅਤੇ ਜਮਹੂਰੀਅਤ ਦੀ ਸੁਰਜੀਤੀ ਵਜੋਂ ਤਸੱਵਰ ਕਰਦੀ ਹੈ। ਇਸ ਸਥਿਤੀ ਵਿੱਚ ਪੰਜਾਬੀ ਯੂਨੀਵਰਸਿਟੀ ਨੂੰ ਆਪਣੀ ਵਿਰਾਸਤੀ ਬੌਧਿਕ ਪਰੰਪਰਾ ਅਨੁਕੂਲ ਇਸ ਵਿੱਚੋਂ ਐਸੇ ਰਾਹ ਲੱਭਣੇ ਪੈਣਗੇ, ਜਿੱਥੇ ਸਾਇੰਸ ਅਤੇ ਕਲਾਵਾਂ ਦੇ ਅਨੁਸ਼ਾਸਨਾਂ ਦਾ ਸੁਮੇਲ ਹੋਵੇ। ਸਹੀ ਅਰਥਾਂ ਵਿੱਚ ਬਹੁ-ਅਨੁਸ਼ਾਸਨੀ ਹੋਣਾ ਸਿਰਫ਼ ਵਿਸ਼ਿਆਂ ਦਾ ਮਿਸ਼ਰਣ ਨਹੀਂ ਸਗੋਂ ਗਿਆਨ-ਪ੍ਰਣਾਲੀਆਂ ਦਾ ਪਰਸਪਰ ਸੰਵਾਦ ਹੁੰਦਾ ਹੈ ਤਾਂ ਕਿ ਵਿਗਿਆਨ ਤੇ ਤਕਨਾਲੋਜੀ ਦਾ ਵਿਦਿਆਰਥੀ ਕਲਾ ਦੀ ਕਲਪਨਾ ਸ਼ਕਤੀ ਨੂੰ ਸਮਝਣ ਦੀ ਸਮਰੱਥਾ ਹਾਸਲ ਕਰੇ ਪਰ ਪੰਜਾਬੀ ਵਿਕਾਸ ਦਾ ਫੋਕਸ ਵੀ ਗੁਆਚਣਾ ਨਹੀਂ ਚਾਹੀਦਾ।

ਬੂਟਾ ਸਿੰਘ ਬਰਾੜ

# ਪ੍ਰਮਾਣੂ ਤਾਕਤ ਬਾਰੇ ਚਰਨੋਬਲ ਦੀ ਚਿਤਾਵਨੀ



ਅੱਜ ਦੁਨੀਆ ਵਿੱਚ ਪ੍ਰਮਾਣੂ ਖਤਰੇ ਦੀ ਚਰਚਾ ਸਿਖਰ 'ਤੇ ਹੈ। ਇਸ ਲਈ ਪੂਰੇ ਚਾਰ ਦਹਾਕੇ ਪਹਿਲਾਂ ਸੋਵੀਅਤ ਯੂਨੀਅਨ ਵਿੱਚ ਵਾਪਰਿਆ ਚਰਨੋਬਲ ਹਾਦਸਾ ਸਾਨੂੰ ਸੀਸਾ ਦਿਖਾਉਂਦਾ ਹੈ ਕਿ ਇੱਕ ਗਲਤੀ ਵੀ ਪੂਰੀ ਮਨੁੱਖਤਾ 'ਤੇ ਕਿੰਨੀ ਭਾਰੀ ਪੈ ਸਕਦੀ ਹੈ। ਇਤਿਹਾਸ ਸਾਨੂੰ ਵਾਰ-ਵਾਰ ਚਿਤਾਵਨੀ ਦਿੰਦਾ ਹੈ ਕਿ ਪ੍ਰਮਾਣੂ ਜੰਗ ਜਿੱਤੀ ਨਹੀਂ ਜਾ ਸਕਦੀ, ਇਸ ਲਈ ਇਹ ਕਦੇ ਲੜੀ ਨਹੀਂ ਜਾਣੀ ਚਾਹੀਦੀ।

ਹਰ ਸਾਲ 26 ਅਪਰੈਲ ਨੂੰ ਮਨਾਇਆ ਜਾਣ ਵਾਲਾ ਕੌਮਾਂਤਰੀ ਚਰਨੋਬਲ ਤਬਾਹੀ ਯਾਦਗਾਰ ਦਿਨ ਮਨੁੱਖੀ ਇਤਿਹਾਸ ਦੀਆਂ ਸਭ ਤੋਂ ਭਿਆਨਕ ਪ੍ਰਮਾਣੂ ਘਟਨਾਵਾਂ ਵਿੱਚੋਂ ਇੱਕ ਦੀ ਯਾਦ ਦਿਵਾਉਂਦਾ ਹੈ। ਇਹ ਮਨੁੱਖਤਾ ਲਈ ਇੱਕ ਸਬਕ ਹੈ ਕਿ ਵਿਗਿਆਨਕ ਤਰੱਕੀ ਦੇ ਨਾਲ-ਨਾਲ ਸੁਰੱਖਿਆ ਅਤੇ ਨੈਤਿਕ ਜਿੰਮੇਵਾਰੀ ਦਾ ਹੋਣਾ ਬਹੁਤ ਜਰੂਰੀ ਹੈ।

ਘਟਨਾ ਵਾਲੇ ਦਿਨ 26 ਅਪਰੈਲ 1986 ਨੂੰ ਸਵੇਰੇ 1:23 ਵਜੇ ਤਤਕਾਲੀ ਸੋਵੀਅਤ ਯੂਨੀਅਨ ਦੇ ਯੂਕਰੇਨ ਪ੍ਰਾਂਤ ਵਿੱਚ ਪ੍ਰਿਪਯਤ ਸਹਿਰ ਨੇੜੇ ਸਥਿਤ ਚਰਨੋਬਲ ਪਲਾਂਟ ਦੇ ਯੂਨਿਟ-4 ਵਿੱਚ ਕਰਮਚਾਰੀ ਇੱਕ ਸੁਰੱਖਿਆ ਟੈਸਟ ਕਰ ਰਹੇ ਸਨ। ਇੰਜੀਨੀਅਰ ਇਹ ਦੇਖਣਾ ਚਾਹੁੰਦੇ ਸਨ ਕਿ ਜੇਕਰ ਬਿਜਲੀ ਸਪਲਾਈ ਬੰਦ ਹੋ ਜਾਵੇ ਤਾਂ ਕੀ ਟਰਬਾਈਨਾਂ ਦੀ ਗਤੀ ਇੰਨੀ ਊਰਜਾ ਪੈਦਾ ਕਰ ਸਕਦੀ ਹੈ ਕਿ ਐਮਰਜੈਂਸੀ ਕੂਲਿੰਗ ਪੰਪ ਚੱਲਦੇ ਰਹਿਣ। ਇਸ ਟੈਸਟ ਦੌਰਾਨ ਰਿਐਕਟਰ ਦੀ ਪਾਵਰ ਬਹੁਤ ਘੱਟ ਕਰ ਦਿੱਤੀ ਗਈ ਸੀ।

ਜਦੋਂ ਕਰਮਚਾਰੀਆਂ ਨੇ ਟੈਸਟ ਦੌਰਾਨ ਰਿਐਕਟਰ ਨੂੰ ਕੰਟਰੋਲ ਕਰਨ ਦੀ ਕੋਸਿਸ ਕੀਤੀ ਤਾਂ ਪਾਵਰ ਵਿੱਚ ਅਚਾਨਕ ਬਹੁਤ ਵੱਡਾ ਉਛਾਲ ਆਇਆ। ਇਸ ਕਾਰਨ ਰਿਐਕਟਰ ਦੇ ਅੰਦਰ ਬਹੁਤ ਜਿਆਦਾ ਭਾਫ ਬਣ ਗਈ, ਜਿਸ ਨੇ ਰਿਐਕਟਰ ਦੀ ਛੱਤ ਨੂੰ ਉਡਾ ਦਿੱਤਾ। ਇਸ ਤੋਂ ਤੁਰੰਤ ਬਾਅਦ ਦੂਜਾ ਵੱਡਾ ਧਮਾਕਾ ਹੋਇਆ, ਜਿਸ ਨਾਲ ਰੇਡੀਓਐਕਟਿਵ ਪਦਾਰਥ ਹਵਾ ਵਿੱਚ ਫੈਲ ਗਏ। ਕੁੱਲ ਮਿਲਾ ਕੇ ਰਿਐਕਟਰ ਦੀਆਂ ਡਿਜਾਈਨ ਖਾਮੀਆਂ ਅਤੇ ਆਪਰੇਟਰ ਦੀ ਗਲਤੀ ਕਾਰਨ ਇਹ ਹਾਦਸਾ ਵਾਪਰਿਆ।

ਮੰਨਿਆ ਜਾਂਦਾ ਹੈ ਕਿ ਧਮਾਕੇ ਕਾਰਨ ਲਗਭਗ 3-5 ਫੀਸਦੀ ਕੋਰ ਸਮੱਗਰੀ ਵਾਤਾਵਰਣ ਵਿੱਚ ਫੈਲ ਗਈ ਸੀ। ਇਹ ਰੇਡੀਏਸਨ ਯੂਕਰੇਨ, ਬੇਲਾਰੂਸ, ਰੂਸ ਅਤੇ ਯੂਰੋਪ ਦੇ ਕਈ ਹਿੱਸਿਆਂ ਤੱਕ ਪਹੁੰਚ ਗਈ। ਉਸੇ ਸਮੇਂ ਦੋ ਕਰਮਚਾਰੀਆਂ ਦੀ ਤੁਰੰਤ ਮੌਤ ਹੋ ਗਈ ਜਦੋਂਕਿ ਅਗਲੇ ਕੁਝ ਹਫਤਿਆਂ ਵਿੱਚ 28 ਹੋਰ ਕਰਮਚਾਰੀ ਅਤੇ ਫਾਇਰਫਾਈਟਰਜ 'ਐਕਿਊਟ ਰੇਡੀਏਸਨ ਸਿੰਡਰੋਮ' ਕਾਰਨ ਮਾਰੇ ਗਏ। ਅਗਲੇ 36 ਘੰਟਿਆਂ ਮਗਰੋਂ ਨੇੜਲੇ ਸਹਿਰ ਪ੍ਰਿਪਯਤ ਦੇ ਲਗਭਗ 50,000 ਲੋਕਾਂ ਨੂੰ ਸਿਰਫ ਕੁਝ ਘੰਟਿਆਂ ਦੇ ਨੋਟਿਸ 'ਤੇ ਘਰ ਛੱਡਣ ਲਈ ਕਿਹਾ ਗਿਆ। ਉਹ ਅੱਜ ਤੱਕ ਵਾਪਸ ਨਹੀਂ ਪਰਤ ਸਕੇ। ਹਾਲਾਂਕਿ ਰੇਡੀਏਸਨ ਨੂੰ ਰੋਕਣ ਲਈ ਰਿਐਕਟਰ ਦੇ ਸਾਲ 1986 ਵਾਲੇ ਪੁਰਾਣੇ ਢਾਂਚੇ ਉੱਪਰ 2016 ਵਿੱਚ ਕੰਕਰੀਟ ਅਤੇ ਸਟੀਲ ਦਾ ਇੱਕ ਢਾਂਚਾ ਬਣਾਇਆ ਗਿਆ। ਇਹ ਕੋਈ ਸਥਾਈ ਹੱਲ ਤਾਂ ਨਹੀਂ, ਪਰ ਇੱਕ ਸਦੀ ਤੱਕ ਸੁਰੱਖਿਆ ਦੇਵੇਗਾ।

ਪਲਾਂਟ ਦੇ ਆਲੇ-ਦੁਆਲੇ 30 ਕਿਲੋਮੀਟਰ ਦੇ ਇਲਾਕੇ ਨੂੰ 'ਐਕਸਕਲੂਜਨ ਜੋਨ' ਐਲਾਨਿਆ ਗਿਆ ਹੈ, ਜਿੱਥੇ ਅੱਜ ਵੀ ਇਨਸਾਨਾਂ ਦਾ ਰਹਿਣਾ ਸੁਰੱਖਿਅਤ ਨਹੀਂ ਹੈ। ਇਹ ਜੋਨ ਲਗਭਗ 2,600 ਵਰਗ ਕਿਲੋਮੀਟਰ (ਲਗਭਗ 1,000 ਵਰਗ ਮੀਲ) ਵਿੱਚ ਫੈਲਿਆ ਹੋਇਆ ਹੈ। ਇਸ 30 ਕਿਲੋਮੀਟਰ ਦੇ ਦਾਇਰੇ ਵਿੱਚ ਆਮ ਨਾਗਰਿਕਾਂ ਦਾ ਪੱਕੇ ਤੌਰ 'ਤੇ ਰਹਿਣਾ ਸਖਤ ਮਨ੍ਹਾਂ ਹੈ। ਹਾਲਾਂਕਿ, ਕੁਝ ਬਜੁਰਗ ਲੋਕ ਆਪਣੀ ਮਰਜੀ ਨਾਲ ਆਪਣੇ ਪੁਰਾਣੇ ਘਰਾਂ ਵਿੱਚ ਪਰਤ ਆਏ ਸਨ, ਪਰ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਵਿਗਿਆਨੀਆਂ ਅਨੁਸਾਰ, ਰਿਐਕਟਰ ਦੇ ਬਿਲਕੁਲ ਨੇੜਲੇ ਇਲਾਕੇ ਅਗਲੇ ਹਜਾਰਾਂ ਸਾਲਾਂ ਤੱਕ ਇਨਸਾਨਾਂ ਦੇ ਰਹਿਣ ਦੇ ਯੋਗ ਨਹੀਂ ਹੋਣਗੇ ਕਿਉਂਕਿ ਉੱਥੇ ਮੌਜੂਦ ਰੇਡੀਓਐਕਟਿਵ ਤੱਤਾਂ ਦਾ ਅਸਰ ਖਤਮ ਹੋਣ ਵਿੱਚ ਹਜਾਰਾਂ ਸਾਲ ਲੱਗਣਗੇ। ਇਸ ਘਟਨਾ ਮਗਰੋਂ ਇਸ ਖਿੱਤੇ ਵਿੱਚ ਹਜਾਰਾਂ ਬੱਚਿਆਂ ਨੂੰ ਥਾਇਰਾਇਡ ਕੈਂਸਰ ਹੋਇਆ ਕਿਉਂਕਿ ਉਨ੍ਹਾਂ ਨੇ ਦੂਸਿਤ ਦੁੱਧ ਪੀਤਾ ਸੀ। ਵਿਸਵ ਸਿਹਤ ਸੰਗਠਨ ਮੁਤਾਬਿਕ ਲੰਮੇ ਸਮੇਂ ਦੇ ਪ੍ਰਭਾਵਾਂ ਕਾਰਨ ਕੈਂਸਰ ਦੇ ਹਜਾਰਾਂ ਮਾਮਲੇ ਹੋਣ ਦੀ ਸੰਭਾਵਨਾ ਵੀ ਦਰਜ ਕੀਤੀ ਗਈ ਹੈ।

ਚਰਨੋਬਲ ਪਲਾਂਟ ਦੀ ਸਾਂਭ-ਸੰਭਾਲ ਅਤੇ ਸੁਰੱਖਿਆ ਲਈ ਲਗਭਗ 2,000 ਤੋਂ 3,000 ਲੋਕ ਅੱਜ ਵੀ ਇੱਥੇ ਸਿਫਟਾਂ ਵਿੱਚ ਕੰਮ ਕਰਦੇ ਹਨ। ਉਹ ਇਸ ਦੇ ਖਤਰਿਆਂ ਤੋਂ ਵਾਕਿਫ ਹਨ। ਇਸ ਲਈ ਉਹ ਕੁਝ ਦਿਨ ਜੋਨ ਦੇ ਅੰਦਰ ਰਹਿੰਦੇ ਹਨ ਅਤੇ ਫਿਰ ਬਾਹਰ ਚਲੇ ਜਾਂਦੇ ਹਨ ਤਾਂ ਜੋ ਰੇਡੀਏਸਨ ਦਾ ਅਸਰ ਘੱਟ ਹੋਵੇ। ਸਿਰਫ ਮਨੁੱਖ ਨੂੰ ਹੀ ਨਹੀਂ ਸਗੋਂ ਮਨੁੱਖੀ ਗਲਤੀਆਂ ਦੀ ਸਜਾ ਜਾਨਵਰਾਂ ਨੂੰ ਵੀ ਭੁਗਤਣੀ ਪੈ ਰਹੀ ਹੈ। ਰੇਡੀਏਸਨ ਨੇ ਜਾਨਵਰਾਂ ਦੇ ਡੀ ਐੱਨ ਏ 'ਤੇ ਡੂੰਘਾ ਅਸਰ ਪਾਇਆ ਹੈ। ਟ੍ਰੀ ਫਰੌਗਜ ਅਰਥਾਤ ਦਰੱਖਤਾਂ ਦੇ ਡੱਡੂ ਆਮ ਤੌਰ 'ਤੇ ਹਰੇ ਹੁੰਦੇ ਹਨ, ਹੁਣ ਇੱਥੇ ਉਹ ਕਾਲੇ ਰੰਗ ਦੇ ਹੋ ਗਏ ਹਨ। ਕੁਝ ਪੰਛੀਆਂ ਦੀਆਂ ਚੁੰਝਾਂ ਦੀ ਬਨਾਵਟ ਵਿਗੜ ਗਈ ਹੈ ਅਤੇ ਉਨ੍ਹਾਂ ਦੇ ਦਿਮਾਗ ਦਾ ਆਕਾਰ ਆਮ ਪੰਛੀਆਂ ਨਾਲੋਂ ਛੋਟਾ ਪਾਇਆ ਗਿਆ ਹੈ।

ਹਾਲਾਂਕਿ ਜਾਨਵਰ ਬਾਹਰੋਂ ਤੰਦਰੁਸਤ ਲਗਦੇ ਹਨ, ਪਰ ਉਨ੍ਹਾਂ ਦੇ ਸਰੀਰ ਦੇ ਅੰਦਰੂਨੀ ਹਿੱਸੇ ਰੇਡੀਏਸਨ ਨਾਲ ਲੜ ਰਹੇ ਹਨ। ਉਨ੍ਹਾਂ ਵਿੱਚ ਮੋਤੀਆਬਿੰਦ ਅਤੇ ਕੈਂਸਰ ਦੀਆਂ ਦਰਾਂ ਆਮ ਨਾਲੋਂ ਵੱਧ ਹਨ। ਰੇਡੀਏਸਨ ਕਾਰਨ ਬਹੁਤ ਸਾਰੇ ਜਾਨਵਰਾਂ ਦੀ ਉਮਰ ਘਟ ਜਾਂਦੀ ਹੈ ਅਤੇ ਉਨ੍ਹਾਂ ਦੀ ਪ੍ਰਜਣਨ ਸਮਰੱਥਾ 'ਤੇ ਵੀ ਮਾੜਾ ਅਸਰ ਪਿਆ ਹੈ। ਹਾਦਸੇ ਵੇਲੇ ਲੋਕ ਆਪਣੇ ਪਾਲਤੂ ਕੁੱਤੇ ਉੱਥੇ ਹੀ ਛੱਡ ਗਏ ਸਨ। ਅੱਜ ਉੱਥੇ ਰਹਿੰਦੀਆਂ ਉਨ੍ਹਾਂ ਕੁੱਤਿਆਂ ਦੀਆਂ ਅਗਲੀਆਂ ਪੀੜ੍ਹੀਆਂ ਵਿੱਚ ਜੈਨੇਟਿਕ ਤਬਦੀਲੀਆਂ ਦਰਜ ਕੀਤੀਆਂ ਗਈਆਂ ਹਨ। ਇੱਕ ਹੋਰ ਗੱਲ ਦਾ ਜਿਕਰ ਜਰੂਰ ਕਰਨਾ ਬਣਦਾ ਹੈ ਕਿ ਹੈਰਾਨੀਜਨਕ ਤੌਰ 'ਤੇ ਮਨੁੱਖੀ ਦਖਲ ਦੀ ਘਾਟ ਕਾਰਨ ਕੁਝ ਜਾਨਵਰਾਂ ਦੀ ਗਿਣਤੀ ਵਿੱਚ ਵਾਧਾ ਵੀ ਦੇਖਿਆ ਗਿਆ ਹੈ।

ਜੇਕਰ ਖੇਤੀਬਾੜੀ ਦੀ ਗੱਲ ਕਰੀਏ ਤਾਂ ਇੱਥੋਂ ਦੀ ਮਿੱਟੀ ਵਿੱਚ ਅਜੇ ਵੀ ਰੇਡੀਓਐਕਟਿਵ ਕਣ ਮੌਜੂਦ ਹਨ। ਜੇਕਰ ਇੱਥੇ ਖੇਤੀ ਕੀਤੀ ਜਾਂਦੀ ਹੈ ਤਾਂ ਕਣਕ ਜਾਂ ਮੱਕੀ ਵਰਗੀਆਂ ਰੇਡੀਏਸਨ ਨੂੰ ਸੋਖ ਲੈਣ ਵਾਲੀਆਂ ਫਸਲਾਂ ਇਨਸਾਨੀ ਖਪਤ ਲਈ ਜਹਿਰੀਲੀਆਂ ਹੋ ਸਕਦੀਆਂ ਹਨ। ਕਈ ਇਲਾਕਿਆਂ ਵਿੱਚ ਸਖਤ ਨਿਗਰਾਨੀ ਹੇਠ ਸੀਮਿਤ ਖੇਤੀ ਕੀਤੀ ਜਾਂਦੀ ਹੈ, ਪਰ ਕੌਮਾਂਤਰੀ ਸੁਰੱਖਿਆ ਮਾਪਦੰਡਾਂ ਤਹਿਤ ਇੱਥੋਂ ਦੇ ਕਈ ਉਤਪਾਦਾਂ 'ਤੇ ਸਖਤ ਨਿਯੰਤਰਣ ਅਤੇ ਟੈਸਟਿੰਗ ਲਾਗੂ ਹੈ। ਇਸ ਲਈ ਉਨ੍ਹਾਂ ਨੂੰ ਖੁੱਲ੍ਹੇ ਤੌਰ 'ਤੇ ਮਾਰਕੀਟ ਵਿੱਚ ਵੇਚਣ ਦੀ ਇਜਾਜਤ ਨਹੀਂ ਹੁੰਦੀ।

ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਸਾਨੂੰ ਪ੍ਰਮਾਣੂ ਤਾਕਤ ਦੀ ਵਰਤੋਂ ਬੰਦ ਕਰ ਦੇਣੀ ਚਾਹੀਦੀ ਹੈ? ਹਾਲਾਂਕਿ ਪ੍ਰਮਾਣੂ ਰਹਿੰਦ-ਖੂੰਹਦ ਦੀ ਸੰਭਾਲ ਅਜੇ ਵੀ ਇੱਕ ਵੱਡੀ ਚੁਣੌਤੀ ਹੈ। ਹਕੀਕਤ ਤਾਂ ਇਹ ਵੀ ਹੈ ਕਿ ਅਜੋਕੇ ਦੌਰ ਵਿੱਚ, ਜਦੋਂ ਦੁਨੀਆ ਜਲਵਾਯੂ ਤਬਦੀਲੀ ਨਾਲ ਜੂਝ ਰਹੀ ਹੈ ਤਾਂ 24 ਘੰਟੇ ਬਿਜਲੀ ਪ੍ਰਦਾਨ ਕਰਨ ਲਈ ਪ੍ਰਮਾਣੂ ਊਰਜਾ ਇੱਕ ਸਕਤੀਸਾਲੀ ਹੱਲ ਵਜੋਂ ਉੱਭਰਦੀ ਹੈ। ਕੋਲੇ ਜਾਂ ਗੈਸ ਦੇ ਮੁਕਾਬਲੇ ਪ੍ਰਮਾਣੂ ਪਲਾਂਟ ਹਵਾ ਵਿੱਚ ਗਰੀਨਹਾਊਸ ਗੈਸਾਂ ਨਹੀਂ ਛੱਡਦੇ। ਬੱਸ ਇਨ੍ਹਾਂ ਨੂੰ ਸਮਝਦਾਰੀ ਨਾਲ ਚਲਾਉਣ ਦੀ ਲੋੜ ਹੈ।

ਸਵਾਲ ਇਹ ਵੀ ਉੱਠਦਾ ਹੈ ਕਿ ਕੀ ਚਰਨੋਬਲ ਵਰਗੇ ਹਾਦਸਿਆਂ ਮਗਰੋਂ ਉੱਥੋਂ ਦੀ ਧਰਤੀ ਨੂੰ ਦੁਬਾਰਾ ਇਨਸਾਨਾਂ ਦੇ ਰਹਿਣ ਯੋਗ ਬਣਾਇਆ ਜਾ ਸਕਦਾ ਹੈ ? ਦਰਅਸਲ, ਇਹ ਇੱਕ ਬਹੁਤ ਹੀ ਗੁੰਝਲਦਾਰ ਅਤੇ ਲੰਮੀ ਪ੍ਰਕਿਰਿਆ ਹੈ ਕਿਉਂਕਿ ਪ੍ਰਮਾਣੂ ਰੇਡੀਏਸਨ ਦੇ ਪ੍ਰਭਾਵ ਨੂੰ ਖਤਮ ਹੋਣ ਵਿੱਚ ਬਹੁਤ ਲੰਮਾ ਸਮਾਂ ਲੱਗਦਾ ਹੈ। ਇਸ ਲਈ ਹਜਾਰਾਂ ਸਾਲਾਂ ਦਾ ਇੰਤਜਾਰ ਕਰਨਾ ਪੈ ਸਕਦਾ ਹੈ। ਵਿਗਿਆਨੀਆਂ ਮੁਤਾਬਿਕ ਰਿਐਕਟਰ ਦੇ ਬਿਲਕੁਲ ਨੇੜਲੇ ਹਿੱਸੇ ਅਤੇ ਰੈੱਡ ਫੋਰੈਸਟ ਵਰਗੇ ਇਲਾਕੇ, ਜਿੱਥੇ ਪਾਈਨ ਦੇ ਦਰੱਖਤ ਰੇਡੀਏਸਨ ਕਾਰਨ ਲਾਲ ਹੋ ਕੇ ਸੁੱਕ-ਸੜ ਗਏ ਸਨ, ਅਗਲੇ 20,000 ਸਾਲਾਂ ਤੱਕ ਇਨਸਾਨਾਂ ਦੇ ਪੱਕੇ ਤੌਰ 'ਤੇ ਰਹਿਣ ਲਈ ਸੁਰੱਖਿਅਤ ਨਹੀਂ ਹੋਣਗੇ। ਕੁਝ ਬਾਹਰੀ ਖੇਤਰਾਂ ਵਿੱਚ ਭਵਿੱਖ ਵਿੱਚ ਸੀਮਿਤ ਵਸੇਬਾ ਸੰਭਵ ਹੋ ਸਕਦਾ ਹੈ ਕਿਉਂਕਿ ਉੱਥੇ ਮੌਜੂਦ ਰੇਡੀਓਐਕਟਿਵ ਤੱਤਾਂ ਦਾ ਅਸਰ ਹੌਲੀ-ਹੌਲੀ ਘਟ ਰਿਹਾ ਹੈ, ਪਰ ਫਿਰ ਵੀ ਆਮ ਪੱਧਰ ਤੱਕ ਪੁੱਜਣ ਵਿੱਚ ਤਿੰਨ ਤੋਂ ਛੇ ਸਦੀਆਂ ਲੱਗ ਸਕਦੀਆਂ ਹਨ।

ਚਰਨੋਬਲ ਸਿਰਫ ਇੱਕ ਹਾਦਸਾ ਨਹੀਂ, ਇੱਕ ਚਿਤਾਵਨੀ ਹੈ ਕਿ ਤਾਕਤ ਅਤੇ ਜਿੰਮੇਵਾਰੀ ਵੱਖ ਹੋ ਜਾਣ ਤਾਂ ਤਰੱਕੀ ਵੀ ਤਬਾਹੀ ਬਣ ਸਕਦੀ ਹੈ। ਇਸ ਨੇ ਇਹ ਵੀ ਦਿਖਾਇਆ ਕਿ ਰੇਡੀਏਸਨ ਦੀ ਕੋਈ ਸਰਹੱਦ ਨਹੀਂ ਹੁੰਦੀ। ਇੱਕ ਰਿਐਕਟਰ ਦਾ ਫਟਣਾ ਵੀ ਬਹੁਤ ਸਾਰੇ ਦੇਸਾਂ ਦੀ ਹਵਾ ਅਤੇ ਪਾਣੀ ਨੂੰ ਜਹਿਰੀਲਾ ਕਰ ਸਕਦਾ ਹੈ। ਪ੍ਰਮਾਣੂ ਜੰਗ ਹੋਣ ਦੀ ਸੂਰਤ ਵਿੱਚ ਤਾਂ ਹਜਾਰਾਂ ਮਿਜਾਈਲਾਂ ਦੀ ਵਰਤੋਂ ਹੋਵੇਗੀ। ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਬਿਹਤਰ ਭਵਿੱਖ ਲਈ ਪ੍ਰਮਾਣੂ ਸਕਤੀ ਦਾ ਉਪਯੋਗ ਬੇਹੱਦ ਸਮਝਦਾਰੀ ਅਤੇ ਪਾਰਦਰਸਤਾ ਨਾਲ ਕਰਨਾ ਪਵੇਗਾ, ਪਰ ਹਥਿਆਰਾਂ ਦੇ ਮਾਮਲੇ ਵਿੱਚ ਛੋਟੀ ਜਿਹੀ ਗਲਤੀ ਜਾਂ ਗਲਤਫਹਿਮੀ ਪੂਰੀ ਮਨੁੱਖਤਾ ਦੇ ਖਾਤਮੇ ਦਾ ਕਾਰਨ ਬਣ ਸਕਦੀ ਹੈ।

ਗੁਰਕ੍ਰਿਪਾਲ ਸਿੰਘ ਅਸ਼ਕ

# ਕੰਪਿਊਟਰ ਅਧਿਆਪਕਾਂ ਦੀ ਸੁਣੋ

ਪੰਦਰਾਂ ਸਾਲਾਂ ਤੱਕ ਪੂਰੀ ਇਮਾਨਦਾਰੀ, ਲਗਨ ਤੇ ਚੁੱਪਚਾਪ ਕੀਤੀ ਸੇਵਾ ਤੋਂ ਬਾਅਦ ਜਦੋਂ ਪੰਜਾਬ ਦੇ ਦੋ ਕੰਪਿਊਟਰ ਅਧਿਆਪਕ ਸੇਵਾ ਮੁਕਤ ਹੁੰਦੇ ਹਨ ਤਾਂ ਉਨ੍ਹਾਂ ਦੇ ਹੱਥ ਵਿਚ ਸਨਮਾਨ ਜਾਂ ਸੁਰੱਖਿਆ ਨਹੀਂ, ਸਿਰਫ ਖਾਲੀਪਣ ਰਹਿ ਜਾਂਦਾ ਹੈ। ਨਾ ਕੋਈ ਪੈਨਸਨ, ਨਾ ਗ੍ਰੈਚੁਟੀ ਤੇ ਨਾ ਹੀ ਉਹ ਮੁੱਢਲੇ ਹੱਕ ਜੋ ਇਕ ਸਰਕਾਰੀ ਕਰਮਚਾਰੀ ਦੇ ਜੀਵਨ ਦੇ ਆਖਰੀ ਪੜਾਅ ਨੂੰ ਸੁਰੱਖਿਅਤ ਬਣਾਉਂਦੇ ਹਨ।

ਜਿਸ ਨਿਯੁਕਤੀ ਪੱਤਰ ਨੇ ਕਦੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਉਨ੍ਹਾਂ ਦੀ ਸੇਵਾ ਪੰਜਾਬ ਸਿਵਲ ਸੇਵਾਵਾਂ ਦੇ ਨਿਯਮਾਂ ਹੇਠ ਆਵੇਗੀ, ਉਹੀ ਕਾਗਜ ਅੱਜ ਇਕ ਟੁੱਟੇ ਵਾਅਦੇ ਦੀ ਯਾਦ ਬਣ ਗਿਆ ਹੈ। ਇਹ ਸਿਰਫ ਕਾਨੂੰਨੀ ਉਲੰਘਣਾ ਨਹੀਂ, ਇਹ ਭਰੋਸੇ ਦਾ ਕਤਲ ਹੈ। ਇਹ ਕਹਾਣੀ ਸਿਰਫ ਇਕ ਜਾਂ ਵੱਧ ਅਧਿਆਪਕਾਂ ਦੀ ਨਹੀਂ, ਇਹ ਉਸ ਹਰ ਵਿਅਕਤੀ ਦੀ ਆਵਾਜ ਹੈ ਜਿਸ ਨੇ ਆਪਣੇ ਸੁਪਨੇ, ਆਪਣੀ ਜਵਾਨੀ ਅਤੇ ਆਪਣਾ ਸਮਾਂ ਸਿਸਟਮ ਨੂੰ ਦੇ ਦਿੱਤਾ। ਸਾਲਾਂ ਤੱਕ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਵਾਲਾ ਅਧਿਆਪਕ ਜਦੋਂ ਆਪਣੇ ਭਵਿੱਖ ਲਈ ਹੱਥ ਫੈਲਾਉਣ ਲਈ ਮਜਬੂਰ ਹੋ ਜਾਵੇ ਤਾਂ ਇਹ ਸਮਾਜ ਤੇ ਸਰਕਾਰਾਂ ਲਈ ਸਰਮਨਾਕ ਗੱਲ ਹੈ। ਇਹ ਸਿਰਫ ਪ੍ਰਸਾਸਨ ਦੀ ਗਲਤੀ ਨਹੀਂ, ਇਹ ਮਨੁੱਖੀ ਅਹਿਸਾਸਾਂ ਦੀ ਨਾਕਾਮੀ ਹੈ।



ਜਦੋਂ ਇਕ ਅਧਿਆਪਕ ਆਪਣੀ ਜਿੰਦਗੀ ਦੇ ਸੁਨਹਿਰੇ ਸਾਲ ਕਲਾਸਰੂਮ ਵਿਚ ਬਿਤਾ ਦਿੰਦਾ ਹੈ ਤਾਂ ਉਸ ਦੀ ਸੇਵਾ ਮੁਕਤੀ 'ਤੇ ਉਸ ਨੂੰ ਵਿੱਤੀ ਸੁਰੱਖਿਆ ਨਹੀਂ ਮਿਲਦੀ, ਸਗੋਂ ਅਣਦੇਖੀ ਮਿਲਦੀ ਹੈ ਤੇ ਇਹ ਇਕ ਤਰ੍ਹਾਂ ਦੀ ਖਾਮੋਸ ਸਜਾ ਵਰਗਾ ਹੈ। ਇਹ ਉਸ ਦੀ ਮਿਹਨਤ ਦਾ ਮਜਾਕ ਹੈ, ਉਸ ਦੇ ਯਕੀਨ ਦਾ ਅੰਤ ਹੈ। ਪੰਜਾਬ ਰਾਜ, ਜੋ ਇਕ 'ਮਾਡਲ' ਹੋਣਾ ਚਾਹੀਦਾ ਸੀ, ਅੱਜ ਆਪਣੇ ਹੀ ਕਰਮਚਾਰੀਆਂ ਦੇ ਭਰੋਸੇ ਨੂੰ ਤੋੜ ਰਿਹਾ ਹੈ।

ਇਹ ਹਾਲਤ ਸਿਰਫ ਦੋ ਵਿਅਕਤੀਆਂ ਦੀ ਨਹੀਂ, ਇਹ ਪੂਰੇ ਸਿਸਟਮ 'ਤੇ ਇਕ ਕਾਲਾ ਦਾਗ ਹੈ। ਜਦੋਂ ਵਾਅਦੇ ਕਾਗਜਾਂ ਤੱਕ ਸੀਮਤ ਰਹਿ ਜਾਂਦੇ ਹਨ ਤੇ ਹਕੀਕਤ ਵਿਚ ਟੁੱਟ ਜਾਂਦੇ ਹਨ ਤਾਂ ਇਹ ਸਾਬਿਤ ਕਰਦਾ ਹੈ ਕਿ ਸਿਸਟਮ ਨੂੰ ਸਿਰਫ ਕੰਮ ਚਾਹੀਦਾ ਹੈ-ਮਨੁੱਖ ਨਹੀਂ। ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਪਿਛਲੇ ਲਗਪਗ 20-21 ਸਾਲਾਂ ਤੋਂ ਮਿਹਨਤ ਕਰ ਰਹੇ ਕੰਪਿਊਟਰ ਅਧਿਆਪਕ ਅੱਜ ਆਪਣੇ ਹੱਕਾਂ ਲਈ ਸੜਕਾਂ 'ਤੇ ਹਨ।

ਹਾਈ ਕੋਰਟ ਦੇ ਡਬਲ ਬੈਂਚ ਨੇ ਅਧਿਆਪਕਾਂ ਦੇ ਹੱਕ ਵਿਚ ਫੈਸਲਾ ਸੁਣਾ ਕੇ ਉਨ੍ਹਾਂ ਨੂੰ ਬਣਦੇ ਲਾਭ ਦੇਣ ਦੇ ਨਿਰਦੇਸ਼ ਦਿੱਤੇ ਸਨ ਪਰ ਸਰਕਾਰ ਵੱਲੋਂ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣਾ ਬਹੁਤ ਹੀ ਮੰਦਭਾਗਾ ਹੈ। ਕੰਪਿਊਟਰ ਅਧਿਆਪਕਾਂ ਨੂੰ ਤੁਰੰਤ ਸਿੱਖਿਆ ਵਿਭਾਗ ਵਿਚ ਮਰਜ ਕੀਤਾ ਜਾਵੇ ਤੇ ਛੇਵੇਂ ਪੇਅ-ਕਮਿਸਨ ਦੇ ਲਾਭ ਅਤੇ ਹੋਰ ਸਰਵਿਸ ਨਿਯਮ ਲਾਗੂ ਕੀਤੇ ਜਾਣ। ਅਦਾਲਤੀ ਲੜਾਈਆਂ 'ਚ ਸਮਾਂ ਬਰਬਾਦ ਕਰਨ ਦੀ ਬਜਾਏ, ਇਨ੍ਹਾਂ 'ਡਿਜੀਟਲ ਪੰਜਾਬ' ਦੇ ਨਿਰਮਾਤਾਵਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਦਿੱਤਾ ਜਾਵੇ।

ਜੋਨੀ ਸਿੰਗਲਾ

# ਪਾਣੀਪਤ ਤੋਂ ਬੰਗਾਲ ਤੱਕ

ਅੱਜ ਤੋਂ ਠੀਕ ਪੰਜ ਸੌ ਸਾਲ ਪਹਿਲਾਂ ਇਸੇ ਹਫਤੇ, 21 ਅਪਰੈਲ 1526 ਨੂੰ ਚੰਡੀਗੜ੍ਹ ਤੋਂ ਸਿਰਫ 161 ਕਿਲੋਮੀਟਰ ਦੂਰ ਪਾਣੀਪਤ ਨਾਂ ਦੇ ਕਸਬੇ ਵਿੱਚ ਜਹੀਰੂਦੀਨ ਮੁਹੰਮਦ ਬਾਬਰ ਨੇ ਦਿੱਲੀ ਸਲਤਨਤ ਦੇ ਆਖ਼ਰੀ ਅਤੇ ਸਭ ਤੋਂ ਜਾਲਮ ਸਾਸਕ ਇਬਰਾਹਿਮ ਲੋਧੀ ਨੂੰ ਹਰਾਇਆ ਸੀ ਅਤੇ ਭਾਰਤ ਵਿੱਚ ਮੁਗ਼ਲ ਸਾਸਨ ਦੀ ਨੀਂਹ ਰੱਖੀ ਸੀ।

ਮੁਗਲ ਰਾਜ ਲਗਭਗ 231 ਸਾਲਾਂ ਬਾਅਦ (1757 ਵਿੱਚ) ਖਤਮ ਹੋਇਆ, ਉਦੋਂ ਤੱਕ ਬਾਬਰ ਦੇ ਵੰਸ਼ਜ ਬਹੁਤ ਕਮਜੋਰ ਹੋ ਚੁੱਕੇ ਸਨ। ਇਹ ਅੰਤ ਬੰਗਾਲ ਵਿੱਚ ਪਲਾਸੀ ਦੇ ਮੈਦਾਨ ਵਿੱਚ ਹੋਇਆ (ਜਿਸ ਨੂੰ ਅੰਗਰੇਜੀ ਵਿੱਚ 'ਬੈਟਲ ਆਫ ਪਲਾਸੀ' ਯਾਨੀ ਪਲਾਸੀ ਦੀ ਲੜਾਈ ਕਿਹਾ ਜਾਂਦਾ ਹੈ)। ਉਸ ਸਮੇਂ ਦਿੱਲੀ ਦੇ ਲਾਲ ਕਿਲ੍ਹੇ ਵਿੱਚ ਆਲਮਗੀਰ (ਦੂਜਾ) ਸਿਰਫ ਨਾਮ ਦਾ ਹੀ ਬਾਦਸਾਹ ਰਹਿ ਗਿਆ ਸੀ। ਦੋ ਸਾਲ ਬਾਅਦ (1759 ਵਿੱਚ) ਉਸ ਦਾ ਪੁੱਤਰ ਸਾਹ ਆਲਮ (ਦੂਜਾ) ਗੱਦੀ 'ਤੇ ਬੈਠਾ। ਉਸ ਦੇ ਕਮਜੋਰ ਰਾਜ ਨੂੰ ਦੇਖ ਕੇ ਲੋਕ ਫਾਰਸੀ 'ਚ ਇੱਕ ਤਾਅਨਾ ਮਾਰਦੇ ਸਨ: "ਸਲਤਨਤ-ਏ-ਸਾਹ ਆਲਮ, ਅਜ ਦਿੱਲੀ ਤਾ ਪਾਲਮ।" ਇਸ ਦਾ ਮਤਲਬ ਇਹ ਸੀ ਕਿ ਸਾਹ ਆਲਮ ਦਾ ਰਾਜ ਸਿਰਫ ਦਿੱਲੀ ਤੋਂ ਲੈ ਕੇ ਪਾਲਮ ਪਿੰਡ ਤੱਕ ਹੀ ਰਹਿ ਗਿਆ ਹੈ। ਜੇ ਅੱਜ ਦੇ ਹਿਸਾਬ ਨਾਲ ਦੇਖੀਏ ਤਾਂ ਇਹ ਸਿਰਫ ਪੁਰਾਣੀ ਦਿੱਲੀ (ਦਿੱਲੀ-6) ਤੋਂ ਲੈ ਕੇ ਦਿੱਲੀ ਏਅਰਪੋਰਟ ਦੇ ਟਰਮੀਨਲ 1 ਦੇ ਨੇੜੇ ਪੈਂਦੇ ਪਾਲਮ ਪਿੰਡ ਤੱਕ ਦਾ ਇਲਾਕਾ ਬਣਦਾ ਹੈ, ਜੋ ਕਿ 30 ਕਿਲੋਮੀਟਰ ਤੋਂ ਵੀ ਘੱਟ ਹੈ।

ਪੰਜਾਬ ਦੀਆਂ ਇਨ੍ਹਾਂ ਭਖਦੀਆਂ ਗਰਮੀਆਂ ਵਿੱਚ ਇਤਿਹਾਸ ਦੇ ਇਸ ਸਬਕ ਦੀ ਉਦੋਂ ਸ਼ਾਇਦ ਹੀ ਕੋਈ ਲੋੜ ਹੋਵੇ, ਜਦੋਂ ਕੋਇਲ ਲਗਾਤਾਰ ਕੂਕ ਰਹੀ ਹੈ ਅਤੇ ਅੰਬਾਂ ਨੂੰ ਬੂਰ ਪਿਆ ਹੋਇਆ ਹੈ। ਪੰਜਾਬ ਨੂੰ ਇਹ ਸਭ ਦੱਸਣ ਦੀ ਲੋੜ ਨਹੀਂ ਹੈ ਕਿਉਂਕਿ ਉਸ ਨੇ ਪਿਛਲੇ 500 ਸਾਲਾਂ ਵਿੱਚ ਅਤੇ ਉਸ ਤੋਂ ਵੀ ਬਹੁਤ ਪਹਿਲਾਂ ਤੋਂ ਹੀ ਸਭ ਕੁੱਝ ਵੇਖਿਆ ਹੋਇਆ ਹੈ। ਪੰਜਾਬ ਹਮੇਸਾ ਤੋਂ ਹਮਲਾਵਰਾਂ, ਜੇਤੂਆਂ, ਤਾਨਾਸਾਹਾਂ ਅਤੇ ਜਮਹੂਰੀਅਤ ਪਸੰਦ ਲੋਕਾਂ ਦਾ ਮਨਪਸੰਦ ਖਿੱਤਾ ਰਿਹਾ ਹੈ।

ਅਤੇ ਫਿਰ ਗੱਲ ਕਰਦੇ ਹਾਂ ਬੰਗਾਲ ਦੀ। ਭਾਰਤ ਵਿੱਚ ਕਿਤੇ ਵੀ ਕੁੱਝ ਵਾਪਰੇ, ਉਹ ਇਸ ਇਲਾਕੇ ਵਿੱਚ ਕਈ ਗੁਣਾ ਵਧ ਜਾਂਦਾ ਹੈ। ਮੌਨਸੂਨ ਵਿੱਚ ਇੱਥੋਂ ਦੀ ਹਰਿਆਵਲ ਹੋਰ ਵੀ ਹਰੀ ਹੋ ਜਾਂਦੀ ਹੈ। ਦੁਰਗਾ ਪੂਜਾ ਦੇ 9 ਦਿਨਾਂ ਦੌਰਾਨ, ਜਦੋਂ ਦੇਵੀ ਦੀ ਪੂਜਾ ਹੁੰਦੀ ਹੈ, ਇੱਥੋਂ ਦਾ ਲਾਲ ਰੰਗ ਹੋਰ ਵੀ ਗੂੜ੍ਹਾ ਲਾਲ ਦਿਸਦਾ ਹੈ। ਇੱਥੋਂ ਦੀਆਂ ਨਦੀਆਂ ਪੰਜਾਬ ਦੀਆਂ ਨਦੀਆਂ ਨਾਲੋਂ ਵੀ ਲੰਮੀਆਂ ਹਨ, ਹਾਲਾਂਕਿ ਦੋਵਾਂ ਸੂਬਿਆਂ ਵਿੱਚ ਅਜਿਹੀਆਂ ਨਦੀਆਂ ਹਨ ਜੋ ਦੂਜੇ ਦੇਸਾਂ ਵਿੱਚ ਵੀ ਜਾਂਦੀਆਂ ਹਨ ਅਤੇ ਵੱਖ-ਵੱਖ ਜਾਤਾਂ ਤੇ ਧਰਮਾਂ ਦੇ ਲੋਕਾਂ ਦੇ ਜਿਊਣ ਦਾ ਸਾਧਨ ਬਣਦੀਆਂ ਹਨ।

(ਇਸ ਤੋਂ ਇਲਾਵਾ, ਬਾਬਰ ਵੱਲੋਂ ਇੱਕ ਸਾਥੀ ਮੁਸਲਮਾਨ ਨੂੰ ਹਰਾ ਕੇ ਹਿੰਦੁਸਤਾਨ ਜਿੱਤਣ ਤੋਂ ਸੌ ਸਾਲ ਪਹਿਲਾਂ, ਯਾਨੀ ਕਿ 1398 ਵਿੱਚ, ਜਦੋਂ ਬਾਬਰ ਦਾ ਪੂਰਵਜ ਤੈਮੂਰ, ਪੰਜਾਬ ਨੂੰ ਤਬਾਹ ਕਰ



ਰਿਹਾ ਸੀ, ਉਸ ਵੇਲੇ ਬੰਗਾਲ ਦਾ ਮੁਸਲਮਾਨ ਪਠਾਨ ਸਾਸਕ ਗਿਆਸੂਦੀਨ ਆਜਮ ਸਾਹ ਹਿੰਦੂ ਮਹਾਂਕਾਵਿ ਰਾਮਾਇਣ ਦਾ ਬੰਗਾਲੀ ਵਿੱਚ ਅਨੁਵਾਦ ਕਰਵਾ ਰਿਹਾ ਸੀ। ਇਸ ਤੋਂ ਇਲਾਵਾ ਉਹ ਚੀਨ ਦੇ ਮਿੰਗ ਰਾਜਵੰਸ ਨਾਲ ਕੂਟਨੀਤਕ ਸਬੰਧ ਵਧਾ ਰਿਹਾ ਸੀ ਅਤੇ ਫਾਰਸੀ ਦੇ ਮਸ਼ਹੂਰ ਕਵੀ ਹਾਫਿਜ ਨਾਲ ਮਿਲ ਕੇ ਸਾਇਰੀ ਲਿਖ ਰਿਹਾ ਸੀ।) ਬੰਗਾਲ ਵਿੱਚ ਹਰ ਤਰ੍ਹਾਂ ਦੇ ਜਜਬਾਤ ਵੇਖਣ ਨੂੰ ਮਿਲਦੇ ਹਨ ਅਤੇ ਕਈ ਵਾਰ ਤਾਂ ਸਭ ਕੁੱਝ ਇੱਕੋ ਸਮੇਂ ਵਾਪਰ ਰਿਹਾ ਹੁੰਦਾ ਹੈ। ਗ਼ੁੱਸਾ : 1905 ਵਿੱਚ ਹੋਈ ਬੰਗਾਲ ਦੀ ਵੰਡ। ਸੁਲ੍ਹਾ: 1911 ਵਿੱਚ ਦੋਵਾਂ ਹਿੱਸਿਆਂ ਦਾ ਮੁੜ ਇੱਕ ਹੋ ਜਾਣਾ। ਧੋਖਾ: ਮੀਰ ਜਾਫਰ ਅਤੇ ਸੁਭੇਂਦੂ ਅਧਿਕਾਰੀ ਵਰਗੇ ਨਾਮ। ਧਰਮ: 1906 ਵਿੱਚ ਮੁਸਲਿਮ ਲੀਗ ਦਾ ਬਣਨਾ ਅਤੇ ਦੂਜੇ ਪਾਸੇ 1977 ਤੋਂ 2011 ਤੱਕ (34 ਸਾਲ) ਨਾਸਤਿਕ ਕਮਿਊਨਿਸਟਾਂ ਦਾ ਲਗਾਤਾਰ ਰਾਜ। ਸੱਭਿਆਚਾਰ : ਦੇਸ ਨੂੰ 'ਜਨ ਗਣ ਮਣ' ਅਤੇ 'ਵੰਦੇ ਮਾਤਰਮ' ਦੋਵੇਂ ਗੀਤ ਇੱਥੋਂ ਹੀ ਮਿਲੇ। ਸਾਮਰਾਜ: 1757 ਵਿੱਚ ਪਲਾਸੀ ਦੀ ਲੜਾਈ ਕਾਰਨ ਮੁਗਲਾਂ ਦਾ ਪਤਨ, 1857 ਵਿੱਚ ਬੈਰਕਪੁਰ ਤੋਂ ਸੁਰੂ ਹੋਈ ਬਗਾਵਤ ਅਤੇ ਫਿਰ ਈਸਟ ਇੰਡੀਆ ਕੰਪਨੀ ਤੇ ਬ੍ਰਿਟਿਸ ਰਾਜ ਦਾ ਚੜ੍ਹਾਅ ਤੇ ਉਤਰਾਅ। ਬਦਲਾ: 1946 ਦਾ ਡਾਇਰੈਕਟ ਐਕਸਨ ਡੇਅ। ਰਾਜਨੀਤੀ: 1947 ਵਿੱਚ ਹੋਈ ਦੇਸ ਦੀ ਵੰਡ।

ਤੁਸੀਂ ਬੰਗਾਲ ਨੂੰ ਚਾਹੇ ਪਿਆਰ ਕਰੋ ਜਾਂ ਨਫਰਤ, ਪਰ ਤੁਸੀਂ ਉਸ ਨੂੰ ਨਜਰਅੰਦਾਜ ਨਹੀਂ ਕਰ ਸਕਦੇ। ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸਾਹ ਦੋਵੇਂ ਹੀ ਇਸ ਬੁਨਿਆਦੀ ਸੱਚ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਇਹ ਸੱਚ ਇਹ ਹੈ ਕਿ ਨੋਬੇਲ ਜੇਤੂ ਅਮਰਤਿਆ ਸੇਨ ਨੇ ਆਪਣੀ ਕਿਤਾਬ ਵਿੱਚ ਜਿਸ 'ਦਲੀਲਬਾਜ ਭਾਰਤੀ' ( ) ਦੀ ਗੱਲ ਕੀਤੀ ਹੈ, ਉਹ ਸਾਇਦ ਬੰਗਾਲੀ ਹੀ ਹੈ। ਸੇਨ ਨੇ ਆਪਣੀ ਇਸੇ ਨਾਂ ਦੀ ਕਿਤਾਬ ਵਿੱਚ ਲਿਖਿਆ ਹੈ ਕਿ ਭਾਰਤ ਵਿੱਚ ਸਦੀਆਂ ਤੋਂ ਚਲੀ ਆ ਰਹੀ ਬਹਿਸ ਅਤੇ ਗੱਲਬਾਤ ਦੀ ਪਰੰਪਰਾ ਬਹੁਤ ਕਮਾਲ ਦੀ ਹੈ। ਇਹ ਇਸ ਲਈ ਖਾਸ ਹੈ ਕਿਉਂਕਿ ਇਸ ਕਿਤਾਬ ਵਿੱਚ ਹਰ ਤਰ੍ਹਾਂ ਦੇ ਵੱਖੋ-ਵੱਖਰੇ ਵਿਚਾਰਾਂ ਨੂੰ ਜਗ੍ਹਾ ਮਿਲਦੀ ਹੈ ਅਤੇ ਇਹ ਅਮੀਰ-ਗਰੀਬ, ਜਾਤ-ਪਾਤ ਜਾਂ ਪੜ੍ਹਾਈ ਲਿਖਾਈ ਦੇ ਫਰਕ ਨੂੰ ਨਹੀਂ ਮੰਨਦੀ।

ਕਿਤਾਬ ਦੀ ਆਪਣੀ ਭੂਮਿਕਾ ਵਿੱਚ ਸੇਨ ਲਿਖਦੇ ਹਨ ਕਿ 2004 ਦੀਆਂ ਆਮ ਚੋਣਾਂ ਤੋਂ ਠੀਕ ਪਹਿਲਾਂ, ਕੋਲਕਾਤਾ ਵਿੱਚ ਉਨ੍ਹਾਂ ਦੇ ਘਰ ਦੇ ਬਾਹਰ ਇੱਕ ਪਿੰਡ ਦੇ ਆਦਮੀ, ਜੋ ਕਿ ਬਹੁਤ ਘੱਟ ਪੜ੍ਹਿਆ-ਲਿਖਿਆ ਅਤੇ ਬਿਲਕੁਲ ਗਰੀਬ ਸੀ, ਨੇ ਉਨ੍ਹਾਂ ਨੂੰ ਇਹ ਗੱਲ ਕਹੀ ਸੀ: "ਸਾਨੂੰ ਚੁੱਪ ਕਰਵਾ ਦੇਣਾ ਕੋਈ ਬਹੁਤਾ ਔਖਾ ਕੰਮ ਨਹੀਂ ਹੈ, ਪਰ ਅਜਿਹਾ ਇਸ ਲਈ ਨਹੀਂ ਕਿਉਂਕਿ ਅਸੀਂ ਬੋਲ ਨਹੀਂ ਸਕਦੇ।" ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਬੰਗਾਲ ਅਤੇ ਪੰਜਾਬ, ਪਿਛਲੇ ਕੁੱਝ ਸਮੇਂ ਤੋਂ ਭਾਜਪਾ ਦੇ ਖਾਸ ਨਿਸਾਨੇ 'ਤੇ ਰਹੇ ਹਨ, ਇਹ ਸੁੱਕਰਵਾਰ ਸਾਮ ਨੂੰ ਪੂਰੀ ਤਰ੍ਹਾਂ ਸਾਫ ਹੋ ਗਿਆ ਸੀ। 2021 ਦੇ ਉਲਟ, ਜਦੋਂ ਪ੍ਰਧਾਨ ਮੰਤਰੀ ਦੇ "ਦੀਦੀ, ਓ ਦੀਦੀ" ਵਾਲਾ ਤਾਅਨਾ ਬੰਗਾਲ ਵਿੱਚ ਬਹੁਤਾ ਪਸੰਦ ਨਹੀਂ ਕੀਤਾ ਗਿਆ ਸੀ, ਭਾਜਪਾ ਦਾ ਹਥਿਆਰ ਇਸ ਵਾਰ ਬਹੁਤ ਜਿਆਦਾ ਵੱਖਰਾ ਹੈ। 'ਵਿਸੇਸ ਵਿਆਪਕ ਸੁਧਾਰ' (ਐਸ ਆਈ ਆਰ) ਤਹਿਤ ਸੂਬੇ ਵਿੱਚ 27.10 ਲੱਖ ਵੋਟਰਾਂ ਨੂੰ ਵੋਟਰ ਸੂਚੀ ਵਿੱਚੋਂ ਹਟਾ ਦਿੱਤਾ ਗਿਆ ਹੈ, ਜਿਸ ਨਾਲ ਵੋਟਰ ਸੂਚੀਆਂ ਵਿੱਚੋਂ 11.63 ਫ਼ੀਸਦੀ ਵੋਟਰ ਘਟ ਗਏ ਹਨ। ਇਸ ਨਾਲ ਸਿਆਸੀ ਸਮੀਕਰਨ ਪੂਰੀ ਤਰ੍ਹਾਂ ਵਿਗੜ ਗਏ ਹਨ। ਪਹਿਲੇ ਪੜਾਅ ਦੀ ਵੋਟਿੰਗ ਤੋਂ ਬਾਅਦ ਹੀ ਭਾਜਪਾ ਆਪਣੀ ਜਿੱਤ ਦਾ ਦਾਅਵਾ ਕਰ ਰਹੀ ਹੈ। ਦੂਜੇ ਪਾਸੇ, ਮਮਤਾ ਬੈਨਰਜੀ ਵੀ ਚੰਗੀ ਤਰ੍ਹਾਂ ਜਾਣਦੀ ਹੈ ਕਿ ਬੰਗਾਲ ਲਈ ਇਹ ਲੜਾਈ ਨਾ ਸਿਰਫ ਉਸ ਦੇ ਆਪਣੇ ਸਿਆਸੀ ਕਰੀਅਰ ਨੂੰ ਬਣਾ ਜਾਂ ਵਿਗਾੜ ਸਕਦੀ ਹੈ, ਸਗੋਂ ਇਸ ਦਾ ਪੂਰੇ ਵਿਰੋਧੀ ਧਿਰ ਦੀ ਹੋਣੀ 'ਤੇ ਵੀ ਬਹੁਤ ਡੂੰਘਾ ਪ੍ਰਭਾਵ ਪਵੇਗਾ।

ਬੰਗਾਲ ਵਿੱਚ ਸਫਰ ਕਰਨਾ ਅਤੇ ਕਹਾਣੀ ਨੂੰ ਬਦਲਦੇ ਹੋਏ ਦੇਖਣਾ ਬਹੁਤ ਆਸਾਨ ਹੈ। ਜੇਕਰ ਤੁਸੀਂ ਯੂ.ਪੀ. ਅਤੇ ਬਿਹਾਰ ਵਾਲੇ ਪਾਸਿਓਂ ਆ ਰਹੇ ਹੋ ਤਾਂ ਬਸ ਗੰਗਾ ਨਦੀ ਦੇ ਨਾਲ-ਨਾਲ ਚੱਲਦੇ ਜਾਓ। ਪਲਾਸੀ ਤੋਂ ਕੁੱਝ ਹੀ ਦੂਰੀ 'ਤੇ, ਜਿੱਥੇ 1757 ਵਿੱਚ ਮੁਗਲ ਸੂਬੇਦਾਰ ਸਿਰਾਜ-ਉਦ-ਦੌਲਾ ਦੀ ਹਾਰ ਹੋਈ ਸੀ, ਉੱਥੇ ਮੁਰਸਿਦਾਬਾਦ ਜਿਲ੍ਹਾ ਹੈ। ਇਹ ਖੇਤਰ 19ਵੀਂ ਸਦੀ ਵਿੱਚ ਦੁਨੀਆ ਦੇ ਸਭ ਤੋਂ ਅਮੀਰ ਇਲਾਕਿਆਂ ਵਿੱਚੋਂ ਇੱਕ ਸੀ। ਅੱਜ ਇਹ ਜਿਲ੍ਹਾ ਮਮਤਾ ਬੈਨਰਜੀ ਅਤੇ ਤ੍ਰਿਣਮੂਲ ਕਾਂਗਰਸ ਤੋਂ ਮੁਅੱਤਲ ਕੀਤੇ ਗਏ ਵਿਧਾਇਕ ਹਮਾਯੂੰ ਕਬੀਰ ਦੇ ਵਿਚਕਾਰ ਚੱਲ ਰਹੀ ਸਿਆਸੀ ਜੰਗ ਦਾ ਕੇਂਦਰ ਬਣਿਆ ਹੋਇਆ ਹੈ। ਹਮਾਯੂੰ ਕਬੀਰ ਨੇ ਹੁਣ ਆਪਣੀ ਵੱਖਰੀ ਪਾਰਟੀ ਬਣਾ ਲਈ ਹੈ ਅਤੇ ਦੋਵੇਂ ਪਾਸੇ ਘੱਟਗਿਣਤੀ ਵੋਟਾਂ ਨੂੰ ਆਪਣੇ ਵੱਲ ਖਿੱਚਣ ਦੀ ਪੂਰੀ ਕੋਸਿਸ ਕਰ ਰਹੇ ਹਨ। ਇਸ ਮੁਕਾਬਲੇ ਕਾਰਨ ਹੁਣ ਮਮਤਾ ਬੈਨਰਜੀ ਦਾ ਇਹ ਮਜਬੂਤ ਗੜ੍ਹ ਪਹਿਲਾਂ ਵਾਂਗ ਸੁਰੱਖਿਅਤ ਨਹੀਂ ਰਿਹਾ।

ਤੁਸੀਂ ਮੁਰਸਿਦਾਬਾਦ ਵਿੱਚ ਭਾਗੀਰਥੀ ਨਦੀ ਨੂੰ ਬੇੜੇ (ਚੱਪੂ ਵਾਲੀ ਬੇੜੀ) ਰਾਹੀਂ ਪਾਰ ਕਰ ਸਕਦੇ ਹੋ ਪਰ ਇਹ ਯਾਦ ਰੱਖੋ ਕਿ ਇਸ ਉੱਤੇ ਸਿਰਫ ਇਨਸਾਨ, ਇੱਕ-ਦੋ ਸਾਈਕਲ ਜਾਂ ਸਕੂਟਰ ਅਤੇ ਕੁੱਝ ਮੁਰਗੇ-ਮੁਰਗੀਆਂ ਹੀ ਸਵਾਰ ਹੋ ਸਕਦੇ ਹਨ। ਨਦੀ ਦੇ ਦੂਜੇ ਪਾਸੇ 900 ਕਮਰਿਆਂ ਵਾਲਾ ਸਾਨਦਾਰ 'ਹਜਾਰਦੁਆਰੀ' ਮਹਿਲ ਹੈ। ਯੂਨਾਨੀ ਸੈਲੀ ਦਾ ਇਹ ਮਹਿਲ 1837 ਵਿੱਚ ਨਵਾਬ ਹਮਾਯੂੰ ਜਾਹ ਨੇ ਬਣਵਾਇਆ ਸੀ, ਜਿਸ ਵਿੱਚ ਅਕਬਰ ਦੀ ਪ੍ਰਸਿੱਧ ਕਿਤਾਬ 'ਆਈਨ-ਏ-ਅਕਬਰੀ' ਦੀਆਂ ਦੁਨੀਆ ਭਰ ਵਿੱਚ ਮੌਜੂਦ ਸਿਰਫ ਸੱਤ ਅਸਲੀ ਕਾਪੀਆਂ ਵਿੱਚੋਂ ਇੱਕ ਸਾਂਭੀ ਹੋਈ ਹੈ। ਬੰਗਾਲ ਦੀ ਸਦੀਆਂ ਪੁਰਾਣੀ ਕਹਾਣੀ ਵਿੱਚ ਇੱਥੇ ਇੱਕ ਹੋਰ ਵੱਡਾ ਮੋੜ ਆਉਂਦਾ ਹੈ- ਮਹਿਲ ਬਣਾਉਣ ਵਾਲਾ ਹਮਾਯੂੰ ਜਾਹ ਅਸਲ ਵਿੱਚ ਸਿਰਾਜ-ਉਦ-ਦੌਲਾ ਦਾ ਵਾਰਿਸ ਨਹੀਂ ਸੀ (ਜਿਸ ਨੇ ਰੌਬਰਟ ਕਲਾਈਵ ਹੱਥੋਂ ਪਲਾਸੀ ਦੀ ਲੜਾਈ ਹਾਰੀ ਸੀ), ਸਗੋਂ ਉਹ ਮੀਰ ਜਾਫਰ ਦਾ ਵਾਰਿਸ ਸੀ, ਜਿਸ ਨੇ 1757 ਵਿੱਚ ਬੰਗਾਲ ਦੇ ਨਵਾਬ ਨੂੰ ਅੰਗਰੇਜਾਂ ਨਾਲ ਮਿਲ ਕੇ ਧੋਖਾ ਦਿੱਤਾ ਸੀ।

ਅਜਿਹਾ ਵੀ ਨਹੀਂ ਹੈ ਕਿ ਦਲ-ਬਦਲੀ ਜਾਂ ਧੋਖੇ ਦੀ ਇਹ ਖਾਸੀਅਤ ਸਿਰਫ ਬੰਗਾਲੀਆਂ ਦੇ ਉਪਜਾਊ ਦਿਮਾਗ ਤੱਕ ਹੀ ਸੀਮਤ ਹੋਵੇ। ਜੇਕਰ ਪੰਜਾਬ ਦੇ ਮੈਦਾਨਾਂ ਦੀ ਤਪਸ ਅਤੇ ਧੂੜ ਭਰੀ ਸਿਆਸਤ ਵੱਲ ਮੁੜੀਏ, ਤਾਂ ਲੰਘੇ ਸੁੱਕਰਵਾਰ ਦੀ ਸਾਮ ਸੱਤਾਧਾਰੀ 'ਆਪ' ਵਿੱਚ ਪਈ ਫੁੱਟ, ਜਿਸ ਵਿੱਚ ਪਾਰਟੀ ਛੱਡਣ ਵਾਲੇ 7 ਵਿੱਚੋਂ 3 ਸੰਸਦ ਮੈਂਬਰ ਬਾਕਾਇਦਾ ਭਾਜਪਾ 'ਚ ਸ਼ਾਮਲ ਹੋ ਗਏ ਹਨ। ਇਸ ਘਟਨਾਕ੍ਰਮ ਮਗਰੋਂ ਸਿਆਸੀ ਸਫਾਂ 'ਚ ਕਾਂਬਾ ਛਿੜ ਗਿਆ ਹੈ। ਸੁਨੇਹਾ ਬਿਲਕੁਲ ਸਪੱਸ਼ਟ ਹੈ। ਭਾਜਪਾ ਆਉਣ ਵਾਲੇ ਦਿਨਾਂ ਵਿੱਚ ਨਾ ਤਾਂ ਬੰਗਾਲ ਅੰਦਰ ਅਤੇ ਨਾ ਹੀ ਪੰਜਾਬ ਵਿੱਚ ਕੋਈ ਕਸਰ ਬਾਕੀ ਛੱਡਣ ਦੇ ਰੌਂਅ ਵਿੱਚ ਹੈ, ਜਿੱਥੇ ਸਾਲ ਤੋਂ ਵੀ ਘੱਟ ਸਮੇਂ ਵਿੱਚ ਚੋਣਾਂ ਦਾ ਬਿਗਲ ਵੱਜਣ ਵਾਲਾ ਹੈ। ਪਾਰਟੀ ਨੂੰ ਲੱਗਦਾ ਹੈ ਕਿ ਦੇਸ ਦੇ ਦੋਵਾਂ ਸਿਰਿਆਂ 'ਤੇ ਬੈਠੇ ਇਨ੍ਹਾਂ ਸੂਬਿਆਂ ਵਿੱਚ ਉਸ ਕੋਲ ਰਾਜਭਾਗ ਸੰਭਾਲਣ ਦਾ ਮੌਕਾ ਹੈ। ਇਨ੍ਹਾਂ ਦੋਵਾਂ ਹੀ ਸੂਬਿਆਂ ਵਿੱਚ ਭਾਜਪਾ ਨੇ ਕਦੇ ਵੀ ਆਪਣੇ ਦਮ 'ਤੇ ਹਕੂਮਤ ਨਹੀਂ ਕੀਤੀ ਅਤੇ ਹੁਣ ਇਸ ਸੁਫਨੇ ਨੂੰ ਹਕੀਕਤ ਵਿੱਚ ਬਦਲਣ ਲਈ ਉਹ ਆਪਣਾ ਸਭ ਕੁੱਝ ਦਾਅ 'ਤੇ ਲਗਾਉਣ ਲਈ ਤਿਆਰ ਬੈਠੀ ਹੈ।

ਪਾਣੀਪਤ ਦੀ ਪਹਿਲੀ ਲੜਾਈ ਤੋਂ ਬਾਅਦ ਦੇ ਇਨ੍ਹਾਂ 500 ਸਾਲਾਂ ਵਿੱਚ ਬਹੁਤ ਕੁੱਝ ਬਦਲ ਗਿਆ ਹੈ ਪਰ ਬਹੁਤ ਕੁੱਝ ਅਜੇ ਵੀ ਉਵੇਂ ਹੀ ਹੈ। ਪਹਿਲੇ ਵਿਸਵ ਯੁੱਧ ਤੋਂ ਬਾਅਦ ਜਦੋਂ ਪ੍ਰਸਿੱਧ ਕਵੀ ਟੀ.ਐੱਸ. ਇਲੀਅਟ ਨੇ ਆਪਣੀ ਲਿਖਤ 'ਦਿ ਵੇਸਟ ਲੈਂਡ' ਵਿੱਚ ਜੰਗ ਦੀ ਬੇਚੈਨੀ ਅਤੇ ਥਕਾਵਟ ਨੂੰ ਬਿਆਨ ਕੀਤਾ ਸੀ, ਤਾਂ ਹੋ ਸਕਦਾ ਹੈ ਕਿ ਉਸ ਦੇ ਮਨ ਵਿੱਚ ਬਾਬਰ ਦਾ ਖਿਆਲ ਰਿਹਾ ਹੋਵੇ ਜਾਂ ਨਾ ਰਿਹਾ ਹੋਵੇ, ਜਦੋਂ ਉਸ ਨੇ ਇਹ ਨਾ ਭੁੱਲਣ ਵਾਲੀ ਸਤਰ ਲਿਖੀ ਕਿ 'ਅਪਰੈਲ ਸਭ ਤੋਂ ਜਾਲਮ ਮਹੀਨਾ ਹੈ...' ਰੱਬ ਦਾ ਸੁਕਰ ਹੈ ਕਿ ਇਹ ਮਹੀਨਾ ਹੁਣ ਜਲਦੀ ਹੀ ਖਤਮ ਹੋਣ ਵਾਲਾ ਹੈ।

ਜਯੋਤੀ ਮਲਹੋਤਰਾ

# ਪੰਜਾਬ 'ਚ ਖੇਤੀ ਹੁਣ ਘਾਟੇ ਦਾ ਸੌਦਾ!

ਲੋਕਾਂ ਦਾ ਢਿੱਡ ਭਰਨ ਵਾਲਾ ਅੰਨਦਾਤਾ ਇਸ ਵੇਲੇ ਰੋਟੀ ਤੋਂ ਵੀ ਅਵਾਜਾਰ ਹੈ ਕਿਉਂਕਿ ਕਿਸਾਨ ਦੀਆਂ ਫਸਲਾਂ ਜਿੱਥੇ ਕੁਦਰਤੀ ਕਰੋਪੀ ਦੀ ਮਾਰ ਹੇਠ ਹਨ, ਉੱਥੇ ਕਾਰਪੋਰੇਟ ਘਰਾਣਿਆਂ ਤੇ ਸਰਕਾਰਾਂ ਦੁਆਰਾ ਸ਼ੁਰੂ ਕੀਤੀਆਂ ਜੰਗਾਂ ਨੇ ਉਸ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਹਾਲਾਤ ਇਹ ਹਨ ਕਿ ਕਿਸਾਨ ਇਸ ਵੇਲੇ ਖੇਤੀ ਛੱਡਣ ਲਈ ਮਜਬੂਰ ਹੈ ਕਿਉਂਕਿ ਉਹਦੇ ਪੱਲੇ ਕੁਝ ਨਹੀਂ ਪੈ ਰਿਹਾ। ਜਿੱਥੇ ਫੈਕਟਰੀਆਂ, ਕਾਰਖਾਨੇ ਅਤੇ ਸ਼ੌਪਿੰਗ ਮਾਲਜ ਕਿਸਾਨਾਂ ਦਾ ਉਜਾੜਾ ਕਰ ਰਹੇ ਨੇ, ਉੱਥੇ ਨਾਲ ਹੀ ਪਾਣੀ, ਹਵਾ ਅਤੇ ਧਰਤੀ ਦਾ ਵੀ ਨੁਕਸਾਨ ਹੋ ਰਿਹਾ ਹੈ।

ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਪਿਛਲੇ ਕਈ ਸਾਲਾਂ ਤੋਂ ਭਾਰੀ ਮੀਂਹ ਤੇ ਗੜਿਆਂ ਸਮੇਤ ਹੜ੍ਹਾਂ ਕਾਰਨ ਹੋਈ ਤਬਾਹੀ ਨਾਲ ਜਿੱਥੇ ਕਿਸਾਨਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ, ਉੱਥੇ ਫਸਲਾਂ ਦੀ ਪੈਦਾਵਾਰ ਵਿੱਚ ਵੀ ਵੱਡੀ ਪੱਧਰ 'ਤੇ ਗਿਰਾਵਟ ਆਈ ਹੈ। ਬੇਸ਼ੱਕ, ਸਰਕਾਰਾਂ ਅਤੇ ਖੇਤੀਬਾੜੀ ਵਿਭਾਗ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਫਸਲਾਂ ਦਾ ਝਾੜ ਪਿਛਲੇ ਚਾਰ ਪੰਜ ਸਾਲਾਂ ਦੌਰਾਨ ਵਧਿਆ ਹੈ, ਪਰ ਅਸਲੀਅਤ ਇਸ ਤੋਂ ਉਲਟ ਹੈ। ਪੰਜਾਬ ਵਿੱਚ 2023 ਅਤੇ 2025 ਦੌਰਾਨ ਆਏ ਹੜ੍ਹਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਇੰਨੀ ਬੁਰੀ ਤਰ੍ਹਾਂ ਝੰਬਿਆ ਕਿ ਉਹ ਦੁਬਾਰਾ ਪੈਰਾਂ ਸਿਰ ਨਹੀਂ ਹੋ ਸਕੇ। ਇਸ ਵੇਲੇ ਹਾਲਾਤ ਇਹ ਹਨ ਕਿ ਗੜਿਆਂ ਨੇ ਕਿਸਾਨਾਂ ਦੀ ਫਸਲ ਦਾ ਵੱਡੇ ਪੱਧਰ 'ਤੇ ਨੁਕਸਾਨ ਕੀਤਾ ਹੈ ਅਤੇ ਇਜ਼ਰਾਈਲ-ਅਮਰੀਕਾ ਤੇ ਇਰਾਨ ਵਿਚਾਲੇ ਜੰਗ ਨੇ ਕਿਸਾਨਾਂ ਦੇ ਸਾਹ ਸੁਕਾ ਦਿੱਤੇ। ਭਾਵੇਂ ਸਰਕਾਰ ਵੱਲੋਂ ਕਿਸਾਨਾਂ ਨਾਲ ਵਾਅਦਾ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਫਸਲ ਦਾ ਪੂਰਾ ਮੁੱਲ ਦਿੱਤਾ ਜਾਵੇਗਾ, ਪਰ ਇਸ ਵਾਅਦੇ ਦੇ ਵਫਾ ਹੋਣ ਬਾਰੇ ਭਵਿੱਖ ਹੀ ਦੱਸੇਗਾ। ਕਿਸਾਨਾਂ ਨੂੰ ਮੰਡੀਆਂ ਵਿੱਚ ਵੱਡੀ ਕਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਣਕ ਦਾ ਝਾੜ ਘਟਣ ਕਾਰਨ ਉਹ ਚਿੰਤਾ ਵਿੱਚ ਹਨ।

ਜਿਕਰਯੋਗ ਹੈ ਕਿ ਪੰਜਾਬ ਵਿੱਚ ਮਾਰਚ ਮਹੀਨੇ ਅਤੇ ਅਪਰੈਲ ਦੇ ਪਹਿਲੇ ਹਫ਼ਤੇ ਪਏ ਬੇਮੌਸਮੀ ਮੀਂਹ ਅਤੇ ਗੜਿਆਂ ਨੇ ਕਿਸਾਨਾਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ ਹੈ। ਕਿਸਾਨ ਪਹਿਲਾਂ ਹੀ ਹੜ੍ਹਾਂ ਦੇ ਝੰਬੇ ਹੋਏ ਸਨ ਅਤੇ ਇਸ ਕੁਦਰਤੀ ਮਾਰ ਨੇ ਉਨ੍ਹਾਂ ਨੂੰ ਆਰਥਿਕ ਪੱਖੋਂ ਹੋਰ ਮਧੋਲ ਦਿੱਤਾ ਹੈ। ਪਿਛਲੇ ਸਾਲਾਂ ਦੇ ਮੁਕਾਬਲੇ ਇਸ ਸਾਲ ਕਣਕ ਦਾ ਝਾੜ ਕਾਫ਼ੀ ਘੱਟ ਹੈ। ਖੇਤੀਬਾੜੀ ਵਿਭਾਗ ਦੀ ਮੰਨੀਏ ਤਾਂ ਇਸ ਵਿੱਤੀ ਵਰ੍ਹੇ ਦੌਰਾਨ ਦੋ ਕੁਇੰਟਲ ਪ੍ਰਤੀ ਏਕੜ ਝਾੜ ਘੱਟ ਨਿਕਲਿਆ ਹੈ, ਜਦੋਂਕਿ ਕਿਸਾਨਾਂ ਦਾ ਦਾਅਵਾ ਹੈ ਕਿ ਐਤਕੀਂ ਤਕਰੀਬਨ ਸਾਢੇ ਤਿੰਨ ਕੁਇੰਟਲ ਪ੍ਰਤੀ ਏਕੜ ਝਾੜ ਪਿਛਲੇ ਸਾਲਾਂ ਦੇ ਮੁਕਾਬਲੇ ਘੱਟ ਹੈ। ਅੰਦਾਜ਼ਨ ਐਤਕੀਂ ਕਿਸਾਨਾਂ ਨੂੰ ਤਕਰੀਬਨ ਸੱਤ ਤੋਂ ਅੱਠ ਹਜ਼ਾਰ ਰੁਪਏ ਦਾ ਨੁਕਸਾਨ ਪ੍ਰਤੀ ਏਕੜ ਹੋਇਆ ਹੈ।



ਪੰਜਾਬ ਵਿੱਚ ਕਣਕ ਦੀ ਵਾਢੀ ਦਾ ਕੰਮ ਲਗਭਗ ਪੂਰਾ ਹੋ ਚੁੱਕਿਆ ਹੈ, ਪਰ ਜਿਹੜੇ ਕਿਸਾਨਾਂ ਦੀ ਬਰਬਾਦੀ ਖੇਤਾਂ ਵਿੱਚ ਹੋਈ ਹੈ, ਉਸ ਦਾ ਮੁਆਵਜ਼ਾ ਕਿਸਾਨਾਂ ਨੂੰ ਕਦੋਂ ਮਿਲੇਗਾ? ਗੜਿਆਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਮੁੱਖ ਮੰਤਰੀ ਨੇ ਟੀਮਾਂ ਕਾਇਮ ਕੀਤੀਆਂ ਅਤੇ ਗਿਰਦਾਵਰੀ ਦੇ ਹੁਕਮ ਵੀ ਦਿੱਤੇ, ਪਰ ਪੰਜਾਬ ਦੇ ਹਜ਼ਾਰਾਂ ਕਿਸਾਨ ਹਾਲੇ ਵੀ ਮੁਆਵਜ਼ੇ ਤੋਂ ਵਾਂਝੇ ਹਨ।

ਇੱਥੇ ਹੀ ਬੱਸ ਨਹੀਂ। ਪਿਛਲੇ ਸਾਲ ਆਏ ਹੜ੍ਹਾਂ ਦਾ ਸਰਹੱਦੀ ਇਲਾਕੇ ਦੇ ਬਹੁਗਿਣਤੀ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਮਿਲ ਸਕਿਆ, ਜਿਸ ਕਾਰਨ ਪਹਿਲਾਂ ਹੀ ਮੁਸੀਬਤ 'ਚ ਘਿਰੇ ਕਿਸਾਨਾਂ ਨੂੰ ਫਸਲਾਂ ਦੇ ਘੱਟ ਝਾੜ ਕਾਰਨ ਹੋਰ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨਾਂ ਦੀ ਮੰਨੀਏ ਤਾਂ ਇਸ ਵੇਲੇ ਹਾਲਾਤ ਇਹ ਹਨ ਕਿ ਮੰਡੀਆਂ ਵਿੱਚ ਕਣਕ ਦੀ ਖਰੀਦ ਤਾਂ ਹੋ ਰਹੀ ਹੈ, ਪਰ ਅਦਾਇਗੀ ਵਿੱਚ ਸਮੱਸਿਆ ਆ ਰਹੀ ਹੈ। ਪਿਛਲੇ ਸਾਲਾਂ ਦੌਰਾਨ ਕੁਝ ਪ੍ਰਾਈਵੇਟ ਫਰਮਾਂ ਵੱਡੇ ਪੱਧਰ 'ਤੇ ਕਿਸਾਨਾਂ ਤੋਂ ਫਸਲਾਂ ਦੀ ਖਰੀਦ ਕਰਦੀਆਂ ਆ ਰਹੀਆਂ ਸਨ, ਪਰ ਹੁਣ ਉਨ੍ਹਾਂ ਵਿੱਚੋਂ ਕਈ ਫਰਮਾਂ ਨੇ ਵੀ ਖਰੀਦ ਤੋਂ ਮੂੰਹ ਫੇਰ ਲਿਆ ਹੈ। ਪ੍ਰਾਈਵੇਟ ਫਰਮਾਂ ਦਾ ਕਹਿਣਾ ਹੈ ਕਿ ਇੱਕ ਤਾਂ ਕਣਕ ਦੀ ਕੁਆਲਿਟੀ ਵਿੱਚ ਕਾਫੀ ਫਰਕ ਹੈ। ਇਜ਼ਰਾਈਲ-ਅਮਰੀਕਾ ਅਤੇ ਇਰਾਨ ਜੰਗ ਕਾਰਨ ਇਨ੍ਹਾਂ ਫਰਮਾਂ ਨੂੰ ਇਹ ਡਰ ਵੀ ਸਤਾ ਰਿਹਾ ਹੈ ਕਿ ਜੇਕਰ ਉਨ੍ਹਾਂ ਫਸਲ ਖਰੀਦ ਕੇ ਰੱਖ ਲਈ ਤਾਂ ਉਹ ਅੱਗੇ ਸਪਲਾਈ ਕਿੱਥੇ ਕਰਨਗੀਆਂ?

ਜਾਣਕਾਰੀ ਮੁਤਾਬਿਕ ਬੇਸ਼ੱਕ ਜੰਗ ਵਾਲਾ ਇਹ ਖਿੱਤਾ ਸਾਡੇ ਮੁਲਕ ਦੇ ਬਹੁਤਾ ਨੇੜੇ ਨਹੀਂ, ਪਰ ਇਸ ਦਾ ਅਸਰ ਖਾਣ-ਪੀਣ ਵਾਲੀਆਂ ਵਸਤਾਂ 'ਤੇ ਪੈ ਰਿਹਾ ਹੈ ਅਤੇ ਨਾਲ ਹੀ ਤੇਲ ਦੇ ਭਾਅ ਵਿੱਚ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲ ਰਹੇ ਹਨ। ਹੋਰ ਵਸਤਾਂ ਦੇ ਭਾਅ ਵਿੱਚ ਤਾਂ ਵਾਧਾ ਦਰਜ ਕੀਤਾ ਜਾ ਰਿਹਾ ਹੈ, ਪਰ ਕਿਸਾਨ ਦੀ ਫਸਲ ਤੇ ਸਬਜ਼ੀਆਂ ਦੇ ਭਾਅ ਪਹਿਲਾਂ ਵਾਲੇ ਹੀ ਹਨ। ਕਿਸਾਨਾਂ ਕੋਲੋਂ ਮੰਡੀਆਂ 'ਚ ਸਸਤੇ ਭਾਅ ਵਸਤਾਂ ਖਰੀਦ ਕੇ ਵਪਾਰੀ ਅੱਗੇ ਮਹਿੰਗੇ ਭਾਅ ਬਾਜ਼ਾਰਾਂ ਵਿੱਚ ਵੇਚ ਰਹੇ ਹਨ। ਇੱਕ ਜਾਣਕਾਰੀ ਮੁਤਾਬਿਕ ਪਿਛਲੇ ਸਾਲ ਬਾਜ਼ਾਰ ਵਿੱਚ ਕਣਕ ਦੇ ਭਾਅ ਡਿੱਗ ਗਏ ਸਨ, ਜਿਸ ਕਾਰਨ ਵਪਾਰੀਆਂ ਨੂੰ ਨੁਕਸਾਨ ਹੋਇਆ ਸੀ ਅਤੇ ਇਸ ਸਾਲ ਤਾਂ ਕਣਕ ਦੀ ਗੁਣਵੱਤਾ ਥੋੜ੍ਹੀ ਘੱਟ ਹੈ ਅਤੇ ਭਾਅ ਸਥਿਰ ਹੈ, ਪਰ ਫਿਰ ਵੀ ਵਪਾਰੀਆਂ ਨੇ ਕਣਕ ਖਰੀਦਣ ਤੋਂ ਮੂੰਹ ਮੋੜ ਲਿਆ ਹੈ। ਰੂਸ-ਯੂਕਰੇਨ ਜੰਗ ਦੌਰਾਨ ਵੀ ਵਪਾਰੀਆਂ ਨੂੰ ਆਸ ਸੀ ਕਿ ਇਨ੍ਹਾਂ ਪ੍ਰਭਾਵਿਤ ਮੁਲਕਾਂ ਵਿੱਚ ਕਣਕ ਅਤੇ ਹੋਰ ਖਾਣ ਵਾਲੀਆਂ ਵਸਤਾਂ ਪਹੁੰਚਾਈਆਂ ਜਾਣਗੀਆਂ ਤਾਂ ਭਾਅ ਵਧ ਜਾਣਗੇ, ਜਿਸ ਨਾਲ ਉਨ੍ਹਾਂ ਦੀਆਂ ਜੇਬਾਂ ਭਰ ਜਾਣਗੀਆਂ, ਪਰ ਅਜਿਹਾ ਨਹੀਂ ਹੋਇਆ। ਵਪਾਰੀ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਭਾਰੀ ਘਾਟਾ ਪੈ ਰਿਹਾ ਹੈ, ਪਰ ਕਿਸਾਨ ਦਾ ਹਾਲ ਤਾਂ ਸਭਨਾਂ ਨਾਲੋਂ ਮਾੜਾ ਹੈ। ਮਾਲਵੇ ਅਤੇ ਮਾਝੇ ਦੇ ਬਹੁਗਿਣਤੀ ਹਿੱਸਿਆਂ ਵਿੱਚ ਇਸ ਵਾਰ ਗੜਿਆਂ ਨੇ 40 ਤੋਂ 50 ਫੀਸਦੀ ਫਸਲਾਂ ਤਬਾਹ ਕਰ ਦਿੱਤੀਆਂ ਹਨ, ਜਿਸ ਕਾਰਨ ਕਿਸਾਨਾਂ ਦੀਆਂ ਉਮੀਦਾਂ ਬਿਲਕੁਲ ਟੁੱਟ ਚੁੱਕੀਆਂ ਹਨ।

ਦੇਖਿਆ ਜਾਵੇ ਤਾਂ ਇਹ ਘਾਟੇ ਦਾ ਸੌਦਾ ਕੋਈ ਅੱਜ ਦਾ ਨਹੀਂ ਹੈ। ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਕਿਸਾਨਾਂ ਨਾਲ ਇਸੇ ਤਰ੍ਹਾਂ ਹੀ ਹੁੰਦਾ ਆ ਰਿਹਾ ਹੈ। ਜਦੋਂ ਦੁਨੀਆ ਵਿੱਚ ਕਿਤੇ ਵੀ ਬਿਪਤਾ ਪੈਂਦੀ ਹੈ ਤਾਂ ਸਭ ਤੋਂ ਵੱਧ ਕਿਸਾਨ ਪ੍ਰਭਾਵਿਤ ਹੁੰਦਾ ਹੈ। ਕਿਸਾਨ ਨੇ ਭਾਵੇਂ ਕਰੋਨਾ ਕਾਲ ਦੌਰਾਨ ਅਤੇ ਹੋਰਨਾਂ ਮਹਾਮਾਰੀਆਂ ਵੇਲੇ ਲੋਕਾਂ ਦਾ ਢਿੱਡ ਭਰਨ ਵਿੱਚ ਪੂਰੀ ਵਾਹ ਲਾਈ, ਪਰ ਕਿਸਾਨ ਦੀ ਹਾਲਤ ਵੱਲ ਕੋਈ ਨਹੀਂ ਦੇਖਦਾ। ਹਰ ਕੋਈ ਆਪਣਾ ਫਾਇਦਾ ਉਠਾਉਂਦਾ ਹੈ। ਕਿਸਾਨ ਦੀ ਫਸਲ ਦਾ ਮੁੱਲ ਕਦੇ ਵੀ ਉਸ ਨੂੰ ਨਹੀਂ ਮਿਲਦਾ। ਪਿਛਲੇ ਦਿਨੀਂ ਆਲੂਆਂ ਦੀ ਫਸਲ ਬਹੁਗਿਣਤੀ ਕਿਸਾਨਾਂ ਨੂੰ ਖੇਤਾਂ ਵਿੱਚ ਹੀ ਵਾਹੁਣੀ ਪਈ ਸੀ। ਇਸ ਦਾ ਵੱਡਾ ਕਾਰਨ ਇਹ ਸਾਹਮਣੇ ਆਇਆ ਸੀ ਕਿ ਕਿਸਾਨਾਂ ਨੂੰ ਆਲੂਆਂ ਦੀ ਫਸਲ ਦਾ ਸਹੀ ਭਾਅ ਨਹੀਂ ਮਿਲਿਆ ਸੀ, ਪਰ ਦੂਜੇ ਪਾਸੇ ਆਲੂਆਂ ਤੋਂ ਚਿਪਸ ਅਤੇ ਹੋਰ ਚੀਜਾਂ ਬਣਾਉਣ ਵਾਲੀਆਂ ਕੰਪਨੀਆਂ ਅੱਜ ਕਰੋੜਾਂ ਵਿੱਚ ਖੇਡ ਰਹੀਆਂ ਹਨ। ਕਿਸਾਨ ਦੀ ਹਾਲਤ ਦਿਨ-ਬ-ਦਿਨ ਮਾੜੀ ਹੁੰਦੀ ਜਾ ਰਹੀ ਹੈ, ਪਰ ਇਸ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਕੇਂਦਰ ਸਰਕਾਰ ਨੇ ਕਿਸਾਨਾਂ ਦੀ ਆਮਦਨ 2023 ਤੱਕ ਦੁੱਗਣੀ ਕਰਨ ਦਾ ਦਾਅਵਾ ਕੀਤਾ ਸੀ, ਪਰ ਇਸ ਵੇਲੇ ਹਾਲਾਤ ਇਹ ਹਨ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਤਾਂ ਕੀ, ਇੱਕ ਹਿੱਸਾ ਵੀ ਨਹੀਂ ਬਚੀ। ਕਿਸਾਨਾਂ ਦੇ ਉੱਪਰ ਵੱਧ ਕਰਜ਼ੇ ਦੇ ਬੋਝ ਅਤੇ ਮਹਿੰਗੀਆਂ ਕੀਟਨਾਸ਼ਕ ਤੇ ਨਦੀਨਨਾਸ਼ਕ ਦਵਾਈਆਂ ਨੇ ਕਿਸਾਨਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ।

ਉਪਰੋਂ ਕੁਦਰਤੀ ਮਾਰਾਂ ਨੇ ਕਿਸਾਨਾਂ ਦਾ ਜਿਊਣਾ ਮੁਹਾਲ ਕੀਤਾ ਹੋਇਆ ਹੈ। ਗਲਤੀ ਕੋਈ ਹੋਰ ਕਰਦਾ ਹੈ, ਪਰ ਭੁਗਤਣੀ ਕਿਸਾਨ ਨੂੰ ਪੈਂਦੀ ਹੈ। ਕਿਸਾਨ ਦੀ ਖੇਤੀ ਦੀ ਅਜਿਹੇ ਲੋਕਾਂ ਨੂੰ ਕੋਈ ਕਦਰ ਨਹੀਂ ਹੁੰਦੀ, ਜਿਹੜੇ ਕਿਸਾਨਾਂ ਨੂੰ ਹਮੇਸ਼ਾ ਟਿੱਚਰਾਂ ਕਰਦੇ ਰਹਿੰਦੇ ਹਨ।

ਖੈਰ, ਕਿਸਾਨਾਂ ਨਾਲ ਇਹ ਕੋਈ ਪਹਿਲੀ ਵਾਰੀ ਤਾਂ ਹੋ ਨਹੀਂ ਰਿਹਾ, ਹਰ ਸੀਜ਼ਨ ਹੀ ਕਿਸਾਨਾਂ ਨੂੰ ਇਸੇ ਤਰੀਕੇ ਬੁਰੇ ਹਾਲਾਤ ਵਿੱਚੋਂ ਗੁਜ਼ਰਨਾ ਪੈਂਦਾ ਹੈ। ਪਿਛਲੇ ਸਾਲ ਪੰਜਾਬ ਨੂੰ ਹੜ੍ਹਾਂ ਨੇ ਮਾਰਿਆ ਅਤੇ ਕਿਸਾਨ ਬੁਰੀ ਤਰ੍ਹਾਂ ਝੰਬਿਆ ਗਿਆ। ਐਤਕੀਂ ਕਿਸਾਨਾਂ ਨੂੰ ਉਮੀਦ ਸੀ ਕਿ ਕਣਕ ਦੀ ਫਸਲ ਚੰਗੀ ਹੋਵੇਗੀ ਅਤੇ ਉਹ ਮੁਨਾਫਾ ਕਮਾ ਕੇ ਆਪਣੇ ਬੈਂਕ ਕਰਜ਼ੇ ਲਾਹੁਣਗੇ ਅਤੇ ਧੀਆਂ-ਪੁੱਤਾਂ ਦੇ ਵਿਆਹ-ਸ਼ਾਦੀਆਂ ਕਰ ਲੈਣਗੇ, ਪਰ ਹਾਲਾਤ ਸਭ ਨੂੰ ਪਤਾ ਹਨ। ਬਹੁਗਿਣਤੀ ਕਿਸਾਨ ਤਾਂ ਇਸ ਵੇਲੇ ਖੇਤੀ ਛੱਡਣ ਲਈ ਮਜਬੂਰ ਹੋ ਰਹੇ ਹਨ ਕਿਉਂਕਿ ਉਨ੍ਹਾਂ ਮੁਤਾਬਿਕ ਖੇਤੀ ਘਾਟੇ ਦਾ ਸੌਦਾ ਬਣ ਕੇ ਰਹਿ ਗਈ ਹੈ।

ਗੁਰਪ੍ਰੀਤ

# ਸਖਤ ਚੌਕਸੀ ਦੀ ਦਰਕਾਰ

ਪਟਿਆਲਾ ਜਿਲ੍ਹੇ 'ਚ ਰਾਜਪੁਰਾ-ਸੰਭੂਅੰਬਾਲਾ ਰੇਲਵੇ ਲਾਈਨ ਨੇੜੇ ਸੋਮਵਾਰ ਰਾਤੀਂ ਹੋਇਆ ਬੰਬ ਧਮਾਕਾ ਕਈ ਸਵਾਲ ਖੜ੍ਹੇ ਕਰ ਗਿਆ ਹੈ। ਮੌਕਾ-ਏ-ਵਾਰਦਾਤ 'ਤੇ ਚੀਥੜੇ ਉੱਡੀ ਇਕ ਲਾਸ਼ ਮਿਲੀ। ਉਕਤ ਧਮਾਕੇ ਕਾਰਨ ਮਾਲ ਗੱਡੀ ਵਾਲੀ ਲਾਈਨ ਨੂੰ ਨੁਕਸਾਨ ਪਹੁੰਚਿਆ। ਇਹ ਘਟਨਾ ਇਸ ਗੱਲ ਦੀ ਫਿਰ ਯਾਦ ਦਿਵਾਉਂਦੀ ਹੈ ਕਿ ਪੰਜਾਬ 'ਚ ਕਾਲਾ ਦੌਰ ਅਜੇ ਵੀ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ ਹੈ।

ਸੂਬੇ ਨੇ ਪਿਛਲੇ ਦਹਾਕਿਆਂ 'ਚ ਕਾਫੀ ਬਦਅਮਨੀ ਦੇ ਦੌਰ ਵੇਖੇ ਹਨ ਪਰ ਅਜਿਹੀਆਂ ਘਟਨਾਵਾਂ ਵਾਰ-ਵਾਰ ਇਹ ਦਰਸਾਉਂਦੀਆਂ ਹਨ ਕਿ ਅੰਦਰੂਨੀ ਸੁਰੱਖਿਆ ਹਾਲੇ ਵੀ ਨਾਜ਼ੁਕ ਹੈ। ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਹੋਣ ਕਰਕੇ ਇਹ ਧਮਾਕਾ ਸਰਕਾਰ ਲਈ ਇਕ ਗੰਭੀਰ ਚੁਣੌਤੀ ਵਜੋਂ ਸਾਹਮਣੇ ਆਇਆ ਹੈ। ਇਹ ਘਟਨਾ ਜਨਵਰੀ 'ਚ ਸਰਹਿੰਦ ਨੇੜੇ ਹੋਏ ਧਮਾਕੇ ਨਾਲ ਮਿਲਦੀ-ਜੁਲਦੀ ਹੈ ਜਿਸ 'ਚ ਇਕ ਲੋਕੋ ਪਾਇਲਟ ਜਖਮੀ ਹੋਇਆ ਸੀ। ਕੁਝ ਹੀ ਮਹੀਨਿਆਂ 'ਚ ਰੇਲਵੇ ਢਾਂਚੇ 'ਤੇ ਦੋ ਹਮਲੇ ਇਹ ਦਰਸਾਉਂਦੇ ਹਨ ਕਿ ਸੁਰੱਖਿਆ ਪ੍ਰਣਾਲੀ 'ਚ ਕੋਈ ਨਾ ਕੋਈ ਕਮੀ ਤਾਂ ਹੈ ਜਾਂ ਫਿਰ ਕੋਈ ਸੰਗਠਿਤ ਤਾਕਤ ਮੁੜ ਸਰਗਰਮ ਹੋ ਰਹੀ ਹੈ। ਜਾਂਚ ਏਜੰਸੀਆਂ ਹਾਲੇ ਸਬੂਤ ਇਕੱਠੇ ਕਰ ਰਹੀਆਂ ਹਨ ਪਰ ਸਿਆਸੀ ਤੌਰ 'ਤੇ ਇਸ ਦਾ ਅਸਰ ਤੁਰੰਤ ਦਿਸਣਾ ਸ਼ੁਰੂ ਹੋ ਗਿਆ ਹੈ। ਪੰਜਾਬ ਦੀ ਸਿਆਸਤ 'ਚ ਹਿੰਸਕ ਘਟਨਾਵਾਂ ਕਿੰਨਾ ਵੱਡਾ ਅਸਰ ਛੱਡਦੀਆਂ ਹਨ, ਇਸ ਦੀ ਸਭ ਤੋਂ ਵੱਡੀ ਉਦਾਹਰਨ



2017 ਦਾ ਮੌੜ ਮੰਡੀ ਧਮਾਕਾ ਹੈ। ਮੌੜ ਵਿਖੇ ਕਾਂਗਰਸ ਦੇ ਰੋਡ ਸੋਅ ਦੌਰਾਨ ਹੋਏ ਇਸ ਧਮਾਕੇ 'ਚ ਪੰਜ ਬੇਗੁਨਾਹ ਲੋਕ ਮਾਰੇ ਗਏ ਸਨ। ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਵਿਰੋਧੀਆਂ 'ਤੇ ਗੰਭੀਰ ਦੋਸ ਲਗਾਏ ਸਨ ਅਤੇ ਸਿਆਸੀ ਮਾਹੌਲ ਬਿਲਕੁਲ ਬਦਲ ਗਿਆ ਸੀ। ਵੋਟਰਾਂ 'ਚ ਡਰ ਅਤੇ ਗੁੱਸਾ, ਦੋਵੇਂ ਵਧੇ ਜਿਸ ਦਾ ਨਤੀਜਾ ਕਾਂਗਰਸ ਦੀ ਭਾਰੀ ਜਿੱਤ ਵਜੋਂ ਨਿਕਲਿਆ। ਇਹ ਘਟਨਾ ਸਿਖਾਉਂਦੀ ਹੈ ਕਿ ਪੰਜਾਬ 'ਚ ਸੁਰੱਖਿਆ ਸਿਰਫ ਇਕ ਪ੍ਰਸਾਸਕੀ ਮਸਲਾ ਨਹੀਂ, ਸਗੋਂ ਲੋਕਾਂ ਦੀ ਰੋਜਾਨਾ ਜ਼ਿੰਦਗੀ ਨਾਲ ਜੁੜਿਆ ਹੋਇਆ ਮੁੱਦਾ ਹੈ। ਜਦੋਂ ਲੋਕ ਆਪਣੇ-ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਹਨ ਤਾਂ ਉਹ ਸਰਕਾਰ 'ਤੇ ਭਰੋਸਾ ਘਟਾ ਲੈਂਦੇ ਹਨ। ਇਸ ਲਈ ਕਿਸੇ ਵੀ ਸਰਕਾਰ ਲਈ ਕਾਨੂੰਨ-ਵਿਵਸਥਾ ਨੂੰ ਮਜਬੂਤ ਰੱਖਣਾ ਸਭ ਤੋਂ ਵੱਡੀ ਜਿੰਮੇਵਾਰੀ ਹੁੰਦੀ ਹੈ। ਤਾਜਾ ਧਮਾਕਾ ਇਕੱਲਾ ਮਾਮਲਾ ਨਹੀਂ ਹੈ। ਹਾਲ ਹੀ 'ਚ ਚੰਡੀਗੜ੍ਹ 'ਚ ਭਾਜਪਾ ਦਫਤਰ 'ਤੇ ਗ੍ਰਨੇਡ ਹਮਲਾ ਕੀਤਾ ਗਿਆ ਜਿਸ ਦੀ ਜਿੰਮੇਵਾਰੀ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਜੁੜੇ ਅਨਸਰਾਂ ਨੇ ਲਈ। ਇਸ ਤੋਂ ਇਲਾਵਾ ਥਾਣਿਆਂ 'ਤੇ ਹਮਲੇ, ਸਮਾਜਿਕ ਤਣਾਅ ਪੈਦਾ ਕਰਨ ਵਾਲੀਆਂ ਘਟਨਾਵਾਂ ਅਤੇ ਡਾ.ਬੀਆਰ ਅੰਬੇਡਕਰ ਦੀ ਮੂਰਤੀ ਦੀ ਬੇਅਦਬੀ ਵਰਗੇ ਮਾਮਲੇ ਵੀ ਸਾਹਮਣੇ ਆਏ ਹਨ।

ਇਹ ਸਾਰੀਆਂ ਘਟਨਾਵਾਂ ਮਿਲ ਕੇ ਇਕ ਚਿੰਤਾਜਨਕ ਤਸਵੀਰ ਪੇਸ ਕਰਦੀਆਂ ਹਨ। ਵਿਰੋਧੀ ਪਾਰਟੀਆਂ ਇਸ ਮੌਕੇ ਨੂੰ ਹੱਥੋਂ ਨਹੀਂ ਜਾਣ ਦੇ ਰਹੀਆਂ ਅਤੇ ਸਰਕਾਰ 'ਤੇ ਲਗਾਤਾਰ ਨਿਸਾਨਾ ਸਾਧ ਰਹੀਆਂ ਹਨ। ਸਰਕਾਰ ਵੱਲੋਂ ਦਿੱਤੇ ਜਾ ਰਹੇ ਜਵਾਬ, ਜਿਵੇਂ ਕਿ ਚੰਡੀਗੜ੍ਹ ਕੇਂਦਰ ਦੇ ਅਧੀਨ ਹੈ, ਕਾਨੂੰਨੀ ਤੌਰ 'ਤੇ ਠੀਕ ਹੋ ਸਕਦੇ ਹਨ ਪਰ ਆਮ ਲੋਕਾਂ ਲਈ ਇਹ ਵਜ੍ਹਾ ਜਿਆਦਾ ਮਾਅਨੇ ਨਹੀਂ ਰੱਖਦੀ। ਲੋਕ ਸਿਰਫ ਇਹ ਦੇਖਦੇ ਹਨ ਕਿ ਉਹ ਖੁਦ ਨੂੰ ਕਿੰਨਾ ਸੁਰੱਖਿਅਤ ਮਹਿਸੂਸ ਕਰਦੇ ਹਨ। ਸਾਲ 2027 ਦੀਆਂ ਚੋਣਾਂ ਨੂੰ ਧਿਆਨ 'ਚ ਰੱਖਦੇ ਹੋਏ ਆਉਣ ਵਾਲਾ ਸਮਾਂ ਸਰਕਾਰ ਲਈ ਬਹੁਤ ਮਹੱਤਵਪੂਰਨ ਹੈ।

ਨਵੇਂ ਕਾਨੂੰਨ ਬਣਾਉਣ ਨਾਲ ਹੀ ਕੰਮ ਨਹੀਂ ਚੱਲੇਗਾ, ਸਗੋਂ ਜਮੀਨੀ ਪੱਧਰ 'ਤੇ ਢੁੱਕਵੇਂ ਨਤੀਜੇ ਵੀ ਦਿਖਾਉਣੇ ਪੈਣਗੇ। ਦੋਸੀਆਂ ਦੀ ਗ੍ਰਿਫਤਾਰੀ, ਅਦਾਲਤੀ ਕਾਰਵਾਈ 'ਚ ਤੇਜੀ ਅਤੇ ਸੁਰੱਖਿਆ ਪ੍ਰਣਾਲੀ 'ਚ ਸਪਸਟ ਸੁਧਾਰ ਹੀ ਲੋਕਾਂ ਦਾ ਭਰੋਸਾ ਮੁੜ ਬਹਾਲ ਕਰ ਸਕਦੇ ਹਨ। ਪੰਜਾਬ ਦੀ ਸਿਆਸਤ 'ਚ ਸੁਰੱਖਿਆ ਹਮੇਸਾ ਕੇਂਦਰੀ ਮੁੱਦਾ ਰਹੀ ਹੈ ਅਤੇ ਇਸ ਵਾਰ ਵੀ ਇਸ ਤੋਂ ਕੁਝ ਵੱਖਰਾ ਹੋਣ ਦੀ ਸੰਭਾਵਨਾ ਘੱਟ ਹੀ ਹੈ।

# "ਜਮਾਨਤ ਰੱਦ ਕਰ ਦੇਵਾਂਗੇ..."ਪੰਜਾਬ ਦੇ ਸੀ ਐਮ ਭਗਵੰਤ ਮਾਨ ਨੂੰ ਅਦਾਲਤ ਨੇ ਲਗਾਈ ਫਟਕਾਰ; ਜੱਜ ਦੀ ਲਾਸਟ ਵਾਰਨਿੰਗ



ਪੰਜਾਬ ਦੇ ਮਾਨਸਾ ਦੀ ਇੱਕ ਸਥਾਨਕ ਅਦਾਲਤ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਖਤ ਚੇਤਾਵਨੀ ਜਾਰੀ ਕੀਤੀ ਹੈ। ਅਦਾਲਤ ਨੇ ਉਨ੍ਹਾਂ ਨੂੰ ਇੱਕ ਚੱਲ ਰਹੇ ਸਿਕਾਇਤ ਮਾਮਲੇ ਵਿੱਚ ਅਗਲੀ ਸੁਣਵਾਈ 'ਤੇ ਆਪਣੀ ਹਾਜਰੀ ਯਕੀਨੀ ਬਣਾਉਣ ਦੇ ਨਿਰਦੇਸ ਦਿੱਤੇ ਹਨ, ਨਹੀਂ ਤਾਂ ਉਨ੍ਹਾਂ ਦੀ ਜਮਾਨਤ ਰੱਦ ਕਰ ਦਿੱਤੀ ਜਾਵੇਗੀ।

ਇਹ ਹੁਕਮ ਮੰਗਲਵਾਰ (28 ਅਪ੍ਰੈਲ) ਨੂੰ ਏਸੀਜੇਐਮ (ਵਧੀਕ ਮੁੱਖ ਨਿਆਂਇਕ ਮੈਜਿਸਟ੍ਰੇਟ) ਰਾਜਿੰਦਰ ਸਿੰਘ ਨਾਗਪਾਲ ਦੀ ਅਦਾਲਤ ਨੇ 'ਨਜਰ ਸਿੰਘ ਮਾਨਸਾਹੀਆ ਬਨਾਮ ਭਗਵੰਤ ਮਾਨ ਅਤੇ ਹੋਰਾਂ' ਦੇ ਮਾਮਲੇ ਦੀ ਸੁਣਵਾਈ ਦੌਰਾਨ ਦਿੱਤਾ। ਅਦਾਲਤ ਨੇ ਨੋਟ ਕੀਤਾ ਕਿ ਮੁਲਜਮ ਨੇ ਚੰਡੀਗੜ੍ਹ ਵਿੱਚ ਇੱਕ ਮਹੱਤਵਪੂਰਨ ਮੀਟਿੰਗ ਦਾ ਹਵਾਲਾ ਦਿੰਦੇ ਹੋਏ ਨਿੱਜੀ ਪੇਸੀ ਤੋਂ ਛੋਟ ਮੰਗੀ ਸੀ।

**ਅਦਾਲਤ ਵਿੱਚ ਪੇਸ ਹੋਣਾ ਜਰੂਰੀ**

ਹਾਲਾਂਕਿ, ਅਦਾਲਤ ਨੇ ਨੋਟ ਕੀਤਾ ਕਿ ਮਾਨ 20 ਅਕਤੂਬਰ, 2022 ਤੋਂ ਬਾਅਦ ਇੱਕ ਵਾਰ ਵੀ ਪੇਸ ਨਹੀਂ ਹੋਇਆ, ਜਿਸ ਕਾਰਨ ਕਾਰਵਾਈ ਵਿੱਚ ਰੁਕਾਵਟ ਆਈ। ਅਦਾਲਤ ਨੇ ਅੱਗੇ ਕਿਹਾ ਕਿ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ ਹੋਣ ਦੀ ਉਸਦੀ ਪਿਛਲੀ ਬੇਨਤੀ ਪਹਿਲਾਂ ਹੀ ਰੱਦ ਕਰ ਦਿੱਤੀ ਗਈ ਸੀ, ਅਤੇ ਦੋਸੀ ਨੂੰ ਨਿੱਜੀ ਤੌਰ 'ਤੇ ਪੇਸ ਹੋਣ ਦਾ ਨਿਰਦੇਸ ਦਿੱਤਾ ਗਿਆ ਸੀ।

ਹੁਕਮ ਵਿੱਚ ਕਿਹਾ ਗਿਆ ਹੈ, "ਮੁਲਜਮ ਭਗਵੰਤ ਮਾਨ ਨੂੰ ਨਿੱਜੀ ਪੇਸੀ ਤੋਂ ਛੋਟ ਦੇਣ ਲਈ ਇੱਕ ਅਰਜੀ ਦੁਬਾਰਾ ਦਾਇਰ ਕੀਤੀ ਗਈ ਹੈ, ਇਸ ਆਧਾਰ 'ਤੇ ਕਿ ਉਹ ਅੱਜ ਚੰਡੀਗੜ੍ਹ ਵਿੱਚ ਇੱਕ ਮਹੱਤਵਪੂਰਨ ਮੀਟਿੰਗ ਕਾਰਨ ਅਦਾਲਤ ਵਿੱਚ ਪੇਸ ਨਹੀਂ ਹੋ ਸਕਿਆ। ਫਾਈਲ ਦੀ ਜਾਂਚ ਤੋਂ ਪਤਾ ਚੱਲਦਾ ਹੈ ਕਿ 20.10.2022 ਤੋਂ, ਉਕਤ ਮੁਲਜਮ ਇੱਕ ਵਾਰ ਵੀ ਕਾਰਵਾਈ ਲਈ ਪੇਸ ਨਹੀਂ ਹੋਇਆ, ਜਿਸ ਕਾਰਨ ਮਾਮਲੇ ਵਿੱਚ ਅੱਗੇ ਦੀ ਕਾਰਵਾਈ ਨਹੀਂ ਹੋ ਸਕੀ।

**ਭਗਵੰਤ ਮਾਨ ਅਦਾਲਤ ਵਿੱਚ ਪੇਸ ਨਹੀਂ ਹੋਏ**

ਪਿਛਲੀ ਸੁਣਵਾਈ ਦੀ ਮਿਤੀ 'ਤੇ, ਮੌਜੂਦਾ ਮੁਲਜਮ ਵੱਲੋਂ ਵੀਡੀਓ ਕਾਨਫਰੰਸ ਰਾਹੀਂ ਪੇਸ ਹੋਣ ਦੀ ਅਰਜੀ ਨੂੰ ਇੱਕ ਵਿਸਤ੍ਰਿਤ ਆਦੇਸ ਦੁਆਰਾ ਰੱਦ ਕਰ ਦਿੱਤਾ ਗਿਆ ਸੀ, ਅਤੇ ਦੋਸੀ ਨੂੰ ਅੱਜ ਇਸ ਅਦਾਲਤ ਵਿੱਚ ਪੇਸ ਹੋਣ ਦਾ ਨਿਰਦੇਸ ਦਿੱਤਾ ਗਿਆ ਸੀ। ਹਾਲਾਂਕਿ, ਅੱਜ ਦੁਬਾਰਾ ਉਕਤ ਮੁਲਜਮ ਵੱਲੋਂ ਅਸਪਸਟ ਆਧਾਰਾਂ 'ਤੇ ਛੋਟ ਲਈ ਅਰਜੀ ਦਾਇਰ ਕੀਤੀ ਗਈ ਹੈ, ਜੋ ਕਿ ਉਸਦੀਆਂ ਪਿਛਲੀਆਂ ਛੋਟ ਅਰਜੀਆਂ ਦੇ ਸਮਾਨ ਹਨ ਅਤੇ ਅਦਾਲਤੀ ਕਾਰਵਾਈਆਂ ਪ੍ਰਤੀ ਉਸਦੇ ਆਚਰਣ ਅਤੇ ਰਵੱਈਏ ਨੂੰ ਸਪਸਟ ਤੌਰ 'ਤੇ ਦਰਸਾਉਂਦੀਆਂ ਹਨ।" ਅਦਾਲਤ ਨੇ ਲਾਪਰਵਾਹੀ ਦਾ ਹਵਾਲਾ ਦਿੱਤਾ।

ਅਦਾਲਤ ਦੀ ਕਾਰਵਾਈ ਪ੍ਰਤੀ "ਲਾਪਰਵਾਹੀ ਵਾਲਾ ਰਵੱਈਆ" ਕਹਿਣ 'ਤੇ ਚਿੰਤਾ ਪ੍ਰਗਟ ਕਰਨ ਦੇ ਬਾਵਜੂਦ, ਅਦਾਲਤ ਨੇ ਉਸ ਦਿਨ ਲਈ ਛੁੱਟੀ ਦੇ ਦਿੱਤੀ, ਪਰ ਇੱਕ ਸਪੱਸਟ ਨਿਰਦੇਸ ਜਾਰੀ ਕੀਤਾ। ਅਦਾਲਤ ਨੇ ਵਕੀਲ ਨੂੰ ਅਗਲੀ ਸੁਣਵਾਈ ਦੀ ਮਿਤੀ 'ਤੇ ਮਾਨ ਦੀ ਹਾਜਰੀ ਨੂੰ ਯਕੀਨੀ ਬਣਾਉਣ ਦੇ ਨਿਰਦੇਸ ਦਿੱਤੇ; ਅਜਿਹਾ ਨਾ ਕਰਨ 'ਤੇ, ਉਸਦੀ ਜਮਾਨਤ ਰੱਦ ਕਰ ਦਿੱਤੀ ਜਾਵੇਗੀ ਅਤੇ ਉਸਦੀ ਹਾਜਰੀ ਨੂੰ ਯਕੀਨੀ ਬਣਾਉਣ ਲਈ ਸਖਤ ਕਦਮ ਚੁੱਕੇ ਜਾਣਗੇ।


# Matrimonial

Suitable match for Jatt Sikh clean shaved boy (son of my Bhaanji from distt. Jalandhar), 5' - 11", Polytechnic diploma holder from Punjab and hospitality diploma from Australia, 491 skilled Regional Visa (State Nomination) holder in Australia (Sure to be PR shortly). He is fatherless and has one brother only, has some property in his village. The girl nearly 5'-5", should be around 30 and be good looking.

Call +61 437641033


# ਪਾਠਕਾਂ ਦਾ ਹੁੰਗਾਰਾ

ਮਿਤੀ 18 ਅਪ੍ਰੈਲ ਨੂੰ ਮੈਨੂੰ ਇੱਕ +91 9417571028 ਨੰਬਰ ਤੋਂ ਫੋਨ ਆਇਆ। ਫੋਨ ਕਰਨ ਵਾਲ਼ਾ ਵਿਅਕਤੀ ਕਹਿੰਦਾ:- ਮੈਂ ਪਿੰਡ ਗੰਭੀਰ ਪੁਰ ਨੇੜੇ ਆਨੰਦਪੁਰ ਸਾਹਿਬ, ਪੰਜਾਬ ਤੋਂ ਬੋਲ ਰਿਹਾ ਹਾਂ। ਪੁੱਛਣ ਤੇ ਕਹਿਣ ਲੱਗਾ:- ਮੇਰਾ ਨਾਮ ਗੁਰਮੇਲ ਸਿੰਘ ਬੈਂਸ ਹੈ। ਟ੍ਰਾਂਸਪੋਰਟ ਮਹਿਕਮੇ ਤੋਂ ਸੇਵਾ ਮੁਕਤ ਹਾਂ। ਫੋਨ ਕਰਨ ਦਾ ਕਾਰਨ ਮੇਰੀ ਰੋਜ਼ਾਨਾ ਸਪੋਕਸਮੈਨ ਵਿੱਚ ਐਤਵਾਰ ਨੂੰ ਛਪੀ ਕਹਾਣੀ 'ਲੋਹੇ ਦੀ ਪੇਟੀ' ਸੀ। ਬੈਂਸ ਸਾਹਿਬ ਨੇ ਕਹਾਣੀ ਦੀ ਅੰਤਾਂ ਦੀ ਪ੍ਰਸ਼ੰਸ਼ਾ ਕੀਤੀ। ਇਸ ਫੋਨ ਤੋਂ ਅੱਧਾ ਘੰਟਾ ਬਾਅਦ ਸਿਡਨੀ ਦੇ ਬਲੈਕ ਟਾਊਨ ਤੋਂ ਮਨਜੀਤ ਸਿੰਘ ਖਹਿਰਾ ਦਾ ਫੋਨ ਆ ਗਿਆ। ਉਨ੍ਹਾਂ ਨੇ ਵੀ 'ਲੋਹੇ ਦੀ ਪੇਟੀ' ਦੀ ਪ੍ਰਸ਼ੰਸ਼ਾ ਕੀਤੀ। ਨਵਾਂਸ਼ਹਿਰ ਪੰਜਾਬ ਤੋਂ ਪੱਤਰਕਾਰ ਦੀਦਾਰ ਸ਼ੇਤਰਾ ਨੇ ਵੀ ਕਹਾਣੀ ਦੀ ਪ੍ਰਸ਼ੰਸ਼ਾ ਕੀਤੀ।

ਅਵਤਾਰ ਸੰਘਾ ਯੂਟਿਊਬ ਚੈਨਲ ਦੀ ਵੀ ਕਈਆਂ ਨੇ ਪ੍ਰਸ਼ੰਸ਼ਾ ਕੀਤੀ। ਡਾ: ਦਵਿੰਦਰ ਸਿੰਘ ਜੀਤਲਾ ਨੇ ਸੁਰਜੀਤ ਪਾਤਰ ਦੇ ਭਰਾ ਉਪਕਾਰ ਸਿੰਘ ਹੁੰਝਣ ਦਾ ਰੂ-ਬ-ਰੂ ਕਰਵਾਇਆ।

ਅਵਤਾਰ ਐਸ. ਸੰਘਾ ਦੇ ਨਾਟਕ 'ਮੈਂ ਸਿਡਨੀ ਤੋਂ ਸੇਵਾਮੁਕਤ ਸੂਬੇਦਾਰ ਸਰੈਣ ਸਿੰਘ ਬੋਲਦਾਂ' ਨੂੰ ਤੁਰੰਤ ਵਧੀਆ ਹੁੰਗਾਰਾ ਮਿਲ਼ਿਆ ਹੈ। ਨਾਟਕ ਨੂੰ www.mediapunjab.com ਨੇ ਇੱਕ ਦਮ ਛਾਪ ਦਿੱਤਾ। ਹੁਣੇ ਹੁਣੇ ਦੋ ਸੂਝਵਾਨ ਪਾਠਕਾਂ ਦੇ ਖਤ ਪ੍ਰਾਪਤ ਹੋਏ:-

1). ਬਾਕਮਾਲ ਨਾਟਕ, ਪਾਤਰ ਚਿਤਰਣ, ਬੋਲੀ, ਸੈਲੀ, ਵਿਸਾ, ਸਟੇਜ ਸੰਚਾਲਨ ਦੀ ਤਰਤੀਬਅਖੀਰ ਵਿੱਚ ਦਿੱਤਾ ਸੁਨੇਹਾ ਗੱਲ ਕੀ ਸਮੁੱਚਾ ਨਾਟਕ ਹੀ ਵਿਦੇਸਾਂ ਵਿੱਚ ਹੋ ਰਹੀ ਦੁਰਦਸਾ ਅਤੇ ਬੇਕਦਰੀ ਨੂੰ ਬਹੁਤ ਹੀ ਗੰਭੀਰਤਾ ਨਾਲ ਬਿਆਨ ਕਰਦਾ ਹੈ..

ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਰਾਹੀਂ ਸੰਘਾ ਸਾਹਿਬ ਤੁਸੀਂ ਜੋ ਮਾਂ ਬੋਲੀ ਪੰਜਾਬੀ ਦੀ ਤੁਸੀਂ ਵਿਦੇਸ ਰਹਿ ਕੇ ਵੀ ਇੰਨੀਂ ਸਿੱਦਤ ਨਾਲ ਸੇਵਾ ਕਰ ਰਹੇ ਹੋ ਉਹ ਸੱਚਮੁੱਚ ਹੀ ਸਲਾਹੁਣਯੋਗ ਹੈ..ਤੁਹਾਡੀ ਮਿਹਨਤ ਅਤੇ ਦੂਰ-ਅੰਦੇਸੀ ਸੋਚ ਨੂੰ ਸਲਾਮਉਮੀਦ ਹੈ ਕਿ ਤੁਹਾਡੀ ਕਲਮ ਨਿਰੰਤਰ ਸਮਾਜਿਕ ਬੁਰਾਈਆਂ ਅਤੇ ਸਰੋਕਾਰਾਂ ਬਾਰੇ ਹਮੇਸਾਂ ਹੀ ਚਲਦੀ ਰਹੇਗੀ.

ਤੁਹਾਡਾ ਸੁਭਚਿੰਤਕ

ਦਰਸ਼ਨ ਸਿੰਘ ਸਿੱਧੂ

2). Nice Natak depicting true story/ dastan of migrants' parents.Sangha sahib, there is a big need of writing a Natak on the struggling youngsters in the developed countries. Well done congratulations.I have returned from India on 29th of May.

ਬਲਵੰਤ ਗਿੱਲ, ਯੂ. ਕੇ

ਧੰਨਵਾਦ (ਸੰਪਾਦਕ)

# ਜਰੂਰੀ ਸੂਚਨਾ

ਪ੍ਰਿੰਟ ਮੀਡੀਆ ਦੀ ਮਹੱਤਤਾ ਬਹੁਤ ਘਟ ਗਈ ਏ। ਇਹ ਕਥਨ ਵੀ ਸੱਚ ਹੈ ਕਿ ਪਰੌਢ ਪਾਠਕ ਵਰਗ ਬੜੀ ਧੀਵੀਂ ਸਪੀਡ ਦੇ ਨਾਲ਼ ਡੀਜ਼ੀਟਲ ਮੀਡੀਆ ਦੇ ਵਲ ਨੂੰ ਆ ਰਿਹਾ ਏ। ਸਮੇਂ ਦਾ ਹਾਣੀ ਬਣੇ ਰਹਿਣਾ ਮਨੁੱਖ ਲਈ ਅਤਿ ਜਰੂਰੀ ਹੈ। ਮਾਜੂਦਾ ਡਿਜ਼ੀਟਲ ਯੁੱਗ ਵਿੱਚ ਕਾਰੋਬਾਰੀ ਇਸ਼ਤਿਹਾਰ ਵੀ ਫੇਸਬੁੱਕ ਅਤੇ ਇੰਸਟਾਗਰਾਮ ਦਾ ਹਿੱਸਾ ਬਣ ਰਹੇ ਹਨ। ਮੇਰੇ 4900 ਫੇਸਬੁੱਕ ਮਿੱਤਰ ਹਨ ਤੁਹਾਡੀ ਐਡ ਉਨ੍ਹਾਂ ਪਾਸ ਪਹੁੰਚਣੀ ਹੀ ਹੈ। ਇਸਤੋਂ ਇਲਾਵਾ ਮੈਂ ਵਟੱਸਅਪ ਚੈਨਲ ਵੀ ਬਣਾ ਦਿੱਤਾ ਹੈ। ਆਪਣੇ ਸਾਰੇ ਵਟੱਸਅੱਪ ਸਾਥੀਆਂ ਨੂੰ ਅਖਬਾਰ ਦੀ ਪੀ. ਡੀ. ਐਫ. ਵੀ ਭੇਜ ਦਿੰਦਾ ਹਾਂ। ਇਸ ਪ੍ਰਕਾਰ ਤੁਹਾਡੇ ਇਸ਼ਤਿਹਾਰ ਹਾਰਡ ਕਾਪੀ ਤੋਂ ਵੀ ਵੱਧ ਲੋਕਾਂ ਤੱਕ ਪਹੁੰਚ ਜਾਂਦੇ ਹਨ। ਡਿਜ਼ੀਟਲ ਐਡੀਸ਼ਨ ਦੇ ਇਸ਼ਤਿਹਾਰਾਂ ਦੀਆਂ ਕੀਮਤਾਂ ਵੀ ਮੈਂ ਅੱਧੀਆਂ ਕਰ ਦਿੱਤੀਆਂ ਹਨ।

ਸਮੇਂ ਦੀ ਰਫਤਾਰ ਨਾਲ਼ ਤੁਰਦੇ ਹੋਏ ਡਿਜ਼ੀਟਲ ਮੀਡੀਆ ਦੇ ਹਾਣੀ ਬਣੋ ਅਤੇ ਸਮੇਂ ਤੇ ਇਸ਼ਤਿਹਾਰਬਾਜ਼ੀ ਦਾ ਲਾਭ ਉਠਾਓ।

ਸੰਪਾਦਕ

ਡਾ: ਅਵਤਾਰ ਐਸ. ਸੰਘਾ

ਵਟੱਸਅਪ ਚੈਨਲ ਨੂੰ ਫੌਲੋ ਕਰਨ ਲਈ ਸਕੈਨ ਕਰੋ

# ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

thepunjabherald1@gmail.com

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

**If somebody wishes to discontinue the advertisement, then please intimate us by calling 0437641033 before 20th every month.**

ਸੰਪਰਕ 0437641033

## Disclaimer


The Punjab Herald and the staff associated with it are not responsible for any claims made by the advertisers and do not endorse any product or advertisement published in the newspaperI The views expressed in the advertisement and various articles belong solely to the concerned advertisers and authorsI They do not reflect the views of the newspaper managementI Jurisdiction SydneyI

# ਕੀ ਤੁਸੀਂ ਪਤੀ ਦੇ ਨੇੜੇ ਹੋ?

ਤੁਸੀਂ ਕਿਸ ਤਰ੍ਹਾਂ ਦੇ ਜੀਵਨ ਸਾਥੀ ਹੋ? ਕੀ ਤੁਹਾਡੀ ਰਚਨਾ ਸੱਚਮੁੱਚ ਉਨ੍ਹਾਂ ਲਈ ਹੋਈ ਹੈ? ਹਰੇਕ ਉਹ ਕੁੜੀ ਜੋ ਆਪਣੇ ਮੰਗੇਤਰ ਨਾਲ ਪ੍ਰੇਮ ਕਰਦੀ ਹੈ ਅਤੇ ਹਰੇਕ ਉਹ ਔਰਤ, ਜਿਸ ਨੂੰ ਆਪਣੇ ਗ੍ਰਹਿਸਤ ਜੀਵਨ ਨਾਲ ਲਗਾਅ ਹੈ, ਉਸ ਲਈ ਇਹ ਪ੍ਰਸ਼ਨ-ਉੱਤਰੀ ਬਹੁਤ ਮਹੱਤਵ ਰੱਖਦੀ ਹੈ। ਇਹ ਜ਼ਰੂਰੀ ਨਹੀਂ ਹੈ ਕਿ ਪਤੀ ਅਤੇ ਪਤਨੀ ਜੀਵਨ ਦੇ ਸਾਰੇ ਮਾਮਲਿਆਂ ਵਿਚ ਪੂਰਨ ਸਹਿਮਤੀ ਰੱਖਦੇ ਹੋਣ, ਫਿਰ ਵੀ ਉਨ੍ਹਾਂ ਵਿਚ ਆਪਸੀ ਸਹਿਯੋਗ ਅਤੇ ਤਿਆਗ ਦੀ ਭਾਵਨਾ ਹੋਣੀ ਚਾਹੀਦੀ ਹੈ। ਉਸ ਲਈ ਇਕ-ਦੂਜੇ ਨੂੰ ਸਮਝਣਾ ਅਤੇ ਉਸ ਅਨੁਸਾਰ ਆਪਣੇ ਵਿਹਾਰ ਨੂੰ ਬਣਾਉਣਾ ਜ਼ਰੂਰੀ ਹੁੰਦਾ ਹੈ। ਇਹ ਪ੍ਰਸ਼ਨ-ਉੱਤਰੀ ਤੁਹਾਨੂੰ ਤੁਹਾਡੇ ਪਤੀ ਜਾਂ ਮੰਗੇਤਰ ਦੇ ਸੁਭਾਅ ਅਤੇ ਸਾਧਾਰਨ ਚਰਿੱਤਰ ਬਾਰੇ ਦੱਸ ਸਕਦੀ ਹੈ।



* ਤੁਹਾਡੇ ਪਤੀ ਜਾਂ ਮੰਗੇਤਰ ਕਿਸ ਤਰ੍ਹਾਂ ਦੇ ਆਦਮੀ ਹਨ?
(ੳ) ਮਿੱਤਰਾਂ ਦੇ ਪਿਆਰੇ ਅਤੇ ਸਮਾਜਿਕ ਸਰਗਰਮੀਆਂ ਵਿਚ ਹਿੱਸਾ ਲੈਣ ਵਾਲੇ।
(ਅ) ਕਸਰਤ ਦੇ ਸ਼ੌਕੀਨ ਅਤੇ ਖੇਡਾਂ ਦੇ ਰਸੀਆ।
(ੲ) ਨਵੇਂ ਵਿਚਾਰਾਂ ਵਾਲੇ ਪੜ੍ਹੇ-ਲਿਖੇ ਅਤੇ ਅਨੇਕ ਇਸਤਰੀਆਂ ਵਿਚ ਰੁਚੀ ਰੱਖਣ ਵਾਲੇ।

* ਤੁਹਾਡੀ ਤੁਲਨਾ ਵਿਚ ਤੁਹਾਡੇ ਪਤੀ ਜਾਂ ਮੰਗੇਤਰ
(ੳ) ਤੁਹਾਡੇ ਵਿਚਾਰਾਂ ਅਤੇ ਸਲਾਹ ਦੀ ਕਦਰ ਕਰਦੇ ਹਨ।
(ਅ) ਪ੍ਰੇਮ ਅਤੇ ਸਮਝੌਤੇ ਦਾ ਰਵੱਈਆ ਅਪਣਾਉਂਦੇ ਹਨ।
(ੲ) ਗੁੱਸੇ ਵਾਲੇ ਅਤੇ ਗਰਮ ਸੁਭਾਅ ਦੇ ਸਾਬਤ ਹੁੰਦੇ ਹਨ।

* ਜੇਕਰ ਤੁਹਾਡੇ ਪਤੀ ਨੂੰ ਨੌਕਰੀ ਦੇ ਸੰਬੰਧ ਵਿਚ ਤੁਹਾਡੇ ਤੋਂ ਦੂਰ ਜਾਣਾ ਪਵੇ ਤਾਂ
(ੳ) ਤੁਹਾਡੀ ਨੇੜਤਾ ਕਾਰਨ ਉਸ ਨੌਕਰੀ ਨੂੰ ਹੀ ਛੱਡ ਦੇਣਗੇ?
(ਅ) ਤੁਹਾਡੀ ਰਾਏ ਪਤਾ ਕਰਕੇ ਹੀ ਬਾਹਰ ਜਾਣਗੇ।
(ੲ) ਇਸ ਦੂਰੀ ਨੂੰ ਉਹ ਬਿਨਾਂ ਕਿਸੇ ਝਿਜਕ ਦੇ ਸਵੀਕਾਰ ਕਰ ਲੈਣਗੇ।

* ਤੁਹਾਡੇ ਪਤੀ ਰੁਪਏ-ਪੈਸੇ ਦੇ ਮਾਮਲੇ ਵਿਚ
(ੳ) 'ਇਸ ਹੱਥ ਲਓ, ਉਸ ਹੱਥ ਦਿਓ' ਵਿਚਾਰ ਵਾਲੇ ਹਨ।
(ਅ) ਤੁਹਾਡੇ ਪਤੀ ਅਤਿ ਭਾਵੁਕ ਹਨ।
(ੲ) ਤੁਹਾਡੇ ਪਤੀ ਅਤਿ ਕੰਜੂਸ ਹਨ ਅਤੇ ਉਹ ਖਰਚ ਕਰਨਾ ਹੀ ਨਹੀਂ ਚਾਹੁੰਦੇ।

* ਛੁੱਟੀਆਂ ਬਿਤਾਉਣ ਲਈ ਬਾਹਰ ਜਾਣ ਦੀ ਯੋਜਨਾ ਬਣੇ ਤਾਂ
(ੳ) ਸਾਰੀਆਂ ਯੋਜਨਾਵਾਂ ਨੂੰ ਤੁਹਾਡੇ 'ਤੇ ਛੱਡ ਦਿੰਦੇ ਹਨ ਅਤੇ ਉਹ ਤੁਹਾਡੀਆਂ ਯੋਜਨਾਵਾਂ ਅਨੁਸਾਰ ਹੀ ਕੰਮ ਕਰਦੇ ਹਨ।
(ਅ) ਬਾਹਰ ਜਾਣ ਦੀ ਯੋਜਨਾ ਖ਼ੁਦ ਬਣਾਉਂਦੇ ਹਨ ਅਤੇ ਬਾਕੀ ਕੰਮ ਤੁਹਾਡੇ 'ਤੇ ਛੱਡ ਦਿੰਦੇ ਹਨ।
(ੲ) ਯਾਤਰਾ ਅਤੇ ਛੁੱਟੀਆਂ ਬਿਤਾਉਣ ਦੀ ਪੂਰੀ ਯੋਜਨਾ ਤੁਹਾਡੇ ਤੋਂ ਪੁੱਛੇ ਬਗ਼ੈਰ ਬਣਾ ਲੈਂਦੇ ਹਨ।

* ਆਪਣੀ ਪਹਿਰਾਵੇ ਦੇ ਮਾਮਲੇ ਵਿਚ
(ੳ) ਆਕਰਸ਼ਕ ਅਤੇ ਮੁੱਲਵਾਨ ਪੁਸ਼ਾਕ ਪਸੰਦ ਕਰਦੇ ਹਨ।
(ਅ) ਜਿਸ ਤਰ੍ਹਾਂ ਦੇ ਵੀ ਕੱਪੜੇ ਦਿਓ ਪਹਿਨ ਲੈਂਦੇ ਹਨ।
(ੲ) ਫੈਸ਼ਨ ਤੋਂ ਜ਼ਿਆਦਾ ਸਰੀਰਕ ਜ਼ਰੂਰਤਾਂ ਨੂੰ ਮਹੱਤਵ ਦਿੰਦੇ ਹਨ।

ਜੇਕਰ ਤੁਹਾਡੇ ਬਹੁਤੇ ਜਵਾਬ (ੳ) ਸ਼੍ਰੇਣੀ ਦੇ ਹਨ ਤਾਂ ਤੁਸੀਂ ਜ਼ਰੂਰ ਹੀ ਆਪਣੇ ਪਤੀ ਦੇ ਦਿਲ 'ਤੇ ਰਾਜ ਕਰਦੇ ਹੋ ਅਤੇ ਉਹ ਤੁਹਾਨੂੰ ਆਪਣੀ ਪ੍ਰੇਮਣ/ਪਤਨੀ ਮੰਨਦੇ ਹਨ। ਇਸ ਹਾਲਤ ਵਿਚ ਤੁਹਾਡੇ ਵਿਚ ਅਤੇ ਉਨ੍ਹਾਂ ਵਿਚ ਕੋਈ ਫ਼ਰਕ ਨਹੀਂ ਹੈ।

ਜੇਕਰ ਤੁਹਾਡੇ ਜ਼ਿਆਦਾਤਰ ਜਵਾਬ (ਅ) ਸ਼੍ਰੇਣੀ ਦੇ ਹਨ ਤਾਂ ਤੁਹਾਡੇ ਵਿਚ ਕੁਝ ਕਮੀ ਹੈ। ਤੁਸੀਂ ਉਸ ਕਮੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੋ ਤਾਂ ਕਿ ਤੁਸੀਂ ਦੋਵੇਂ ਹੀ ਇਕ-ਦੂਜੇ ਦੇ ਪੂਰਕ ਬਣ ਕੇ ਉੱਤਮ ਜੀਵਨ-ਸਾਥੀ ਬਣ ਸਕੋ।

ਜੇਕਰ ਤੁਹਾਡੇ ਬਹੁਤੇ ਜਵਾਬ (ੲ) ਸ਼੍ਰੇਣੀ ਦੇ ਹਨ ਤਾਂ ਸ਼ਾਇਦ ਤੁਸੀਂ ਆਪਣੇ ਪਤੀ ਦੇ ਦਿਲ ਤੋਂ ਦੂਰ ਹੋ। ਤੁਹਾਨੂੰ ਉੱਤਮ ਜੀਵਨ ਸਾਥਣ ਬਣਨ ਲਈ ਖ਼ੁਦ ਨੂੰ ਪਤੀ ਦੇ ਅਨੁਸਾਰ ਢਾਲਣ ਲਈ ਤਿਆਰ ਰਹਿਣਾ ਹੋਵੇਗਾ। ਨਾਲ ਹੀ ਆਪਣੇ ਅੰਦਰ ਤੋਂ 'ਹਉਮੈਂ' ਦੀ ਦੀਵਾਰ ਨੂੰ ਤੋੜ ਕੇ ਸਮਤਲ ਕਰਨਾ ਹੋਵੇਗਾ। ਪਤੀ ਨੂੰ ਆਪਣੇ ਵੱਲ ਝੁਕਾਉਣ ਦੀ ਬਜਾਏ ਖ਼ੁਦ ਨੂੰ ਪਤੀ ਵੱਲ ਝੁਕਾਉਣਾ ਹੋਵੇਗਾ। ਤੁਸੀਂ ਪਤੀ ਨੂੰ ਆਪਣੇ ਅਨੁਸਾਰ ਕਿਸ ਤਰ੍ਹਾਂ ਬਣਾ ਸਕਦੇ ਹੋ, ਇਹ ਤੁਹਾਡੀ ਸਰਲਤਾ ਅਤੇ ਚਤੁਰਾਈ 'ਤੇ ਨਿਰਭਰ ਕਰੇਗਾ।

ਪੂਨਮ ਦਿਨਕਰ

# ਔਖੇ ਸਮੇਂ ਵਿਚ ਆਪਣੇ-ਆਪ ਨੂੰ ਬਣਾਓ ਮਜ਼ਬੂਤ

ਮੁਸੀਬਤਾਂ ਤਾਂ ਜ਼ਿੰਦਗੀ ਵਿਚ ਪਾਣੀ ਦੇ ਵਹਾਅ ਦੀ ਤਰ੍ਹਾਂ ਆਉਂਦੀਆਂ ਰਹਿੰਦੀਆਂ ਹਨ ਤੇ ਸਾਹਸੀ ਬਹਾਦਰ ਲੋਕ ਉਨ੍ਹਾਂ ਨੂੰ ਪਾਰ ਕਰਦੇ ਜਾਂਦੇ ਹਨ। ਇਕ ਦਿਨ ਮੰਜ਼ਿਲ ਪ੍ਰਾਪਤ ਕਰ ਲੈਂਦੇ ਹਨ। ਜੇਕਰ ਤੁਸੀਂ ਮੁਸੀਬਤਾਂ ਨੂੰ ਪਾਰ ਕਰਦੇ ਹੋ ਤਾਂ ਤੁਸੀਂ ਜ਼ਿੰਦਗੀ ਵਿਚ ਆਉਣ ਵਾਲੀ ਹਰ ਚੁਣੌਤੀ ਨੂੰ ਸਵੀਕਾਰ ਰਕਰ ਸਕਦੇ ਹੋ।



ਦੋਸਤੋ ਜ਼ਿੰਦਗੀ ਦੇ ਰਾਹਾਂ ਵਿਚ ਮੁਸੀਬਤਾਂ ਦਾ ਆਉਣਾ ਸੁਭਾਵਿਕ ਹੀ ਹੈ। ਹਰ ਇਕ ਮਨੁੱਖ ਦੀ ਜ਼ਿੰਦਗੀ ਵਿਚ ਉਤਰਾ-ਚੜ੍ਹਾਅ ਆਉਂਦੇ ਹੀ ਰਹਿੰਦੇ ਹਨ। ਕਈ ਵਾਰ ਅਜਿਹਾ ਸਮਾਂ ਵੀ ਆਉਂਦਾ ਹੈ ਜਦੋਂ ਅਸੀਂ ਬਿਲਕੁਲ ਇਕੱਲੇ ਰਹਿ ਜਾਂਦੇ ਹਾਂ। ਚਾਹੇ ਸਾਡੇ ਕੋਲ ਲੱਖ ਇਨਸਾਨ ਹੋਣ ਪਰ ਅਸੀਂ ਫਿਰ ਵੀ ਆਪਣੀ ਹੋਂਦ ਇਕੱਲੀ ਮਹਿਸੂਸ ਕਰਦੇ ਹਾਂ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਅਸੀਂ ਜਿਸ ਚੀਜ਼ ਨਾਲ ਨੇੜਤਾ ਮਹਿਸੂਸ ਕਰਦੇ ਹਾਂ ਜੇਕਰ ਉਹ ਸਾਡੇ ਤੋਂ ਦੂਰ ਹੋ ਜਾਂਦੀ ਹੈ ਤਾਂ ਅਸੀਂ ਅਜਿਹੀ ਸਥਿਤੀ ਦਾ ਸ਼ਿਕਾਰ ਹੋ ਜਾਂਦੇ ਹਾਂ ਭਾਵ ਅਸੀਂ ਸਭ ਕੁਝ ਕੋਲ ਹੁੰਦੇ ਵੀ ਸਿਰਫ ਉਸ ਚੀਜ਼ ਨੂੰ ਹੀ ਲੱਭਦੇ ਰਹਿੰਦੇ ਹਾਂ, ਜੋ ਸਾਡੇ ਤੋਂ ਖੁੱਸ ਚੁੱਕੀ ਹੁੰਦੀ ਹੈ। ਬੀਤੇ ਵੇਲੇ ਨੂੰ ਯਾਦ ਕਰਕੇ ਅਸੀਂ ਆਪਣੇ ਆਉਣ ਵਾਲੇ ਸਮੇਂ ਦੇ ਹੁਸੀਨ ਪਲ ਗੁਆ ਬੈਠਦੇ ਹਾਂ। ਜ਼ਰੂਰੀ ਨਹੀਂ ਹੁੰਦਾ ਕਿ ਜੇ ਅੱਜ ਔਖਾ ਸਮਾਂ ਆਇਆ ਹੈ ਤਾਂ ਕੱਲ੍ਹ ਨੂੰ ਵੀ ਇਹੋ ਹੀ ਰਹੇ, ਕੀ ਪਤਾ ਪਰਮਾਤਮਾ ਨੇ ਤੁਹਾਡੇ ਲਈ ਚੰਗਾ ਸੋਚ ਰੱਖਿਆ ਹੋਵੇ। ਤੁਹਾਡੀ ਜ਼ਿੰਦਗੀ ਦੇ ਆਉਣ ਵਾਲੇ ਪਲ ਚੰਗੇ ਹੋਣ। ਮੈਂ ਇਹ ਨਹੀਂ ਕਹਿੰਦੀ ਕਿ ਪੁਰਾਣੇ ਸਮੇਂ ਨੂੰ ਭੁੱਲੋ ਪਰ ਨਾਲ ਲੈ ਕੇ ਵੀ ਜ਼ਿੰਦਗੀ ਨਹੀਂ ਲੰਘਦੀ ਕਿਉਂਕਿ ਅਸੀਂ ਓਨਾ ਸਮਾਂ ਆਪਣੀ ਜ਼ਿੰਦਗੀ ਵਿਚ ਨਵੀਆਂ ਚੀਜ਼ਾਂ ਨੂੰ, ਤਬਦੀਲੀਆਂ ਨੂੰ ਸਹਿਣ ਨਹੀਂ ਕਰ ਸਕਦੇ, ਅਪਣਾ ਨਹੀਂ ਸਕਦੇ ਜਿੰਨਾ ਸਮਾਂ ਅਸੀਂ ਭੂਤਕਾਲ ਵਿਚੋਂ ਬਾਹਰ ਨਹੀਂ ਆਉਂਦੇ।

ਸੋ ਭੂਤਕਾਲ ਨੂੰ ਇਕ ਕੋਨੇ ਵਿਚ ਰੱਖ ਕੇ ਹਮੇਸ਼ਾ ਅੱਗੇ ਬਾਰੇ ਸੋਚਣਾ ਸਿੱਖੋ। ਬੇਹੱਦ ਜ਼ਰੂਰੀ ਹੋ ਜਾਂਦਾ ਹੈ ਔਖੇ ਸਮੇਂ ਵਿਚ ਆਪਣੇ-ਆਪ ਨੂੰ ਮਜ਼ਬੂਤ ਬਣਾਉਣਾ। ਜੇਕਰ ਸਾਡੇ ਅੰਦਰ ਲੜਨ ਦੀ ਸ਼ਕਤੀ ਖ਼ਤਮ ਹੋ ਜਾਵੇਗੀ ਤਾਂ ਅਸੀਂ ਮੁਸੀਬਤਾਂ ਨਾਲ ਕਿਵੇਂ ਲੜ ਸਕਦੇ ਹਾਂ। ਮੁਸੀਬਤਾਂ ਤਾਂ ਜ਼ਿੰਦਗੀ ਵਿਚ ਪਾਣੀ ਦੇ ਵਹਾਅ ਦੀ ਤਰ੍ਹਾਂ ਆਉਂਦੀਆਂ ਰਹਿੰਦੀਆਂ ਹਨ ਤੇ ਸਾਹਸੀ ਬਹਾਦਰ ਲੋਕ ਉਨ੍ਹਾਂ ਨੂੰ ਪਾਰ ਕਰਦੇ ਜਾਂਦੇ ਹਨ। ਇਕ ਦਿਨ ਮੰਜ਼ਿਲ ਪ੍ਰਾਪਤ ਕਰ ਲੈਂਦੇ ਹਨ। ਜੇਕਰ ਤੁਸੀਂ ਮੁਸੀਬਤਾਂ ਨੂੰ ਪਾਰ ਕਰਦੇ ਹੋ ਤਾਂ ਤੁਸੀਂ ਜ਼ਿੰਦਗੀ ਵਿਚ ਆਉਣ ਵਾਲੀ ਹਰ ਚੁਣੌਤੀ ਨੂੰ ਸਵੀਕਾਰ ਰਕਰ ਸਕਦੇ ਹੋ।

ਮੁਸੀਬਤਾਂ, ਠੋਕਰਾਂ ਹੀ ਮਨੁੱਖ ਨੂੰ ਮਜ਼ਬੂਤ ਬਣਾਉਂਦੀਆਂ ਹਨ। ਸਿਆਣੇ ਕਹਿੰਦੇ ਹਨ ਕਿ ਠੋਕਰਾਂ ਖਾ ਕੇ ਅਕਲ ਆਉਂਦੀ ਹੈ। ਇਨਸਾਨ ਡਿਗ-ਡਿਗ ਕੇ ਹੀ ਸਵਾਰ ਹੁੰਦਾ ਹੈ। ਆਓ ਆਪਾਂ ਪ੍ਰਣ ਕਰੀਏ ਕਿ ਜੋ ਪਰਮਾਤਮਾ ਨੇ ਸਾਨੂੰ ਬੁੱਧੀ ਬਖ਼ਸ਼ੀ ਹੈ, ਅਸੀਂ ਉਸ ਦਾ ਪ੍ਰਯੋਗ ਕਰਕੇ ਮੁਸੀਬਤਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਕੇ ਹੌਸਲੇ ਨਾਲ ਪਾਰ ਕਰਨਾ ਸਿੱਖੀਏ। ਕਹਿੰਦੇ ਹਨ ਕਿ ਸਮੇਂ ਦੇ ਮਾੜੇ ਹਾਲਾਤ ਨੂੰ ਹੌਸਲੇ ਤੇ ਮਿਹਨਤ ਨਾਲ ਬਦਲਿਆ ਜਾ ਸਕਦਾ ਹੈ। ਆਓ ਅਸੀਂ ਵੀ ਆਪਣਾ ਸਮਾਂ ਮਿਹਨਤ ਤੇ ਹੌਸਲੇ ਨਾਲ ਬਦਲੀਏ। ਕਦੇ ਵੀ ਮੁਸੀਬਤਾਂ ਅੱਗੇ ਦਿਲ ਨਾ ਹਾਰੀਏ।

ਗਗਨਦੀਪ ਧਾਲੀਵਾਲ

# ਆਓ ਕਰੀਏ ਘਰੇਲੂ ਖ਼ਰਚਿਆਂ 'ਚ ਬੱਚਤ

* ਸਭ ਤੋਂ ਪਹਿਲਾਂ ਗ੍ਰਹਿਣੀ ਮਹੀਨੇਵਾਰ ਆਮਦਨ ਅਤੇ ਖਰਚ ਦਾ ਅਨੁਮਾਨ ਲਗਾਏ ਤਾਂ ਜੋ ਕਿਸੇ ਵੀ ਤਰ੍ਹਾਂ ਦੇ ਫ਼ਜ਼ੂਲ ਖਰਚੇ ਤੋਂ ਬਚਿਆ ਜਾ ਸਕੇ।

* ਬਾਜ਼ਾਰ ਵਿਚ ਖ਼ਰੀਦਦਾਰੀ ਕਰਦਿਆਂ ਇਕ ਸੂਚੀ ਘਰ ਤੋਂ ਹੀ ਬਣਾ ਕੇ ਲਿਜਾਈ ਜਾਵੇ ਤਾਂ ਜੋ ਫ਼ਾਲਤੂ ਖ਼ਰੀਦ ਤੋਂ ਬਚਿਆ ਜਾ ਸਕੇ।

* ਛੋਟੀ ਖ਼ਰੀਦਦਾਰੀ ਕਰਦਿਆਂ ਨਕਦ ਭੁਗਤਾਨ ਨੂੰ ਹੀ ਤਰਜੀਹ ਦਿੱਤੀ ਜਾਵੇ। ਅਜਿਹਾ ਕਰਨ ਨਾਲ ਬਾਕੀ ਬਚੇ ਧਨ ਦਾ ਪਤਾ ਲਗਦਾ ਰਹਿੰਦਾ ਹੈ।

* ਬੱਚਤ ਨੂੰ ਇਕ ਆਦਤ ਬਣਾਇਆ ਜਾਵੇ। ਹੋ ਸਕੇ ਤਾਂ ਮਹੀਨੇ ਦੇ ਸ਼ੁਰੂ ਵਿਚ ਹੀ ਆਮਦਨ ਵਿਚੋਂ ਬੱਚਤ ਨੂੰ ਅਲੱਗ ਰੱਖ ਕੇ ਬਾਕੀ ਬਚੇ ਧਨ ਨੂੰ ਖਰਚਿਆ ਜਾਵੇ।

* ਖ਼ਰੀਦਦਾਰੀ ਕਰਦਿਆਂ ਵਸਤਾਂ ਦੀਆਂ ਕੀਮਤਾਂ ਦੀ ਤੁਲਨਾ ਕਰ ਲਈ ਜਾਵੇ ਅਤੇ ਘੱਟ ਕੀਮਤ ਵਾਲੀ ਥਾਂ ਤੋਂ ਹੀ ਵਸਤਾਂ ਖ਼ਰੀਦੀਆਂ ਜਾਣ।

* ਸੰਤੁਲਿਤ ਅਤੇ ਪੌਸ਼ਟਿਕ ਖ਼ੁਰਾਕ ਨੂੰ ਹੀ ਆਪਣਾ ਭੋਜਨ ਬਣਾਇਆ ਜਾਵੇ। ਅਜਿਹਾ ਕਰਨ ਨਾਲ ਸਰੀਰ ਨੂੰ ਬਿਮਾਰੀਆਂ ਘੱਟ ਲਗਦੀਆਂ ਹਨ ਅਤੇ ਦਵਾਈਆਂ ਉੱਤੇ ਬੇਲੋੜਾ ਖ਼ਰਚ ਵੀ ਨਹੀਂ ਹੁੰਦਾ।

* ਸੇਲ ਜਾਂ ਛੋਟ ਉੱਤੇ ਮਿਲਦੀਆਂ ਚੀਜ਼ਾਂ ਖ਼ਰੀਦਣ ਦੀ ਆਦਤ ਪਾਈ ਜਾਵੇ।

* ਜ਼ਿੰਦਗੀ ਦੀਆਂ ਜ਼ਰੂਰਤਾਂ ਅਤੇ ਖਾਹਸ਼ਾਂ ਦੇ ਫਰਕ ਨੂੰ ਸਮਝਿਆ ਜਾਵੇ ਅਤੇ ਜ਼ਰੂਰਤਾਂ ਨੂੰ ਪੂਰਾ ਕਰਦਿਆਂ ਹੋਇਆਂ ਖਾਹਸ਼ਾਂ ਤੋਂ ਪਰਹੇਜ਼ ਕੀਤਾ ਜਾਵੇ।



* ਊਰਜਾ ਬਚਾਉਣ ਵਾਲੇ ਯੰਤਰਾਂ ਦੀ ਵਰਤੋਂ ਕੀਤੀ ਜਾਵੇ। ਏ.ਸੀ. ਵਰਗੇ ਖ਼ਰਚਾ ਵਧਾਉਣ ਵਾਲੇ ਸਾਧਨਾਂ ਦੀ ਵਰਤੋਂ ਲੋੜ ਪੈਣ 'ਤੇ ਹੀ ਕੀਤੀ ਜਾਵੇ।

* ਪਰਿਵਾਰਕ ਖਰਚਿਆਂ/ਲੋੜਾਂ ਨੂੰ ਵੱਖ-ਵੱਖ ਹਿੱਸਿਆਂ ਵਿਚ ਵੰਡ ਲਿਆ ਜਾਵੇ ਜਿਵੇਂ ਭੋਜਨ, ਬਿਜਲੀ ਦੇ ਬਿੱਲ, ਸਕੂਲ ਫ਼ੀਸ, ਦਵਾਈਆਂ ਦਾ ਖਰਚ, ਕੱਪੜਿਆਂ ਅਤੇ ਜੁੱਤੀਆਂ ਉੱਤੇ ਹੁੰਦੇ ਖ਼ਰਚ, ਕਰਜ਼ੇ ਉੱਤੇ ਬਣਦਾ ਵਿਆਜ (ਜੇ ਕੋਈ ਹੋਵੇ ਤਾਂ), ਮਨੋਰੰਜਨ ਖ਼ਰਚ, ਗਿਫ਼ਟ ਅਤੇ ਮੋਬਾਈਲ ਦੇ ਬਿੱਲ ਆਦਿ। ਅਤਿ ਜ਼ਰੂਰੀ ਖਰਚਿਆਂ ਨੂੰ ਪਹਿਲ ਦੇ ਕੇ ਬਾਕੀ ਖਰਚੇ ਵਿੱਤ ਅਨੁਸਾਰ ਕੀਤੇ ਜਾਣ।

* ਸਾਲ ਭਰ ਵਰਤੀਆਂ ਜਾਣ ਵਾਲੀਆਂ ਵਸਤਾਂ ਜਿਵੇਂ ਬੱਚਿਆਂ ਦੇ ਡਾਈਪਰ, ਅੰਡਰ ਗਾਰਮੈਂਟਸ ਆਦਿ ਇਕੱਠੇ ਹੀ ਖ਼ਰੀਦ ਕੇ ਰੱਖ ਲਏ ਜਾਣ।

* ਸਮਾਜਿਕ ਸੰਬੰਧ ਜਾਂ ਰਿਸ਼ਤੇਦਾਰੀਆਂ ਆਪਣੀ ਵਿੱਤ ਅਨੁਸਾਰ ਹੀ ਨਿਭਾਈਆਂ ਜਾਣ।

* ਜੁੱਤੀਆਂ ਅਤੇ ਕੱਪੜੇ ਆਦਿ ਹੰਢਣਸਾਰ ਹੀ ਖ਼ਰੀਦੇ ਜਾਣ।

* ਬਾਜ਼ਾਰ ਵਾਪਸੀ ਤੋਂ ਬਚੇ ਸਿੱਕਿਆਂ ਆਦਿ ਨੂੰ ਵੱਖਰੇ ਤੌਰ 'ਤੇ ਕਿਸੇ ਜਾਰ ਜਾਂ ਬਰਤਨ ਵਿਚ ਸੰਭਾਲਿਆ ਜਾਵੇ।

* ਕਾਰ ਅਤੇ ਘਰ ਆਦਿ ਜ਼ਿਆਦਾ ਖਰਚ ਵਾਲੀਆਂ ਚੀਜ਼ਾਂ ਹਨ ਜਿਨਾਂ ਨੂੰ ਖਰੀਦਣ ਲਈ ਲੰਮਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ, ਇਸ ਲਈ ਇਨ੍ਹਾਂ ਨੂੰ ਖਰੀਦਣ ਲਈ ਲੰਮੇ ਸਮੇਂ ਦੀ ਯੋਜਨਾ ਬਣਾ ਕੇ ਹੀ ਬੱਚਤ ਕੀਤੀ ਜਾਵੇ।

ਅਸ਼ਵਨੀ ਚਤਰਥ

# ਬੱਚਿਆਂ ਨੂੰ ਸੰਸਕਾਰ ਦੇਣ ਦਾ ਸਮਾਂ

ਚਾਰ-ਪੰਜ ਸਾਲ ਦੇ ਬੱਚੇ ਦਾ ਦਿਮਾਗ਼ ਕਾਫ਼ੀ ਹੱਦ ਤੱਕ ਵਿਕਸਿਤ ਹੋ ਜਾਂਦਾ ਹੈ ਅਤੇ ਬੱਚੇ ਹਰ ਗੱਲ ਨੂੰ ਸਮਝਣ ਦੀ ਕੋਸ਼ਿਸ਼ ਸ਼ੁਰੂ ਕਰ ਦਿੰਦੇ ਹਨ। ਇਹ ਹੀ ਉਹ ਉਮਰ ਹੁੰਦੀ ਹੈ ਜਿਸ ਉਮਰ ਤੋਂ ਬੱਚਾ ਸਿੱਖਣਾ ਸ਼ੁਰੂ ਕਰ ਦਿੰਦਾ ਹੈ ਅਤੇ ਬੱਚੇ ਹਰ ਗੱਲ 'ਤੇ ਸਵਾਲ ਵੀ ਕਰਦੇ ਹਨ।

ਬੱਚਿਆਂ ਦਾ ਮਨ ਸਾਫ਼ ਅਤੇ ਕੋਰੇ ਕਾਗਜ਼ ਵਾਂਗ ਹੁੰਦਾ ਹੈ, ਜਿਸ ਤਰ੍ਹਾਂ ਦਾ ਵੀ ਤੁਸੀਂ ਉਨ੍ਹਾਂ ਨੂੰ ਬਣਾਉਣਾ ਚਾਹੁੰਦੇ ਹੋ ਉਹ ਉਸੇ ਤਰ੍ਹਾਂ ਦੇ ਹੀ ਬਣ ਜਾਣਗੇ। ਬੱਚਿਆਂ ਨੂੰ ਸਹੀ ਸਮੇਂ ਵਿਚ ਸਹੀ ਸੰਸਕਾਰ ਦੇਣੇ ਚਾਹੀਦੇ ਹਨ। ਜ਼ਿਆਦਾਤਰ ਬੱਚੇ ਉਹ ਹੀ ਆਦਤਾਂ ਸਿੱਖਦੇ ਹਨ ਜੋ ਉਹ ਉਨ੍ਹਾਂ ਦੇ ਮਾਤਾ-ਪਿਤਾ ਦੀਆਂ ਆਦਤਾਂ ਹੁੰਦੀਆਂ ਹਨ। ਇਸ ਲਈ ਮਾਤਾ-ਪਿਤਾ ਨੂੰ ਵੀ ਚਾਹੀਦਾ ਹੈ ਕਿ ਉਹ ਬੱਚਿਆਂ ਦੇ ਸਾਹਮਣੇ ਸਹੀ ਢੰਗ ਨਾਲ ਪੇਸ਼ ਆਉਣ।



ਬਹੁਤ ਵਾਰ ਮਾਤਾ-ਪਿਤਾ ਇਹ ਸੋਚਦੇ ਹਨ ਕਿ ਬੱਚਾ ਅਜੇ ਛੋਟਾ ਹੈ। ਜੇਕਰ ਉਹ ਕੁਝ ਗ਼ਲਤ ਬੋਲਦਾ ਹੈ ਜਾਂ ਕੁਝ ਗ਼ਲਤ ਕਰਦਾ ਹੈ ਤਾਂ ਉਹ ਗੱਲ ਨੂੰ ਹਾਸੇ ਮਜ਼ਾਕ ਵਿਚ ਟਾਲ ਦਿੰਦੇ ਹਨ। ਪਰ ਮਾਤਾ-ਪਿਤਾ ਨੂੰ ਇੰਝ ਨਹੀਂ ਕਰਨਾ ਚਾਹੀਦਾ। ਬੱਚਿਆਂ ਨੂੰ ਚਾਰ-ਪੰਜ ਸਾਲ ਦੀ ਉਮਰ ਤੋਂ ਹੀ ਸਹੀ ਸੰਸਕਾਰ ਦੇਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਚਾਰ-ਪੰਜ ਸਾਲ ਦੇ ਬੱਚੇ ਦਾ ਦਿਮਾਗ਼ ਕਾਫ਼ੀ ਹੱਦ ਤੱਕ ਵਿਕਸਿਤ ਹੋ ਜਾਂਦਾ ਹੈ ਅਤੇ ਬੱਚੇ ਹਰ ਗੱਲ ਨੂੰ ਸਮਝਣ ਦੀ ਕੋਸ਼ਿਸ਼ ਸ਼ੁਰੂ ਕਰ ਦਿੰਦੇ ਹਨ। ਇਹ ਹੀ ਉਹ ਉਮਰ ਹੁੰਦੀ ਹੈ ਜਿਸ ਉਮਰ ਤੋਂ ਬੱਚਾ ਸਿੱਖਣਾ ਸ਼ੁਰੂ ਕਰ ਦਿੰਦਾ ਹੈ ਅਤੇ ਬੱਚੇ ਹਰ ਗੱਲ 'ਤੇ ਸਵਾਲ ਵੀ ਕਰਦੇ ਹਨ। ਇਸ ਕਰਕੇ ਬੱਚੇ ਨੂੰ ਇਸ ਉਮਰ ਵਿਚ ਹੀ ਸੰਸਕਾਰ ਦੇਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਇਸ ਉਮਰ ਵਿਚ ਬੱਚੇ ਤੁਹਾਡੀ ਗੱਲ ਨੂੰ ਧਿਆਨ ਨਾਲ ਸੁਣਦੇ ਹਨ ਅਤੇ ਉਹ ਉਸੇ ਤਰ੍ਹਾਂ ਹੀ ਕਰਦੇ ਹਨ।

ਜੇਕਰ ਬੱਚੇ ਦੇ ਵੱਡੇ ਹੋ ਜਾਣ ਤੋਂ ਬਾਅਦ ਤੁਸੀਂ ਸੰਸਕਾਰ ਦੇਵੋਗੇ ਤਾਂ ਹੋ ਸਕਦਾ ਹੈ ਬੱਚੇ ਤੁਹਾਡੀ ਗੱਲ ਨਾ ਸੁਣਨ। ਮਾਤਾ-ਪਿਤਾ ਨੂੰ ਵੀ ਚਾਹੀਦਾ ਹੈ ਕਿ ਜੇਕਰ ਤੁਹਾਡੇ ਵਿਚ ਕੋਈ ਮਾੜੀ ਆਦਤ ਹੈ ਤਾਂ ਬੱਚੇ ਵੀ ਤੁਹਾਡੇ ਤੋਂ ਅਜਿਹੀਆਂ ਮਾੜੀਆਂ ਆਦਤਾਂ ਸਿੱਖ ਸਕਦੇ ਹਨ। ਇਸ ਕਰਕੇ ਇਨ੍ਹਾਂ ਮਾੜੀਆਂ ਆਦਤਾਂ ਨੂੰ ਛੱਡ ਕੇ ਬੱਚਿਆਂ ਨੂੰ ਚੰਗੇ ਸੰਸਕਾਰ ਦੇਣੇ ਚਾਹੀਦੇ ਹਨ ਤਾਂ ਜੋ ਤੁਹਾਨੂੰ ਬਾਅਦ ਵਿਚ ਦੁਖੀ ਨਾ ਹੋਣਾ ਪਵੇ।



ਕੰਚਨ ਕੁਮਾਰੀ ਲਾਂਬਾ

# ਗੱਲੀਂ ਬਾਤੀਂ ਮੈਂ ਵੱਡੀ, ਕਰਤੂਤੀਂ ਵੱਡੀ ਜੇਠਾਣੀ

ਕਾਗਜ਼ਾਂ ਵਿੱਚ ਕਾਨੂੰਨਾਂ ਦੀ ਝੜੀ ਲੱਗੀ ਹੋਈ ਹੈ। ਕਿਧਰੇ ਨਾਰੀ ਦੇ ਹੱਕ ਵਿੱਚ ਹੁੰਕਾਰ ਭਰੀ ਜਾ ਰਹੀ ਹੈ, ਕਿਧਰੇ "ਪਰਸੀਮਨ" ਕਾਨੂੰਨ ਲਿਆਉਣ ਲਈ ਕੇਂਦਰੀ ਹਾਕਮ ਪੱਬਾਂ ਭਾਰ ਹਨ। ਪਰ ਜ਼ਮੀਨੀ ਪੱਧਰ 'ਤੇ ਚਹੁੰ ਕੁੰਟੀ ਅਸੰਤੋਸ਼ ਦੀ ਜੁਆਲਾ ਭੜਕ ਰਹੀ ਹੈ।

ਕਾਗਜ਼ਾਂ 'ਤੇ ਬਣਦੇ ਇਹ ਵੱਡੇ-ਵੱਡੇ ਦਾਅਵੇ ਅਤੇ ਐਲਾਨ ਹਕੀਕਤ ਦੀ ਕਸੌਟੀ 'ਤੇ ਖਰੇ ਨਹੀਂ ਉਤਰਦੇ ਹਨ। ਗੱਲਾਂ ਵਿੱਚ ਵੱਡੇ ਬਣਨ ਵਾਲੀ ਇਹ ਪ੍ਰਣਾਲੀ, ਕਰਤੂਤਾਂ ਵਿੱਚ ਮਜ਼ਦੂਰ ਤੇ ਆਮ ਇਨਸਾਨ ਦੇ ਹੱਕਾਂ ਨੂੰ ਪਿੱਛੇ ਧੱਕ ਰਹੀ ਹੈ-ਇਸੇ ਲਈ ਇਹ ਅਖਾਣ ਅੱਜ ਦੇ ਹਾਲਾਤਾਂ 'ਤੇ ਬਿਲਕੁਲ ਖਰਾ ਉਤਰਦਾ ਹੈ।

ਸਿਆਸਤਦਾਨਾਂ ਵੱਲੋਂ ਘੜੇ ਕਾਨੂੰਨ ਗੱਲੀਂ ਬਾਤੀਂ ਬੇਸ਼ੱਕ ਬਹੁਤ ਵੱਡੇ ਤੇ ਨਿਆਂਪੂਰਨ ਦੱਸੇ ਜਾਂਦੇ ਹਨ, ਪਰ ਹਕੀਕਤ ਵਿੱਚ ਛੋਟੇ ਕਾਨੂੰਨ ਹਨ।

ਪਹਿਲਾਂ ਪਾਸ ਹੋਇਆ ਮਜ਼ਦੂਰਾਂ ਦੇ ਹੱਕ ਖੋਂਹਦਾ ਲੇਬਰ ਕਾਨੂੰਨ ਕਟਹਿਰੇ 'ਚ ਹੈ। ਕਿਧਰੇ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਦੇਸ਼ ਦੀ ਵਿਰੋਧੀ ਧਿਰ ਨੇ ਰਾਖਵਾਂਕਰਨ ਬਿੱਲ ਰੋਕ ਕੇ ਔਰਤਾਂ ਦੇ ਸੁਪਨਿਆਂ ਨੂੰ ਕੁਚਲਿਆ ਹੈ, ਭਰੂਣ ਹੱਤਿਆ ਕੀਤੀ ਹੈ,ਜਿਸਨੂੰ ਉਹ ਗੰਭੀਰ ਅਨਿਆਂ ਤੇ ਪਾਪ ਦੱਸਦੇ ਹਨ। ਦੂਜੇ ਪਾਸੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਪਰਸੀਮਨ ਯੋਜਨਾ ਨੂੰ ਦੇਸ਼ ਨੂੰ ਵੰਡਣ ਦੀ ਸਾਜ਼ਿਸ਼ ਕਰਾਰ ਦਿੰਦੀ ਹੈ। ਕਾਂਗਰਸੀ ਨੇਤਾਵਾਂ ਅਨੁਸਾਰ ਇਹ ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਹੈ, ਜਿਸ ਨੂੰ ਵਿਰੋਧੀ ਧਿਰ ਨੇ ਇਕਜੁੱਟ ਹੋ ਕੇ ਰੋਕਿਆ।

ਇਹ ਸਿਰਫ਼ ਨਾਰੀ ਜਾਂ ਰਾਜਨੀਤੀ ਤੱਕ ਸੀਮਤ ਨਹੀਂ, ਮਜ਼ਦੂਰ ਵਰਗ ਵੀ ਇਸਦਾ ਸਿੱਧਾ ਸ਼ਿਕਾਰ ਬਣ ਰਿਹਾ ਹੈ। ਮਜ਼ਦੂਰਾਂ ਵਿਰੋਧੀ ਲੇਬਰ ਕਾਨੂੰਨਾਂ, ਘੱਟ ਮਜ਼ਦੂਰੀ, ਲੰਮੇ ਕੰਮ ਦੇ ਘੰਟਿਆਂ ਅਤੇ ਕਾਰਪੋਰੇਟਾਂ ਵੱਲੋਂ ਹੋ ਰਹੇ ਵਿਆਪਕ ਸ਼ੋਸ਼ਣ ਵਿਰੁੱਧ ਨੋਇਡਾ 'ਚ ਧਰਨਾ ਸ਼ੁਰੂ ਹੋਇਆ। ਦੇਸ਼ ਦੀਆਂ ਕਈ ਉਦਯੋਗਿਕ ਇਕਾਈਆਂ ਦੇ ਮਜ਼ਦੂਰ ਸੰਘਰਸ਼ ਲਈ ਸੜਕ 'ਤੇ ਉੱਤਰ ਆਏ।

ਮਜ਼ਦੂਰਾਂ ਦੀ ਮੰਗ ਸਾਫ਼ ਸੀ- 08 ਘੰਟੇ ਕੰਮ, 20 ਹਜ਼ਾਰ ਰੁਪਏ ਮਹੀਨਾ ਤਨਖਾਹ, ਓਵਰਟਾਈਮ ਦਾ ਦੁੱਗਣਾ ਭੁਗਤਾਨ ਅਤੇ ਹਫ਼ਤਾਵਾਰੀ ਛੁੱਟੀ। ਨੋਇਡਾ ਦੇ ਹੋਜ਼ਰੀ ਕੰਪਲੈਕਸ ਵਿੱਚ ਸਾਹੂ ਐਕਸਪੋਰਟ , ਮਦਰਧਨ ਆਟੋਮੋਬਾਈਲ ਪਾਰਟਸ ਸਮੇਤ ਸੈਂਕੜੇ ਹੋਰ ਕਾਰਖਾਨਿਆਂ ਦੇ ਮਜ਼ਦੂਰ ਇਕੱਠੇ ਹੋ ਗਏ। ਪ੍ਰਸ਼ਾਸਨ ਨੇ ਚਾਰ ਦਿਨ ਤੱਕ ਸਮਝੌਤਿਆਂ ਦੇ ਭਰੋਸੇ ਦਿੱਤੇ, ਪਰ ਵਾਅਦਾ ਖ਼ਿਲਾਫ਼ੀ ਨਾਲ ਸਬਰ ਦਾ ਕੜ ਟੁੱਟ ਗਿਆ। 13 ਅਪ੍ਰੈਲ ਨੂੰ ਹਿੰਸਾ ਭੜਕੀ, ਵਾਹਨਾਂ ਨੂੰ ਅੱਗ ਲਗਾਈ ਗਈ ਅਤੇ ਐਨ.ਐੱਚ-9 ਦਿੱਲੀ-ਮੇਰਠ ਐਕਸਪ੍ਰੈਸਵੇ ਜਾਮ ਕਰ ਦਿੱਤਾ ਗਿਆ।

ਇਹੋ ਜਿਹੇ ਹਾਲਾਤ ਪਹਿਲਾਂ ਵੀ ਸੂਰਤ, ਝਾਂਸੀ ਅਤੇ ਪਾਣੀਪਤ ਵਿੱਚ ਵੇਖੇ ਜਾ ਚੁੱਕੇ ਹਨ। ਭਾਵੇਂ ਨੋਇਡਾ ਦਾ ਮਾਮਲਾ ਕੁਝ ਵਾਧੇ ਨਾਲ ਥੋੜ੍ਹਾ ਠੰਢਾ ਪਿਆ, ਪਰ ਮਜ਼ਦੂਰ ਅਜੇ ਵੀ ਅਸੰਤੁਸ਼ਟ ਹਨ। ਉਹਨਾਂ ਦਾ ਕਹਿਣਾ ਹੈ ਕਿ ਘੋਸ਼ਣਾਵਾਂ ਤਾਂ ਬਹੁਤ ਹੁੰਦੀਆਂ ਹਨ, ਪਰ ਜ਼ਮੀਨ 'ਤੇ ਬਦਲਾਅ ਨਜ਼ਰ ਨਹੀਂ ਆਉਂਦਾ।



ਕੇਂਦਰ ਸਰਕਾਰ ਵੱਲੋਂ 2019-20 ਵਿੱਚ ਬਣਾਏ 40 ਪੁਰਾਣੇ ਕਾਨੂੰਨਾਂ ਨੂੰ ਸਮੇਟ ਕੇ 04 ਨਵੇਂ ਲੇਬਰ ਕੋਡ ਲਿਆਂਦੇ ਗਏ, ਜਿਨ੍ਹਾਂ ਦੇ ਲਾਗੂ ਹੋਣ ਬਾਰੇ ਵੱਡੇ ਦਾਅਵੇ ਕੀਤੇ ਗਏ। ਇਹ ਕਾਨੂੰਨ ਸਨ-ਮਜ਼ਦੂਰੀ ਸੰਹਿਤਾ 2019, ਉਦਯੋਗਿਕ ਸੰਬੰਧ ਸੰਹਿਤਾ 2020, ਸਮਾਜਿਕ ਸੁਰੱਖਿਆ ਸੰਹਿਤਾ 2020 ਅਤੇ ਵਿਵਸਾਇਕ ਸੁਰੱਖਿਆ, ਸਿਹਤ ਅਤੇ ਕਾਰਜ ਸਥਿਤੀ ਸੰਹਿਤਾ 2020 । ਇਹ 21 ਨਵੰਬਰ 2025 ਨੂੰ ਮੁੜ ਸੋਧ ਕਰਕੇ ਪ੍ਰਭਾਵਸ਼ੀਲ ਬਣਾਉਣ ਦੀ ਗੱਲ ਆਖੀ ਗਈ। ਮਜ਼ਦੂਰਾਂ ਨੂੰ ਉਮੀਦ ਸੀ ਕਿ ਉਹਨਾਂ ਦੀ ਜ਼ਿੰਦਗੀ ਵਿੱਚ ਸੁਧਾਰ ਆਵੇਗਾ, ਪਰ ਅਸਲ ਹਾਲਾਤ ਵਿੱਚ ਕੋਈ ਵੱਡਾ ਫਰਕ ਨਹੀਂ ਪਿਆ। ਮਜ਼ਦੂਰਾਂ ਨੂੰ ਆਸ ਸੀ ਕਿ ਪਹਿਲੀ ਅਪ੍ਰੈਲ 2026 ਨੂੰ ਤਨਖਾਹ ਵਿੱਚ ਸੰਸ਼ੋਧਿਤ ਵਾਧਾ ਹੋਏਗਾ,ਪਰ ਇੰਝ ਨਾ ਹੋਇਆ। ਕੇਂਦਰ ਸਰਕਾਰ ਨੇ ਆਪਣੀ ਇੱਕ ਰਿਪੋਰਟ ਅਨੁਸਾਰ ਤਨਖ਼ਾਹ 176 ਰੁਪਏ ਪ੍ਰਤੀ ਦਿਨ ਦੀ ਥਾਂ 375 ਰੁਪਏ ਕਰਨ ਦੀ ਸਿਫ਼ਾਰਸ਼ ਕੀਤੀ, ਪਰ ਇਹ ਫਾਈਲਾਂ 'ਚ ਧੂੜ ਫੱਕ ਰਹੀ ਹੈ।ਕਈ ਸਿਫਾਰਸਾਂ ਫਾਈਲਾਂ ਵਿੱਚ ਹੀ ਦੱਬੀਆਂ ਰਹਿ ਗਈਆਂ। ਇਕ ਕਾਨੂੰਨ ਆਨਲਾਈਨ ਲਾਗੂ ਕਰਨ ਦੀ ਗੱਲ ਆਖੀ ਗਈ। ਆਨਲਾਈਨ ਪ੍ਰਣਾਲੀ ਲਾਗੂ ਕਰਨ ਨਾਲ ਨਿਰੀਖਣ ਪ੍ਰਕਿਰਿਆ ਕਮਜ਼ੋਰ ਹੋਈ, ਇੰਸਪੈਕਟਰੀ ਵਿਵਸਥਾ ਨੂੰ ਖੋਰਾ ਲੱਗਿਆ ਅਤੇ ਉਦਯੋਗਪਤੀਆਂ ਨੂੰ ਖੁੱਲ੍ਹੀ ਛੂਟ ਮਿਲ ਗਈ। ਸਵੇਰੇ 8 ਵਜੇ ਘਰੋਂ ਨਿਕਲਣ ਵਾਲਾ ਮਜ਼ਦੂਰ ਸ਼ਾਮ ਨੂੰ ਥੱਕਿਆ ਹਾਰਿਆ ਵਾਪਸ ਆਉਂਦਾ ਹੈ, ਪਰ ਉਸਦੀ ਮਿਹਨਤ ਦੇ ਬਦਲੇ ਉਸਨੂੰ ਨਾ ਇਨਸਾਫ਼ ਮਿਲਦਾ ਹੈ, ਨਾ ਇੱਜ਼ਤ-ਸਿਰਫ਼ ਗੁਜ਼ਾਰੇ ਦੀ ਜੰਗ ਮਿਲਦੀ ਹੈ। ਕਾਨੂੰਨਾਂ ਨੇ 12 ਘੰਟੇ ਤੱਕ ਦੀ ਮਜ਼ਦੂਰੀ ਨੂੰ ਕਾਨੂੰਨੀ ਮੰਨ ਲਿਆ। ਨਾਲ ਹੀ ਸਿਹਤ ਸੁਰੱਖਿਆ ਲਈ ਕਾਨੂੰਨੀ ਪ੍ਰਵਾਧਾਨ 10 ਤੋਂ 20 ਕਰਮਚਾਰੀਆਂ ਤੋਂ ਵਧਾ ਕੇ 20 ਤੋਂ 40 ਤੱਕ ਕਰ ਦਿੱਤੇ। ਕੰਮ ਦੇ ਘੰਟੇ ਵਧਾਉਣ ਅਤੇ ਕਾਨੂੰਨੀ ਦਾਇਰੇ ਨੂੰ ਘਟਾਉਣ ਨਾਲ ਛੋਟੀਆਂ ਫੈਕਟਰੀਆਂ ਦੀ ਵੱਡੀ ਗਿਣਤੀ ਨਿਗਰਾਨੀ ਤੋਂ ਬਾਹਰ ਰਹਿ ਗਈ। ਤਨਖਾਹਾਂ ਵਿੱਚ ਵੀ ਵੱਡੀ ਅਸਮਾਨਤਾ ਵੇਖਣ ਨੂੰ ਮਿਲਦੀ ਹੈ। ਇੱਕੋ-ਜਿਹੇ ਕੰਮ ਲਈ ਵੱਖ-ਵੱਖ ਸੂਬਿਆਂ ਵਿੱਚ ਵੱਖਰੇ ਮਾਪਦੰਡ ਹਨ। ਮਜ਼ਦੂਰ ਜਦੋਂ ਇਹ ਤੁਲਨਾ ਕਰਦੇ ਹਨ ਤਾਂ ਉਹਨਾਂ ਵਿੱਚ ਅਸੰਤੋਸ ਵਧਣਾ ਸੁਭਾਵਿਕ ਹੈ। ਉੱਤਰ ਪ੍ਰਦੇਸ਼ ਵਿੱਚ ਪਿਛਲੀ ਮੂਲ ਤਨਖਾਹ 'ਚ 2012 'ਚ ਵਾਧਾ ਹੋਇਆ ਸੀ-ਭਾਵ 14 ਸਾਲ ਪਹਿਲਾਂ। ਹੈਰਾਨ ਹੋਣ ਵਾਲੀ ਗੱਲ ਨਹੀਂ ਕਿ ਇਹਨਾਂ 14 ਸਾਲਾਂ 'ਚ ਮਜ਼ਦੂਰੀ ਨਹੀਂ ਵਧੀ। ਮਹਿੰਗਾਈ ਭੱਤੇ ਵਿੱਚ ਮਾਮੂਲੀ ਵਾਧਾ ਹੁੰਦਾ ਰਿਹਾ।

ਸਿਤਮ ਦੀ ਗੱਲ ਹੈ ਕਿ ਦਿੱਲੀ ਵਿੱਚ ਘੱਟੋ-ਘੱਟ ਮਜ਼ਦੂਰੀ 19,846, ਹਰਿਆਣਾ 'ਚ 15,220, ਉੱਤਰ ਪ੍ਰਦੇਸ਼ 'ਚ 11,313 ਅਤੇ ਰਾਜਸਥਾਨ ਵਿੱਚ ਸਿਰਫ਼ 7,410 ਰੁਪਏ ਹੈ। ਇਹ ਸੂਬੇ ਇੱਕ ਦੂਜੇ ਨਾਲ ਸਰਹੱਦੀ ਸਾਂਝ ਵਾਲੇ ਹਨ। ਮਜ਼ਦੂਰ ਇਧਰ-ਉਧਰ ਕੰਮ ਕਰਦੇ ਹਨ ਅਤੇ ਤੁਲਨਾਤਮਕ ਤੌਰ 'ਤੇ ਮਹਿਸੂਸ ਕਰਦੇ ਹਨ ਕਿ ਉਹਨਾਂ ਨੂੰ ਠੱਗਿਆ ਜਾ ਰਿਹਾ ਹੈ। ਕਈ ਥਾਵਾਂ 'ਤੇ ਸਾਲਾਂ ਤੋਂ ਮਜ਼ਦੂਰੀ ਵਿੱਚ ਕੋਈ ਵੱਡਾ ਵਾਧਾ ਨਹੀਂ ਹੋਇਆ, ਜਦਕਿ ਮਹਿੰਗਾਈ ਲਗਾਤਾਰ ਵਧ ਰਹੀ ਹੈ। ਕੀ ਇਹੀ ਹੈ ਉਹ ਵਿਕਾਸ, ਜਿਸਦਾ ਸੁਪਨਾ ਦੇਸ਼ ਦੇ ਮਜ਼ਦੂਰਾਂ ਨੂੰ ਦਿਖਾਇਆ ਜਾਂਦਾ ਹੈ?

ਹਰਿਆਣਾ ਵਿੱਚ ਪਹਿਲਾਂ ਮਜ਼ਦੂਰੀ 11,274 ਸੀ, ਜੋ ਵਧਾ ਕੇ 1 ਅਪ੍ਰੈਲ 2026 ਨੂੰ 15,220 ਕੀਤੀ ਗਈ। ਗੱਲੀਂ-ਬਾਤੀਂ ਗੱਲਾਂ ਕਰਨ ਵਾਲੀ ਨੀਤੀ ਤਹਿਤ ਦੇਸ਼ ਵਿੱਚ ਕਾਰਪੋਰੇਟਾਂ ਨੂੰ ਖ਼ੁਸ਼ ਕਰਨ ਲਈ ਜਿੱਥੇ ਕੰਮ ਦੇ ਘੰਟੇ ਵਧਾਏ ਗਏ, ਘੱਟੋ-ਘੱਟ ਉਜਰਤ ਲਾਗੂ ਨਾ ਕਰਨ ਦੀ ਨੀਤੀ 'ਤੇ ਟਾਲਮਟੋਲ ਕੀਤਾ ਗਿਆ, ਉੱਥੇ ਠੇਕੇਦਾਰੀ ਸਿਸਟਮ ਨੂੰ ਲਗਾਤਾਰ ਉਤਸ਼ਾਹਿਤ ਕੀਤਾ ਗਿਆ।

ਸਾਲ 2019-20 ਵਿੱਚ 38 ਫ਼ੀਸਦੀ ਤੋਂ ਵੱਧ ਕੇ 2023-24 ਵਿੱਚ 42 ਫ਼ੀਸਦੀ ਤੱਕ ਠੇਕੇਦਾਰੀ ਸਿਸਟਮ 'ਚ ਮਜ਼ਦੂਰਾਂ ਦੀ ਸੰਖਿਆ ਵਧੀ। ਇਹਨਾਂ ਮਜ਼ਦੂਰਾਂ 'ਤੇ ਕੋਈ ਕਾਨੂੰਨ ਹੀ ਲਾਗੂ ਨਹੀਂ ਹੁੰਦਾ।

ਹੱਕ ਲਈ ਹੁੰਕਾਰ ਭਰਦੇ ਭਾਰਤੀ ਮਜ਼ਦੂਰਾਂ ਦੀ ਸਥਿਤੀ ਅਤਿਅੰਤ ਤਰਸਯੋਗ ਹੈ। ਵਿੱਤੀ ਸਾਲ 2017 ਤੋਂ 2026 ਤੱਕ ਐੱਸ.ਬੀ.ਆਈ ਰਿਸਰਚ ਰਿਪੋਰਟ ਅਨੁਸਾਰ ਭਾਰਤ ਵਿੱਚ ਮਜ਼ਦੂਰੀ ਵਾਧਾ ਔਸਤਨ ਸਿਰਫ 0.23 ਰਿਹਾ-ਜਾਣੀ ਸਿਫ਼ਰ, ਇੱਕ ਵੱਡਾ ਜ਼ੀਰੋ। ਆਈ.ਐੱਲ.ਓ ਦੀ ਇੰਡੀਆ ਰੁਜ਼ਗਾਰ ਰਿਪੋਰਟ 2024 ਦੱਸਦੀ ਹੈ ਕਿ 2012 ਤੋਂ 2022 ਦੇ ਸਮੇਂ 'ਚ ਨਿਯਮਤ ਮਜ਼ਦੂਰਾਂ ਦੀ ਅਸਲ ਮਜ਼ਦੂਰੀ ਜਾਂ ਤਾਂ ਸਥਿਰ ਰਹੀ ਜਾਂ ਫਿਰ ਘੱਟ ਗਈ। ਆਈ.ਐਲ.ਓ. ਅਨੁਸਾਰ 90 ਫ਼ੀਸਦੀ ਮਜ਼ਦੂਰ ਗੈਰ-ਸੰਗਠਿਤ ਖੇਤਰ 'ਚ ਹਨ-ਇਹੀ ਇਸ ਸਥਿਤੀ ਦੀ ਮੂਲ ਜੜ੍ਹ ਹੈ। ਇਸ ਲਈ ਮਜ਼ਦੂਰ ਯੂਨੀਅਨਾਂ ਨੂੰ ਮਜ਼ਬੂਤ ਬਣਾਉਣਾ ਅਤੇ ਉਹਨਾਂ ਦੀ ਆਵਾਜ਼ ਨੂੰ ਨੀਤੀ ਘਾੜਿਆਂ ਤੱਕ ਪਹੁੰਚਾਉਣਾ ਵੀ ਬਹੁਤ ਜ਼ਰੂਰੀ ਹੈ। ਠੇਕੇਦਾਰੀ ਪ੍ਰਣਾਲੀ ਦੇ ਫੈਲਾਅ ਨਾਲ ਮਜ਼ਦੂਰਾਂ ਦੀ ਸੁਰੱਖਿਆ ਹੋਰ ਘਟ ਗਈ ਹੈ। ਇਸ ਤਹਿਤ ਕੰਮ ਕਰਨ ਵਾਲੇ ਕਈ ਮਜ਼ਦੂਰ ਬੁਨਿਆਦੀ ਕਾਨੂੰਨੀ ਸੁਰੱਖਿਆ ਤੋਂ ਵੀ ਵਾਂਝੇ ਹਨ। ਇਹ ਹਾਲਾਤ ਉਹਨਾਂ ਦੀ ਆਰਥਿਕ ਅਤੇ ਸਮਾਜਿਕ ਅਸਥਿਰਤਾ ਨੂੰ ਹੋਰ ਗੰਭੀਰ ਬਣਾਉਂਦੇ ਹਨ।

ਵੱਖ-ਵੱਖ ਰਿਪੋਰਟਾਂ ਵੀ ਦਰਸਾਉਂਦੀਆਂ ਹਨ ਕਿ ਮਜ਼ਦੂਰੀ ਵਾਧਾ ਬਹੁਤ ਹੀ ਘੱਟ ਰਿਹਾ ਹੈ ਅਤੇ ਗੈਰ-ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਹਾਲਤ ਹੋਰ ਵੀ ਨਾਜ਼ੁਕ ਹੈ। ਖੇਤੀ ਅਤੇ ਨਿਰਮਾਣ ਖੇਤਰ ਵਿੱਚ ਬਹੁਤ ਸਾਰੇ ਮਜ਼ਦੂਰ ਘੱਟੋ-ਘੱਟ ਤਨਖਾਹ ਤੋਂ ਵੀ ਘੱਟ 'ਤੇ ਕੰਮ ਕਰ ਰਹੇ ਹਨ ਅਤੇ ਸਮਾਜਿਕ ਸੁਰੱਖਿਆ ਦੇ ਲਾਭਾਂ ਤੋਂ ਵੀ ਵਾਂਝੇ ਹਨ। ਇੱਕ ਰਿਪੋਰਟ ਅਨੁਸਾਰ 2022 ਤੋਂ ਖੇਤੀ ਖੇਤਰ ਵਿੱਚ 62 ਫ਼ੀਸਦੀ ਅਤੇ ਨਿਰਮਾਣ ਖੇਤਰ 'ਚ 70 ਫ਼ੀਸਦੀ ਗੈਰ-ਹੁਨਰਮੰਦ ਕਾਮਿਆਂ ਦੀ ਦਿਹਾੜੀ ਘੱਟੋ-ਘੱਟ ਤਨਖਾਹ ਤੋਂ ਵੀ ਘੱਟ ਹੈ। ਰਿਪੋਰਟ ਦਾ ਇਹ ਕਹਿਣਾ ਵੀ ਚਿੰਤਾਜਨਕ ਹੈ ਕਿ ਦੇਸ਼ ਵਿੱਚ 53.4 ਫ਼ੀਸਦੀ ਖੇਤੀ ਕਾਮੇ ਸਮਾਜਿਕ ਸੁਰੱਖਿਆ ਦੇ ਲਾਭ ਦੇ ਪਾਤਰ ਹੀ ਨਹੀਂ ਹਨ।

ਸਿਰਫ਼ ਕੇਂਦਰ ਹੀ ਨਹੀਂ, ਸੂਬਾ ਸਰਕਾਰਾਂ ਵੀ ਮਜ਼ਦੂਰ ਕਾਨੂੰਨਾਂ ਨੂੰ ਲਾਗੂ ਕਰਨ ਵਿੱਚ ਪੂਰੀ ਤਰ੍ਹਾਂ ਸੰਵੇਦਨਸ਼ੀਲ ਨਹੀਂ ਜਾਪਦੀਆਂ। ਇਹ ਵੀ ਆਪਣੇ ਹਿੱਤਾਂ ਦੀ ਖਾਤਰ ਮਜ਼ਦੂਰਾਂ ਦੇ ਹਿੱਤਾਂ ਨੂੰ ਛਿੱਕੇ ਟੰਗ ਦਿੰਦੀਆਂ ਹਨ। ਕਈ ਵਿਸ਼ਲੇਸ਼ਕਾਂ ਦੇ ਅਨੁਸਾਰ, ਆਰਥਿਕ ਹਿੱਤਾਂ ਅਤੇ ਉਦਯੋਗਪਤੀਆਂ ਦੇ ਦਬਾਅ ਕਾਰਨ ਮਜ਼ਦੂਰਾਂ ਦੇ ਹਿੱਤ ਪਿੱਛੇ ਰਹਿ ਜਾਂਦੇ ਹਨ। ਉਹ ਅੰਤਰਰਾਸ਼ਟਰੀ ਕਾਨੂੰਨ ਜਿਹੜਾ ਮਜ਼ਦੂਰਾਂ ਨੂੰ ਵੱਡੇ ਸੰਘਰਸ਼ ਤੋਂ ਬਾਅਦ ਅੱਠ ਘੰਟੇ ਦੀ ਦਿਹਾੜੀ ਮਜ਼ਦੂਰੀ ਤੱਕ ਸੀਮਤ ਕਰਦਾ ਹੈ, ਉਸ ਨੂੰ ਕੇਂਦਰ ਸਰਕਾਰ ਨੇ ਪੈਰਾਂ ਹੇਠ ਮਿੱਧ ਦਿੱਤਾ।

ਨਤੀਜੇ ਵਜੋਂ ਮਜ਼ਦੂਰ ਆਰਥਿਕ ਤੌਰ 'ਤੇ ਪਿਸ ਰਿਹਾ ਹੈ ਅਤੇ ਉਸ ਵਿੱਚ ਅਸੰਤੋਸ਼ ਪੈਦਾ ਹੋ ਰਿਹਾ ਹੈ। ਇਹ ਅਸੰਤੋਸ਼ ਉਸਦੀ ਜ਼ਿੰਦਗੀ ਦੀਆਂ ਮੁਸ਼ਕਲਾਂ ਦਾ ਸਿੱਧਾ ਦਰਪਣ ਹੈ-ਤਨਖਾਹਾਂ ਦੀ ਅਸਮਾਨਤਾ, ਵਧਦੀ ਜੀਵਨ ਲਾਗਤ, ਠੇਕਾ ਪ੍ਰਥਾ ਅਤੇ ਸ਼ਿਕਾਇਤ ਨਿਵਾਰਣ ਦੀ ਕਮੀ।

ਕਈ ਥਾਵਾਂ 'ਤੇ ਮਜ਼ਦੂਰਾਂ ਨੂੰ ਬਿਮਾਰੀ ਦੀ ਛੁੱਟੀ, ਢੰਗ ਦੀ ਬਰੇਕ ਜਾਂ ਹੋਰ ਬੁਨਿਆਦੀ ਸਹੂਲਤਾਂ ਵੀ ਪ੍ਰਾਪਤ ਨਹੀਂ। ਇਸ ਤਰ੍ਹਾਂ ਦੇ ਕੰਮਕਾਜੀ ਮਾਹੌਲ ਵਿੱਚ ਮਜ਼ਦੂਰ ਸਿਰਫ਼ ਇੱਕ ਮਸ਼ੀਨ ਬਣ ਕੇ ਰਹਿ ਜਾਂਦਾ ਹੈ।

ਗੱਲੀਂ-ਬਾਤੀਂ ਕੁਝ ਨਹੀਂ ਸੌਰਦਾ। ਲੋੜ ਹੈ ਕਿ ਲੇਬਰ ਕਾਨੂੰਨ ਸਿਰਫ਼ ਕਾਗਜ਼ਾਂ ਤੱਕ ਸੀਮਤ ਨਾ ਰਹਿਣ, ਸਗੋਂ ਉਹਨਾਂ ਨੂੰ ਅਮਲ ਵਿੱਚ ਲਿਆਉਣ ਯੋਗ ਬਣਾਇਆ ਜਾਵੇ। ਦਫ਼ਤਰਾਂ ਅਤੇ ਕਾਰਖਾਨਿਆਂ ਦਾ ਨਿਯਮਿਤ ਨਿਰੀਖਣ ਹੋਵੇ, ਕੰਮ ਦੇ ਘੰਟੇ ਮਨੁੱਖੀ ਮਿਆਰ ਅਨੁਸਾਰ ਨਿਰਧਾਰਤ ਕੀਤੇ ਜਾਣ ਅਤੇ ਨੌਕਰੀ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

ਝਗੜਿਆਂ ਦੇ ਨਿਪਟਾਰੇ ਲਈ ਮਜ਼ਬੂਤ ਸੰਸਥਾਵਾਂ ਬਣਨੀਆਂ ਚਾਹੀਦੀਆਂ ਹਨ ਅਤੇ ਮਜ਼ਦੂਰਾਂ ਦੀ ਸਮਾਜਿਕ ਸੁਰੱਖਿਆ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਅਖੀਰ ਵਿੱਚ ਸਵਾਲ ਇਹ ਹੈ ਕਿ ਜਦ ਤੱਕ ਕਾਨੂੰਨ ਜ਼ਮੀਨ 'ਤੇ ਨਹੀਂ ਉਤਰਦੇ, ਮਜ਼ਦੂਰ ਲਈ ਇਨਸਾਫ਼ ਸਿਰਫ਼ ਇੱਕ ਭਰਮ ਹੀ ਰਹੇਗਾ। ਕਾਨੂੰਨ ਬਣਾਉਣੇ ਅਤੇ ਉਹਨਾਂ 'ਤੇ ਇਮਾਨਦਾਰੀ ਨਾਲ ਪਹਿਰਾ ਨਾ ਦੇਣਾ ਅਸਲ ਵਿੱਚ ਲੋਕਾਂ ਨਾਲ ਵੱਡਾ ਧੋਖਾ ਹੈ। ਜਦ ਤੱਕ ਮਜ਼ਦੂਰ ਦੇ ਪਸੀਨਾ ਬਣ ਵਹੇ ਲਹੂ ਦੀ ਕਦਰ ਨਹੀਂ ਹੋਵੇਗੀ, ਤਦ ਤੱਕ ਦੇਸ਼ ਦੀ ਤਰੱਕੀ ਅਤੇ ਆਜ਼ਾਦੀ ਅਧੂਰੀ ਹੀ ਮੰਨੀ ਜਾਵੇਗੀ।

**ਗੁਰਮੀਤ ਸਿੰਘ ਪਲਾਹੀ**

# ਕੁਰਕੁਰੀ ਭਿੰਡੀ

ਮਾਹਰਾਂ ਨੇ ਦੇਖਿਆ ਹੈ ਕਿ ਹੜਬੜੀ ਵਿਚ ਰਹਿਣ ਵਾਲੇ ਲੋਕਾਂ ਨੂੰ ਬਲੱਡ ਪ੍ਰੈਸ਼ਰ ਅਤੇ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਇਸ ਖੋਜ ਅਮਰੀਕਾ ਦੀਆਂ ਤਿੰਨ ਸੰਸਥਾਵਾਂ ਨੇ ਸਾਂਝੇ ਰੂਪ ਵਿਚ ਕੀਤੀ ਤੇ ਇਨ੍ਹਾਂ ਵਿਚ 18 ਤੋਂ 30 ਸਾਲ ਦੀ ਉਮਰ ਦੇ 3142 ਵਿਅਕਤੀਆਂ ਨੂੰ ਸ਼ਾਮਿਲ ਕੀਤਾ ਗਿਆ ਸੀ। ਮਾਹਰਾਂ ਦਾ ਕਹਿਣਾ ਹੈ ਕਿ ਜੇਕਰ ਤੁਸੀਂ ਇੰਤਜ਼ਾਰ ਕਰਦੇ ਹੋਏ ਉਦਾਸ ਹੋ ਜਾਂਦੇ ਹੋ, ਛੋਟੀ-ਛੋਟੀ ਖਾਂਦੇ ਹੋ, ਦਿਨ ਦੀ ਸਮਾਪਤੀ 'ਤੇ ਖੁਦ ਨੂੰ ਥੱਕਿਆ ਹੋਇਆ ਮਹਿਸੂਸ ਕਰਦੇ ਹੋ ਅਤੇ ਤੁਹਾਨੂੰ ਸਮੇਂ ਦੀ ਕਮੀ ਰਹਿੰਦੀ ਹੈ ਤਾਂ ਤੁਸੀਂ ਇਸ ਸ਼੍ਰੇਣੀ ਵਿਚ ਸ਼ਾਮਿਲ ਹੋ। ਡਾਕਟਰਾਂ ਅਨੁਸਾਰ ਜੇਕਰ ਤੁਸੀਂ ਆਪਣੀ ਜੀਵਨ-ਸ਼ੈਲੀ ਬਦਲ ਸਕੋ ਤਾਂ ਤੁਹਾਨੂੰ ਜ਼ਿਆਦਾ ਲਾਭ ਹੋਵੇਗਾ, ਬਜਾਏ ਦਵਾਈ ਲੈਣ ਦੇ।

*ਖਾਣੇ ਤੋਂ ਵੀ ਵਧੇਰੇ ਫਾਇਦੇਮੰਦ ਹੈ ਕਸਰਤ*

ਦਿਲ ਨੂੰ ਤੰਦਰੁਸਤ ਰੱਖਣ ਲਈ ਫਲ ਅਤੇ ਸਬਜ਼ੀਆਂ ਨੂੰ ਚੰਗਾ ਸ੍ਰੋਤ ਮੰਨਿਆ ਗਿਆ ਹੈ, ਜਦਕਿ ਚਰਬੀ ਨੂੰ ਦਿਲ ਲਈ ਘਾਤਕ ਮੰਨਿਆ ਜਾਂਦਾ ਹੈ। ਜੇਕਰ ਖਾਣੇ ਵਿਚ ਕੋਈ ਘਾਟ ਰਹਿ ਜਾਵੇ ਤਾਂ ਕਸਰਤ ਕਰਕੇ ਉਸ ਨੂੰ ਪੂਰਾ ਕੀਤਾ ਜਾ ਸਕਦਾ ਹੈ। ਹਾਲ ਹੀ 'ਚ ਆਦਿਵਾਸੀਆਂ 'ਤੇ ਹੋਏ ਇਕ ਅਧਿਐਨ 'ਚ ਪਾਇਆ ਗਿਆ ਕਿ ਅਜਿਹਾ ਭੋਜਨ ਖਾਣ ਦੇ ਬਾਵਜੂਦ ਜਿਸ ਦਾ 50 ਫ਼ੀਸਦੀ ਹਿੱਸਾ ਚਰਬੀ ਵਾਲਾ ਸੀ ਅਤੇ ਜਿਸ ਵਿਚ ਦਿਲ ਲਈ ਲਾਭਦਾਇਕ ਵਿਟਾਮਿਨ 'ਸੀ' ਅਤੇ ਫੋਲੇਟ ਦੀ ਕਮੀ ਸੀ, ਇਨ੍ਹਾਂ ਆਦਿਵਾਸੀਆਂ ਦੇ ਐਚ.ਡੀ.ਐਲ. ਅਤੇ ਐਲ.ਡੀ.ਐਲ. ਕੋਲੈਸਟ੍ਰੋਲ ਦਾ ਪੱਧਰ ਬਿਲਕੁਲ ਆਮ ਪਾਇਆ ਗਿਆ।



ਖੋਜਕਰਤਾਵਾਂ ਨੇ ਨਤੀਜਾ ਕੱਢਿਆ ਹੈ ਕਿ ਜਿਹੜੇ ਲੋਕ ਖੇਤੀਬਾੜੀ, ਪਸ਼ੂਆਂ ਦੀ ਦੇਖ ਭਾਲ ਅਤੇ ਭੋਜਨ ਬਣਾਉਣ ਵਿਚ ਏਨੀ ਮਿਹਨਤ ਕਰਦੇ ਹਨ, ਉਨ੍ਹਾਂ ਦੇ ਦਿਲ 'ਤੇ ਅਜਿਹੇ ਭੋਜਨ ਦਾ ਕੋਈ ਮਾੜਾ ਅਸਰ ਨਹੀਂ ਹੁੰਦਾ। ਇਹ ਲੋਕ ਪਤਲੇ ਹੁੰਦੇ ਹਨ ਅਤੇ ਸਿਗਰਟਨੋਸ਼ੀ ਨਹੀਂ ਕਰਦੇ ਜੋ ਇਨ੍ਹਾਂ ਲਈ ਲਾਭਦਾਇਕ ਹੁੰਦਾ ਹੈ। ਮਾਹਰਾਂ ਦਾ ਕਹਿਣਾ ਹੈ ਕਿ ਠੀਕ ਭੋਜਨ ਦੀ ਮਾਤਰਾ ਨੂੰ ਘੱਟ ਨਹੀਂ ਮੰਨਣਾ ਚਾਹੀਦਾ ਕਿਉਂਕਿ ਸਹੀ ਖੁਰਾਕ ਸਰਗਰਮ ਭਾਵ ਹਰਕਤ ਕਰਦੇ ਰਹਿਣਾ ਬਹੁਤ ਜ਼ਰੂਰੀ ਹੁੰਦਾ ਹੈ।

# ਸਰਦੀਆਂ ਵਿਚ ਹੀ ਕਿਉਂ ਦਿੱਤੀ ਜਾਂਦੀ ਹੈ ਗੁੜ ਖਾਣ ਦੀ ਸਲਾਹ

ਗਰਮ ਤਾਸੀਰ ਹੋਣ ਕਾਰਨ ਗੁੜ ਨੂੰ ਸਰਦੀਆਂ 'ਚ ਹੀ ਖਾਣਾ ਚਾਹੀਦਾ ਹੈ। ਜੇਕਰ ਤੁਸੀਂ ਸਿੱਧੇ ਤੌਰ 'ਤੇ ਗੁੜ ਨਹੀਂ ਖਾ ਸਕਦੇ ਤਾਂ ਇਸ ਤੋਂ ਤਿਆਰ ਕੀਤੇ ਪਕਵਾਨਾਂ ਨੂੰ ਖੁਰਾਕ ਵਿਚ ਸ਼ਾਮਿਲ ਕਰ ਸਕਦੇ ਹੋ, ਜਿਵੇਂ ਗੁੜ ਤੋਂ ਬਣੇ ਲੱਡੂ, ਪਾਪੜੀ, ਗੱਚਕ, ਰਿਉੜੀਆਂ ਆਦਿ ਖਾ ਸਕਦੇ ਹੋ। ਜੇਕਰ ਤੁਸੀਂ ਸ਼ੂਗਰ ਦੇ ਮਰੀਜ਼ ਨਹੀਂ ਹੋ ਤਾਂ 25 ਗ੍ਰਾਮ ਤੱਕ ਤੁਸੀਂ ਗੁੜ ਖਾ ਸਕਦੇ ਹੋ। ਜੇ ਤੁਸੀਂ ਸ਼ੂਗਰ ਤੋਂ ਪੀੜਤ ਹੋ ਤਾਂ ਆਪਣੇ ਡਾਕਟਰ ਨਾਲ ਸਲਾਹ ਕਰਨ ਤੋਂ ਬਾਅਦ ਹੀ ਗੁੜ ਖਾਓ।



ਗੁੜ ਦੀ ਤਾਸੀਰ ਗਰਮ ਹੁੰਦੀ ਹੈ। ਗੁੜ ਦੇ ਕਾਰਨ ਸਰੀਰ 'ਚ ਅੰਦਰੂਨੀ ਤੌਰ 'ਤੇ ਗਰਮਾਇਸ਼ ਵਧਦੀ ਹੈ ਅਤੇ ਪਾਚਨਤੰਤਰ ਬਿਹਤਰ ਹੁੰਦਾ ਹੈ। ਪੂਰੇ ਸਰੀਰ 'ਚ ਖ਼ੂਨ ਪ੍ਰਵਾਹ ਕਰਨ ਵਾਲੀਆਂ ਨਾੜੀਆਂ ਠੰਢ ਦੇ ਮੌਸਮ ਵਿਚ ਸੁੰਗੜ ਜਾਂਦੀਆਂ ਹਨ। ਇਸ ਲਈ ਗੁੜ ਸਰੀਰ 'ਚ ਗਰਮਾਇਸ਼ ਪੈਦਾ ਕਰਕੇ ਖ਼ੂਨ ਦੇ ਪ੍ਰਵਾਹ ਨੂੰ ਬਿਹਤਰ ਬਣਾਉਂਦਾ ਹੈ ਅਤੇ ਸਰੀਰ ਨੂੰ ਕਈ ਤਰ੍ਹਾਂ ਦਾ ਫਾਇਦਾ ਦਿੰਦਾ ਹੈ। ਇਹੀ ਵਜ੍ਹਾ ਹੈ ਕਿ ਸਰਦੀਆਂ ਦੇ ਮੌਸਮ ਵਿਚ ਗੁੜ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ। ਗੁੜ ਨੂੰ ਗਰਮੀਆਂ ਦੇ ਮੌਸਮ ਵਿਚ ਖਾਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।

ਗੁੜ ਦੇ ਫਾਇਦੇ

* ਗੁੜ ਪਾਚਨਤੰਤਰ ਨੂੰ ਬਿਹਤਰ ਬਣਾਉਂਦਾ ਹੈ। ਇਸ ਲਈ ਪੇਟ ਨਾਲ ਜੁੜੀਆਂ ਕਈ ਸਮੱਸਿਆਵਾਂ ਜਿਵੇਂ ਪਾਚਣ ਪ੍ਰਣਾਲੀ 'ਚ ਗੜਬੜ ਹੋਣਾ ਅਤੇ ਗੈਸ ਬਣਨ ਦੀ ਸ਼ਿਕਾਇਤ ਤੋਂ ਰਾਹਤ ਪਹੁੰਚਾਉਂਦਾ ਹੈ।
* ਗਰਮ ਤਾਸੀਰ ਹੋਣ ਦੇ ਕਾਰਨ ਇਹ ਸਰਦੀਆਂ ਦੇ ਮੌਸਮ ਵਿਚ ਖੰਘ, ਜ਼ੁਕਾਮ ਤੋਂ ਰਾਹਤ ਦਿੰਦਾ ਹੈ। ਇਸ ਦੇ ਨਾਲ ਹੀ ਸਰੀਰ 'ਤੇ ਪੈਣ ਵਾਲੇ ਠੰਢ ਦੇ ਅਸਰ ਨੂੰ ਘੱਟ ਕਰਦਾ ਹੈ।
* ਗੁੜ 'ਚ ਆਇਰਨ, ਫਾਸਫੋਰਸ, ਜ਼ਿੰਕ, ਸੇਲੇਨੀਅਮ, ਪੋਟਾਸ਼ੀਅਮ ਅਤੇ ਐਂਟੀਆਕਸੀਡੈਂਟ ਤੱਤ ਪਾਏ ਜਾਂਦੇ ਹਨ ਜੋ ਸਰੀਰ 'ਚ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਵਧਾਉਂਦੇ ਹਨ ਅਤੇ ਬਿਮਾਰ ਹੋਣ ਤੋਂ ਰੋਕਦੇ ਹਨ।
* ਗੁੜ ਗਲੇ 'ਚ ਹੋਣ ਵਾਲੀ ਖਰਾਸ਼ ਨੂੰ ਵੀ ਰੋਕਦਾ ਹੈ। ਗੁੜ ਮਿੱਠਾ ਹੋਣ ਦੇ ਬਾਵਜੂਦ ਸ਼ੱਕਰ ਦੇ ਮੁਕਾਬਲੇ ਸੁਰੱਖਿਅਤ ਹੁੰਦਾ ਹੈ ਕਿਉਂਕਿ ਇਸ ਨੂੰ ਖੰਡ ਵਾਂਗ ਸਾਫ਼ ਨਹੀਂ ਕੀਤਾ ਜਾਂਦਾ।
* ਅਨੀਮੀਆ ਤੋਂ ਪੀੜਤ ਔਰਤਾਂ ਨੂੰ ਗੁੜ ਜ਼ਰੂਰ ਖਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਜਿਨ੍ਹਾਂ ਨੂੰ ਭੁੱਖ ਨਾ ਲੱਗਣ ਦੀ ਸ਼ਿਕਾਇਤ ਹੋਵੇ, ਉਨ੍ਹਾਂ ਨੂੰ ਸਰਦੀਆਂ ਦੇ ਦਿਨਾਂ ਵਿਚ ਆਪਣੀ ਖੁਰਾਕ ਵਿਚ ਗੁੜ ਨੂੰ ਸ਼ਾਮਿਲ ਜ਼ਰੂਰ ਕਰਨਾ ਚਾਹੀਦਾ ਹੈ।

ਗੁੜ ਕਦੋਂ ਅਤੇ ਕਿੰਨਾ ਖਾਣਾ ਚਾਹੀਦਾ ਹੈ

ਗਰਮ ਤਾਸੀਰ ਹੋਣ ਦੇ ਕਾਰਨ ਗੁੜ ਨੂੰ ਸਰਦੀਆਂ 'ਚ ਹੀ ਖਾਣਾ ਚਾਹੀਦਾ ਹੈ। ਜੇਕਰ ਤੁਸੀਂ ਸਿੱਧੇ ਤੌਰ 'ਤੇ ਗੁੜ ਨਹੀਂ ਖਾ ਸਕਦੇ ਤਾਂ ਇਸ ਤੋਂ ਤਿਆਰ ਕੀਤੇ ਪਕਵਾਨਾਂ ਨੂੰ ਖੁਰਾਕ ਵਿਚ ਸ਼ਾਮਿਲ ਕਰ ਸਕਦੇ ਹੋ, ਜਿਵੇਂ ਗੁੜ ਤੋਂ ਬਣੇ ਲੱਡੂ, ਪਾਪੜੀ, ਗੱਚਕ, ਰਿਉੜੀਆਂ ਆਦਿ ਖਾ ਸਕਦੇ ਹੋ। ਜੇਕਰ ਤੁਸੀਂ ਸ਼ੂਗਰ ਦੇ ਮਰੀਜ਼ ਨਹੀਂ ਹੋ ਤਾਂ 25 ਗ੍ਰਾਮ ਤੱਕ ਤੁਸੀਂ ਗੁੜ ਖਾ ਸਕਦੇ ਹੋ। ਜੇ ਤੁਸੀਂ ਸ਼ੂਗਰ ਤੋਂ ਪੀੜਤ ਹੋ ਤਾਂ ਆਪਣੇ ਡਾਕਟਰ ਨਾਲ ਸਲਾਹ ਕਰਨ ਤੋਂ ਬਾਅਦ ਹੀ ਤੁਸੀਂ ਗੁੜ ਖਾਓ। ਗੁੜ ਦੇ ਫਾਇਦੇ ਤਾਂ ਕਈ ਹਨ, ਪਰ ਇਸ ਨੂੰ ਜ਼ਿਆਦਾ ਮਾਤਰਾ ਵਿਚ ਖਾਣ ਤੋਂ ਬਚੋ ਕਿਉਂਕਿ ਜ਼ਿਆਦਾ ਗੁੜ ਖਾਣ ਨਾਲ ਭਾਰ ਅਤੇ ਬਲੱਡ ਸ਼ੂਗਰ ਵਧ ਸਕਦੀ ਹੈ। ਬਦਹਜ਼ਮੀ ਹੋ ਸਕਦੀ ਹੈ, ਸਰੀਰ 'ਚ ਸੋਜ਼ ਵਧ ਸਕਦੀ ਹੈ।

# ਛਿੱਕਾਂ ਤੋਂ ਛੁਟਕਾਰਾ ਇੰਝ ਪਾਓ

ਛਿੱਕਾਂ ਆਉਣ 'ਤੇ ਸ਼ੁਰੂ-ਸ਼ੁਰੂ 'ਚ ਐਲੋਪੈਥਿਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਨਾਲ ਰੇਸ਼ਾ ਜੰਮਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਛਿੱਕਾਂ ਆਉਣ ਤਾਂ ਹੇਠ ਲਿਖੇ ਉਪਾਅ ਕਰਨੇ ਚਾਹਿਦੇ ਹਨ, ਜਿਸ ਨਾਲ ਸਰਦੀ ਖੰਘ 'ਤੇ ਕਾਬੂ ਵੀ ਪਾਇਆ ਜਾ ਸਕੇ ਅਤੇ ਰੇਸ਼ਾ ਵੀ ਨਾ ਜੰਮੇ।

* ਅਦਰਕ ਦੇ ਇਕ ਚਮਚ ਰਸ 'ਚ ਸਵਾਦ ਅਨੁਸਾਰ ਸੇਂਧਾ ਲੂਣ ਮਿਲਾ ਕੇ ਗਰਮ ਕਰਕੇ ਪੀਣ ਨਾਲ ਛਿੱਕਾਂ ਦਾ ਆਉਣਾ ਬੰਦ ਹੋ ਜਾਂਦਾ ਹੈ ਅਤੇ ਲੱਗੀ ਠੰਢ ਵੀ ਦੂਰ ਹੋ ਜਾਂਦੀ ਹੈ। ਦੋ-ਤਿੰਨ ਦਿਨਾਂ ਤੱਕ ਲਗਾਤਾਰ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ। * ਇਕਦਮ ਠੰਢ ਲੱਗੀ ਹੋਵੇ ਤਾਂ ਇਮਲੀ ਦੇ ਪੱਤਿਆਂ ਨੂੰ ਪਾਣੀ 'ਚ ਉਬਾਲ ਕੇ, ਛਾਣ ਕੇ ਇਸ ਦਾ ਇਕ ਕੱਪ ਪਾਣੀ ਥੋੜ੍ਹੀ-ਥੋੜ੍ਹੀ ਮਾਤਰਾ 'ਚ ਪੀਣਾ ਚਾਹੀਦਾ ਹੈ। * ਇਕ ਛੋਟੀ ਇਲਾਇਚੀ, ਇਕ ਟੁਕੜਾ ਅਦਰਕ, ਦੋ ਰੱਤੀ ਕਪੂਰ, ਪੰਜ ਲੌਂਗ, ਛੇ ਤੁਲਸੀ ਦੇ ਪੱਤੇ ਇਕੱਠੇ ਪਾਨ 'ਚ ਰੱਖ ਕੇ ਖਾਓ। * ਗਲੇ ਦੀ ਜਕੜਣ ਹੋਣ ਤੋਂ ਬਾਅਦ ਪੁਰਾਣੇ ਘਿਓ 'ਚ ਅਦਰਕ ਦਾ ਰਸ ਮਿਲਾ ਕੇ ਛਾਤੀ 'ਤੇ ਮਾਲਿਸ਼ ਕਰੋ। * ਰੇਸ਼ੇ ਵਾਲੀ ਖੰਘ ਹੋਵੇ ਤਾਂ ਅਦਰਕ ਦਾ ਰਸ ਅਤੇ ਸ਼ਹਿਦ ਮਿਲਾ ਕੇ ਪੀਣ ਨਾਲ ਛੇਤੀ ਆਰਾਮ ਮਿਲਦਾ ਹੈ।

ਅਨੰਤ ਕੁਮਾਰ ਅਨੰਤ

# ਲੱਖ ਦਵਾਈਆਂ ਦੀ ਇਕ ਦਵਾ ਹੈ ਗਾਜਰ



ਗਾਜਰ ਨੂੰ ਫਲ, ਸਬਜ਼ੀ ਅਤੇ ਸਲਾਦ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਇਸ ਨੂੰ ਇਕ ਸੰਤੁਲਿਤ ਖੁਰਾਕ ਮੰਨਿਆ ਜਾਂਦਾ ਹੈ। ਇਸ 'ਚੋਂ ਸਾਰੇ ਤਰ੍ਹਾਂ ਦੇ ਪੌਸ਼ਕ ਤੱਤ ਮਿਲਦੇ ਹਨ, ਪਰ ਇਸ ਵਿਚੋਂ ਤੱਤਾਂ ਦੇ ਮੁਕਾਬਲੇ ਪ੍ਰੋਟੀਨ ਦੀ ਮਾਤਰਾ ਘੱਟ ਹੁੰਦੀ ਹੈ। ਇਸੇ ਕਰਕੇ ਇਸ ਨੂੰ ਪੂਰਨ ਅਤੇ ਸਰਬੋਤਮ ਖੁਰਾਕ ਮੰਨਿਆ ਜਾਂਦਾ ਹੈ।

ਗਾਜਰ ਬਹੁਤ ਸਵਾਦਿਸ਼ਟ ਹੁੰਦੀ ਹੈ ਅਤੇ ਸਸਤੀ ਵੀ, ਇਸ ਕਾਰਨ ਇਸ ਨੂੰ ਹਰ ਕੋਈ ਖ਼ਰੀਦ ਸਕਦਾ ਹੈ। ਗਾਜਰ ਕਈ ਤਰ੍ਹਾਂ ਦੇ ਖਾਣਿਆਂ ਦੇ ਰੂਪ ਵਿਚ ਵਰਤੀ ਜਾਂਦੀ ਹੈ। ਇਸ ਦੀ ਵਰਤੋਂ ਘਰ ਵਿਚ ਸਬਜ਼ੀ ਬਣਾ ਕੇ ਕੀਤੀ ਜਾਂਦੀ ਹੈ, ਇਸ ਦਾ ਦੁੱਧ ਵਿਚ ਹਲਵਾ ਬਣਾਇਆ ਜਾਂਦਾ ਹੈ। ਇਸ ਤੋਂ ਗਾਜਰ ਪਾਕ ਵੀ ਬਣਾਇਆ ਜਾਂਦਾ ਹੈ, ਜੋ ਮਠਿਆਈ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਇਸ ਦਾ ਰਾਇਤਾ ਵੀ ਬਣਾਇਆ ਜਾਂਦਾ ਹੈ ਅਤੇ ਹੋਰ ਕਈ ਤਰ੍ਹਾਂ ਦੀਆਂ ਚੀਜ਼ਾਂ ਬਣਾਈਆਂ ਜਾਂਦੀਆਂ ਹਨ। ਗਾਜਰ ਦਾ ਮੁਰੱਬਾ ਸਿਹਤ ਲਈ ਬਹੁਤ ਲਾਭਦਾਇਕ ਹੁੰਦਾ ਹੈ।

ਗਾਜਰ ਦਾ ਮੁਰੱਬਾ ਔਰਤਾਂ ਘਰ ਵਿਚ ਹੀ ਬਣਾ ਲੈਂਦੀਆਂ ਹਨ। ਇਸ ਦਾ ਮੁਰੱਬਾ ਖਾਣ ਨਾਲ ਸਾਹ ਅਤੇ ਦਮੇ ਦੇ ਮਰੀਜ਼ਾਂ ਨੂੰ ਕਾਫੀ ਲਾਭ ਹੁੰਦਾ ਹੈ। ਗਾਜਰ ਦਾ ਰਸ ਵੀ ਸਿਹਤ ਲਈ ਬਹੁਤ ਫਾਇਦੇਮੰਦ ਹੈ। ਇਹ ਕਿਸੇ ਵੀ ਉਮਰ ਵਿਚ, ਕਿਸੇ ਵੀ ਸਮੇਂ ਪੀ ਸਕਦੇ ਹੋ। ਜਿਨ੍ਹਾਂ ਮਾਵਾਂ 'ਚ ਦੁੱਧ ਦੀ ਘਾਟ ਹੋਵੇ, ਉਹ ਗਾਜਰ ਦਾ ਰਸ ਰੋਜ਼ਾਨਾ ਪੀਣ ਤਾਂ ਇਸ ਨਾਲ ਇਹ ਘਾਟ ਦੂਰ ਹੋ ਜਾਂਦੀ ਹੈ। ਇਹ ਰਸ ਕੈਂਸਰ ਦੇ ਰੋਗੀਆਂ ਨੂੰ ਪਿਲਾਇਆ ਜਾਂਦਾ ਹੈ ਜੋ ਬਹੁਤ ਰਾਹਤ ਦਿੰਦਾ ਹੈ। ਇਸ ਦਾ ਰਸ ਅੱਖਾਂ ਅਤੇ ਦੰਦਾਂ ਲਈ ਵੀ ਬਹੁਤ ਲਾਭਦਾਇਕ ਹੈ।

ਗਾਜਰ ਦਾ ਰਸ ਭੁੱਖ ਵਧਾ ਕੇ ਸਰੀਰ ਵਿਚ ਲੋਹ ਤੱਤ ਦੀ ਕਮੀ ਨੂੰ ਪੂਰਾ ਕਰਦਾ ਹੈ। ਜਿਨ੍ਹਾਂ ਰੋਗੀਆਂ 'ਚ ਖ਼ੂਨ ਦੀ ਘਾਟ ਪਾਈ ਜਾਂਦੀ ਹੈ, ਉਨ੍ਹਾਂ ਰੋਗੀਆਂ ਨੂੰ ਗਾਜਰ ਦਾ ਰਸ ਬਹੁਤ ਗੁਣਕਾਰੀ ਹੈ। ਪਿਸ਼ਾਬ 'ਚ ਖ਼ੂਨ ਦਾ ਆਉਣਾ, ਅੰਤੜੀਆਂ 'ਚ ਦਰਦ ਹੋਣਾ, ਅੰਤੜੀ ਫੁੱਲ ਜਾਣਾ ਅਤੇ ਅੱਖਾਂ ਵਿਚ ਦਰਦ ਹੋਣਾ ਆਦਿ ਕਈ ਤਰ੍ਹਾਂ ਦੇ ਪੁਰਾਣੇ ਰੋਗਾਂ ਤੋਂ ਬਚਾਅ ਲਈ ਗਾਜਰ ਜ਼ਿਆਦਾ ਤੋਂ ਜ਼ਿਆਦਾ ਖਾਣੀ ਚਾਹੀਦੀ ਹੈ ਜੋ ਕਿ ਬਹੁਤ ਉੱਤਮ ਅਤੇ ਫਾਇਦੇਮੰਦ ਹੈ।

ਮੁਹੰਮਦ ਹਨੀਫ
ਚਾਂਦਪੁਰੀ

# ਸ਼ਰਾਬ ਪੀਣਾ ਆਦਤ ਨਹੀਂ, ਦਿਮਾਗੀ ਬਿਮਾਰੀ ਹੈ

ਸ਼ਰਾਬ ਪੀਣ ਵਾਲੇ ਵਿਅਕਤੀ ਦੇ ਘਰ ਵਾਲੇ ਹਮੇਸ਼ਾ ਇਹ ਸਮਝਦੇ ਹਨ ਕਿ ਸ਼ਰਾਬ ਪੀਣਾ ਇਕ ਆਦਤ ਹੈ। ਉਹ ਉਸ ਦੀ ਇਸ ਆਦਤ ਨੂੰ ਸੁਧਾਰਨ ਦਾ ਯਤਨ ਕਰਦੇ ਰਹਿੰਦੇ ਹਨ ਪਰ ਉਸ ਦੀ ਇਹ ਆਦਤ ਨਹੀਂ ਸੁਧਰਦੀ ਕਿਉਂਕਿ ਸ਼ਰਾਬ ਪੀਣਾ ਇਕ ਆਦਤ ਨਹੀਂ, ਇਕ ਦਿਮਾਗ ਦੀ ਬਿਮਾਰੀ ਹੈ। ਜਦ ਮਰੀਜ਼ ਲਗਾਤਾਰ ਸ਼ਰਾਬ ਪੀਂਦਾ ਰਹਿੰਦਾ ਹੈ ਤਾਂ ਉਸ ਨੂੰ ਕਈ ਪ੍ਰਕਾਰ ਦੀਆਂ ਸਰੀਰਕ ਬਿਮਾਰੀਆਂ ਜਿਵੇਂ ਲਿਵਰ ਆਦਿ ਦਾ ਖ਼ਰਾਬ ਹੋ ਜਾਣਾ ਆਦਿ ਲੱਗ ਜਾਂਦੀਆਂ ਹਨ। ਫਿਰ ਘਰ ਵਾਲੇ ਇਨ੍ਹਾਂ ਸਰੀਰਕ ਬਿਮਾਰੀਆਂ ਦਾ ਇਲਾਜ ਕਰਵਾਉਣ ਵਿਚ ਲੱਗ ਜਾਂਦੇ ਹਨ। ਅੰਤ ਇਹ ਸਰੀਰਕ ਬਿਮਾਰੀਆਂ ਮਰੀਜ਼ ਦੀ ਮੌਤ ਦਾ ਕਾਰਨ ਬਣ ਜਾਂਦੀਆਂ ਹਨ। ਪਰ ਇਹ ਗੱਲ ਕੋਈ ਵਿਰਲਾ ਹੀ ਸਮਝਦਾ ਕਿ ਸ਼ਰਾਬ ਪੀਣਾ ਇਕ ਆਦਤ ਨਹੀਂ, ਇਕ ਦਿਮਾਗੀ ਬਿਮਾਰੀ ਹੈ ਕਿਉਂਕਿ ਦਿਮਾਗ ਵੀ ਸਰੀਰ ਦਾ ਇਕ ਹਿੱਸਾ ਹੀ ਹੈ ਤੇ ਸਰੀਰਕ ਬਿਮਾਰੀਆਂ ਵਾਂਗ ਪਹਿਲਾਂ ਇਸ ਦਿਮਾਗੀ ਬਿਮਾਰੀ ਦਾ ਇਲਾਜ ਹੋਣਾ ਜ਼ਰੂਰੀ ਹੁੰਦਾ ਹੈ। ਇਲਾਜ ਨਾ ਹੋਣ ਕਾਰਨ ਸਰੀਰਕ ਬਿਮਾਰੀਆਂ ਲੱਗ ਰਹੀਆਂ ਹਨ। ਜਿਹੜੇ ਘਰਵਾਲੇ ਇਹ ਗੱਲ ਸਮਝ ਜਾਂਦੇ ਹਨ, ਉਹ ਆਪਣੇ ਮਰੀਜ਼ ਦੀ ਸ਼ਰਾਬ ਛੁਡਾਉਣ ਵਿਚ ਸਫਲ ਹੋ ਜਾਂਦੇ ਹਨ। ਘਰ ਵਾਲਿਆਂ ਨੂੰ ਚਾਹੀਦਾ ਹੈ ਕਿ ਸ਼ਰਾਬ ਪੀਣ ਨੂੰ ਆਦਤ ਨਾ ਸਮਝਣ, ਇਹ ਦਿਮਾਗ ਦੀ ਬਿਮਾਰੀ ਹੈ ਤੇ ਸਿਰਫ਼ ਦਿਮਾਗ ਦੇ ਇਲਾਜ ਨਾਲ ਹੀ ਠੀਕ ਹੋ ਸਕਦੀ ਹੈ।

ਸ਼ਰਾਬ ਪੀਣਾ ਦਿਮਾਗ ਦੀ ਬਿਮਾਰੀ ਕਿਵੇਂ ਹੈ? ਇਕ ਨਵੀਂ ਖੋਜ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ ਕੁਦਰਤੀ ਤੌਰ 'ਤੇ ਹਰੇਕ ਮਨੁੱਖ ਦੇ ਸਰੀਰ ਵਿਚ ਪਦਾਰਥਾਂ ਨੂੰ ਪਚਾਉਣ ਵਾਸਤੇ ਇਕ ਖ਼ਾਸ ਪ੍ਰਣਾਲੀ ਮੌਜੂਦ ਹੁੰਦੀ ਹੈ ਪਰ ਸ਼ਰਾਬ ਪੀਣ ਵਾਲੇ ਦਸ ਤੋਂ ਬਾਰਾਂ ਫ਼ੀਸਦੀ ਮਰੀਜ਼ਾਂ ਦੀ ਇਹ ਪ੍ਰਣਾਲੀ ਸ਼ਰਾਬ ਪੀਣ ਨਾਲ ਕਮਜ਼ੋਰ ਪੈ ਜਾਂਦੀ ਹੈ ਜਿਸ ਕਾਰਨ ਉਹ ਸ਼ਰਾਬ ਜਾਂ ਹੋਰਨਾਂ ਨਸ਼ਿਆਂ ਨੂੰ ਪਚਾਉਣ ਦੇ ਕਾਬਲ ਨਹੀਂ ਰਹਿੰਦੇ ਤੇ ਉਨ੍ਹਾਂ ਦੇ ਅੰਦਰ ਤੇਜ਼ਾਬ (ਐਸਟਿਕ ਐਸਿਡ) ਤੇ ਕਲੋਰੋਫਾਮ (ਬੇਹੋਸ਼ੀ ਦੀ ਦਵਾਈ) ਬਣਨਾ ਸ਼ੁਰੂ ਹੋ ਜਾਂਦਾ ਹੈ। ਐਸਟਿਕ ਐਸਿਡ ਲਿਵਰ, ਜਿਗਰ ਤੇ ਗੁਰਦੇ ਆਦਿ ਨੂੰ ਨਸ਼ਟ ਕਰ ਦਿੰਦਾ ਹੈ ਤੇ ਕਲੋਰੋਫਾਮ ਦਿਮਾਗ ਦੇ ਸੈੱਲਾਂ, ਯਾਦਾਸ਼ਤ ਵਾਲੇ ਹਿੱਸੇ ਹਿਪੋਕੈਂਪਸ ਤੇ ਚੰਗੇ ਮਾੜੇ ਫ਼ੈਸਲੇ ਦੀ ਸਮਝ ਰੱਖਣ ਵਾਲੇ ਹਿੱਸੇ ਪ੍ਰੀਫਰੰਟਲ ਕੌਰਟੈਕਸ ਵਿਚ ਵਿਗਾੜ ਪੈਦਾ ਕਰ ਦਿੰਦੀ ਹੈ। ਇਸ ਕਾਰਨ ਮਰੀਜ਼ ਦੀ ਯਾਦਾਸ਼ਤ ਕਮਜ਼ੋਰ ਹੋ ਜਾਂਦੀ ਹੈ, ਚੰਗੇ ਮਾੜੇ ਦੀ ਪਰਖ ਨਹੀਂ ਰਹਿੰਦੀ ਤੇ ਉਹ ਬੇਚੈਨੀ ਤੇ ਅਨੋਖੀ ਤਕਲੀਫ਼ ਦੀ ਹਾਲਤ ਵਿਚ ਰਹਿੰਦੇ ਹਨ ਤੇ ਸ਼ਰਾਬ ਦੀ ਮਿਕਦਾਰ ਵਧਾ ਕੇ ਇਸ ਬੇਚੈਨੀ ਤੇ ਤਕਲੀਫ਼ ਦੀ ਹਾਲਤ ਵਿਚੋਂ ਬਾਹਰ ਆਉਣਾ ਚਾਹੁੰਦੇ ਹਨ। ਪਰ ਸ਼ਰਾਬੀਪਣ ਦੀ ਬਿਮਾਰੀ ਦੇ ਇਲਾਜ ਤੋਂ ਬਗ਼ੈਰ ਉਹ ਇਸ ਬੇਚੈਨੀ ਜਾਂ ਤਕਲੀਫ਼ ਦੀ ਹਾਲਤ ਵਿਚੋਂ ਬਾਹਰ ਨਹੀਂ ਆ ਸਕਦੇ। ਹੁਣ ਘਰਵਾਲਿਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਮਰੀਜ਼ ਦਾ ਇਲਾਜ ਕਰਵਾਉਣ ਕਿਉਂਕਿ ਇਸ ਹਾਲਤ ਵਿਚ ਮਰੀਜ਼ ਖ਼ੁਦ ਇਲਾਜ ਲਈ ਜਾਂ ਹੋਰ ਕਿਸੇ ਵੀ ਕਿਸਮ ਦੀ ਮਦਦ ਮੰਗਣ ਦੇ ਯੋਗ ਨਹੀਂ ਹੁੰਦਾ।



ਕਿਹੋ ਜਿਹੀਆਂ ਹੁੰਦੀਆਂ ਹਨ ਇਹ ਦਿਮਾਗੀ ਪ੍ਰੇਸ਼ਾਨੀਆਂ: ਮਰੀਜ਼ ਦਾ ਮਨ ਇਕ ਥਾਂ 'ਤੇ ਨਹੀਂ ਟਿਕਦਾ ਤੇ ਉਹ ਟਿਕ ਕੇ ਨਹੀਂ ਬੈਠ ਸਕਦਾ, ਯਾਦਾਸ਼ਤ ਕਮਜ਼ੋਰ ਪੈ ਜਾਂਦੀ ਹੈ, ਭੁਲੇਖੇ ਪੈਂਦੇ ਹਨ, ਇਕੱਲਾਪਣ, ਉਦਾਸੀਪਣ ਤੇ ਤਣਾਉ ਰਹਿੰਦਾ ਹੈ ਤੇ ਸੁਭਾਅ 'ਚ ਅਕਸਰ ਗੁੱਸਾ ਤੇ ਚਿੜਚਿੜਾਪਨ ਰਹਿੰਦਾ ਹੈ। ਇਕੱਲਾਪਣ ਘੇਰ ਲੈਂਦਾ ਹੈ, ਗੱਲਬਾਤ ਕਰਨ ਦਾ ਢੰਗ ਬਦਲ ਜਾਂਦਾ ਹੈ, ਮਨ ਸਥਿਰ ਨਹੀਂ ਰਹਿੰਦਾ, ਸੁਭਾਅ 'ਚ ਅਕਸਰ ਕ੍ਰੋਧ, ਗੁੱਸਾ, ਰੋਸ ਰਹਿੰਦਾ ਹੈ, ਕੌੜਾ ਬੋਲਦਾ ਹੈ, ਆਪੇ ਤੋਂ ਛੇਤੀ ਬਾਹਰ ਹੋ ਜਾਂਦਾ ਹੈ, ਉਦਾਸੀਪਣ ਤੇ ਤਣਾਉ ਵਿਚ ਰਹਿੰਦਾ ਹੈ, ਅਜੀਬ ਹਰਕਤਾਂ ਕਰਦਾ ਹੈ ਆਦਿ। ਬਿਮਾਰੀ ਦੀ ਇਕ ਸਟੇਜ ਅਜਿਹੀ ਆ ਜਾਂਦੀ ਹੈ ਕਿ ਆਪਣੀ ਅੰਦਰਲੀ ਬੇਚੈਨੀ ਨਾਲ ਲੜਦਾ ਹੋਇਆ ਸ਼ਰਾਬ ਦੀ ਮਿਕਦਾਰ ਨੂੰ ਵਧਾਈ ਜਾਂਦਾ ਹੈ। ਹੁਣ ਮਰੀਜ਼ ਸ਼ਰਾਬ ਨਸ਼ੇ ਜਾਂ ਮਜ਼ਾ ਲੈਣ ਵਾਸਤੇ ਨਹੀਂ, ਆਪਣੀ ਅੰਦਰਲੀ ਬੇਚੈਨੀ ਤੋਂ ਬਚਣ ਲਈ ਬੇਹੋਸ਼ੀ ਜਾਂ ਬੇਸੁਧ ਹੋਣ ਦੀ ਹਾਲਤ ਵਿਚ ਪਏ ਰਹਿਣ ਲਈ ਪੀਂਦਾ ਹੈ। ਕਈ ਮਰੀਜ਼ਾਂ ਨੂੰ ਇਸ ਬੇਚੈਨੀ ਤੋਂ ਸਦਾ ਲਈ ਬਚਣ ਲਈ ਆਤਮ-ਹੱਤਿਆ ਦੇ ਖ਼ਿਆਲ ਆਉਣੇ ਵੀ ਸ਼ੁਰੂ ਹੋ ਜਾਂਦੇ ਹਨ। ਜੇਕਰ ਮਰੀਜ਼ ਦਾ ਇਸ ਸਮੇਂ ਵੀ ਇਲਾਜ ਨਾ ਕਰਵਾਇਆ ਜਾਵੇ ਤਾਂ ਕਈ ਮਰੀਜ਼ ਆਤਮ-ਹੱਤਿਆ ਵੀ ਕਰ ਸਕਦੇ ਹਨ।

ਇਲਾਜ: ਨਸ਼ਿਆਂ ਦਾ ਇਲਾਜ ਹਮੇਸ਼ਾ ਦਿਮਾਗ ਦੇ ਪੱਧਰ 'ਤੇ ਹੀ ਹੋਣਾ ਚਾਹੀਦਾ ਹੈ। ਇਸ ਇਲਾਜ ਦੀਆਂ ਦੋ ਸਟੇਜਾਂ ਹੁੰਦੀਆਂ ਹਨ। ਪਹਿਲੀ ਸਟੇਜ ਵਿਚ ਕੁਝ ਟੈਸਟਾਂ ਰਾਹੀਂ ਬਿਮਾਰੀ ਦੀ ਤਹਿ ਤੱਕ ਪਤਾ ਲਗਾਉਣ ਤੋਂ ਬਾਅਦ ਮਰੀਜ਼ ਦੇ ਸਰੀਰ ਤੇ ਦਿਮਾਗ ਦੋਵਾਂ ਨੂੰ ਨਸ਼ੇ ਤੋਂ ਰਹਿਤ (ਡੀਟੌਕਸ) ਕਰ ਲਿਆ ਜਾਂਦਾ ਹੈ। ਦੂਸਰੀ ਸਟੇਜ ਵਿਚ ਸਰੀਰਕ ਇਲਾਜ ਦੇ ਨਾਲ ਨਾਲ ਦਿਮਾਗ ਦੇ ਸੈੱਲਾਂ ਦੀ ਟੁੱਟ-ਭੱਜ ਤੇ ਦਿਮਾਗ ਦੇ ਨੁਕਸਾਨੇ ਗਏ ਹਿੱਸਿਆਂ, ਹਿਪੋਕੈਂਪਸ ਤੇ ਪ੍ਰੀਫਰੰਟਲ ਕੌਰਟੈਕਸ ਦਾ ਇਲਾਜ ਕੀਤਾ ਜਾਂਦਾ ਹੈ। ਸੈੱਲਾਂ ਦੀ ਟੁੱਟ-ਭੱਜ ਤੇ ਇਨ੍ਹਾਂ ਹਿੱਸਿਆਂ ਦੇ ਇਲਾਜ ਤੋਂ ਬਾਅਦ ਮਰੀਜ਼ ਦੇ ਦਿਮਾਗ ਦੇ ਇਹ ਹਿੱਸੇ ਠੀਕ ਕੰਮ ਕਰਨ ਲੱਗ ਜਾਂਦੇ ਹਨ ਤੇ ਮਰੀਜ਼ ਠੀਕ ਹੋਣਾ ਸ਼ੁਰੂ ਹੋ ਜਾਂਦਾ ਹੈ। ਉਸ ਦੇ ਦਿਮਾਗ ਅੰਦਰ ਵਾਰ-ਵਾਰ ਹਰ ਸਮੇਂ ਸ਼ਰਾਬ ਲੈਣ ਦੀ ਸੋਚ ਬੰਦ ਹੋ ਜਾਂਦੀ ਹੈ। ਸ਼ਰਾਬ ਪੀਣ ਲਈ ਉਸ ਦੇ ਅੰਦਰ ਪੈਦਾ ਹੋਈ ਬੇਚੈਨੀ ਆਦਿ ਹੋਰ ਸਰੀਰਕ ਤੇ ਦਿਮਾਗੀ ਕਮਜ਼ੋਰੀਆਂ ਅੰਦਰੋਂ ਖ਼ਤਮ ਹੋ ਜਾਂਦੀਆਂ ਹਨ ਤੇ ਉਹ ਹਮੇਸ਼ਾ ਲਈ ਸ਼ਰਾਬ ਦੇ ਨਸ਼ੇ ਨੂੰ ਛੱਡ ਜਾਂਦਾ ਹੈ। ਸ਼ਰਾਬੀਪਣ ਦੀ ਬਿਮਾਰੀ ਦਾ ਸਫਲ ਇਲਾਜ ਮਨੋਵਿਗਿਆਨੀਆਂ, ਦਿਮਾਗੀ ਬਿਮਾਰੀਆਂ ਦੇ ਮਾਹਰ (ਸਾਈਕੈਟਰਿਸਟ) ਤੇ ਸਰੀਰਕ ਰੋਗਾਂ ਦੇ ਮਾਹਰ (ਫਿਜ਼ੀਸ਼ੀਅਨ) ਦੀ ਮਾਹਰ ਟੀਮ ਦੀ ਨਿਗਰਾਨੀ ਹੇਠ ਹੀ ਕਰਾਉਣਾ ਠੀਕ ਰਹਿੰਦਾ ਹੈ।

ਡਾ. ਜਗਦੀਪ ਪਾਲ ਸਿੰਘ ਭਾਟੀਆ

# ਭਾਰਤ ਲਈ ਪਰਖ ਦਾ ਵੇਲਾ

ਭਾਰਤ ਇੱਕ ਵਾਰ ਫਿਰ ਸੂਬਾਈ ਚੋਣਾਂ ਵਿੱਚ ਰੁੱਝਿਆ ਹੋਇਆ ਹੈ। ਇਨ੍ਹਾਂ ਚੋਣਾਂ ਵਿੱਚ ਉਠਾਏ ਜਾ ਰਹੇ ਮੁੱਦੇ ਸੂਬਾਈ ਅਤੇ ਦੇਸ਼ ਪੱਧਰੀ ਦੋਵੇਂ ਹਨ। ਇਨ੍ਹਾਂ ਚੋਣਾਂ ਦੌਰਾਨ ਹੀ ਕੇਂਦਰ ਸਰਕਾਰ ਨੇ ਕਾਹਲੀ ਵਿੱਚ ਸੰਸਦ 'ਚ ਮਹਿਲਾ ਕੋਟੇ ਅਤੇ ਸੰਸਦੀ ਹਲਕਿਆਂ ਦੀ ਹੱਦਬੰਦੀ ਬਾਰੇ ਵਿਵਾਦਪੂਰਨ ਬਿੱਲਾਂ ਨੂੰ ਪਾਸ ਕਰਵਾਉਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਕੋਸ਼ਿਸ਼ਾਂ ਦਾ ਨਤੀਜਾ ਭਾਵੇਂ ਜੋ ਵੀ ਰਿਹਾ ਹੋਵੇ, ਮੈਂ ਇੱਥੇ ਇਹ ਨੁਕਤਾ ਉਠਾਉਣਾ ਚਾਹੁੰਦਾ ਹਾਂ ਕਿ ਇਹ ਅਜੋਕੇ ਅਹਿਮ ਰਾਸ਼ਟਰੀ ਮੁੱਦਿਆਂ ਤੋਂ ਧਿਆਨ ਭਟਕਾਉਣ ਵਾਲੀ ਗੱਲ ਹੈ।

ਅਸੀਂ ਅੱਜ ਅਜਿਹੀ ਸਥਿਤੀ ਦਾ ਸਾਹਮਣਾ ਕਰ ਰਹੇ ਹਾਂ, ਜਿੱਥੇ ਕੌਮਾਂਤਰੀ ਸੰਕਟ ਸਾਡੀ ਆਰਥਿਕਤਾ ਲਈ ਖਤਰਾ ਖੜ੍ਹਾ ਕਰ ਰਿਹਾ ਹੈ। ਸਾਨੂੰ ਗੈਸ ਦੀ ਘਾਟ ਬਾਰੇ ਚਿਤਾਵਨੀਆਂ ਦਿੱਤੀਆਂ ਜਾ ਰਹੀਆਂ ਹਨ, ਜਿਸ ਕਾਰਨ ਰਸਾਇਣ, ਖਾਦ, ਸਿਰੈਮਿਕਸ, ਕੱਚ ਅਤੇ ਟੈਕਸਟਾਈਲਜ਼ ਇਕਾਈਆਂ ਤੋਂ ਲੈ ਕੇ ਆਮ ਰੈਸਤਰਾਂ ਤੱਕ ਮੁਕੰਮਲ ਜਾਂ ਅੰਸ਼ਕ ਤੌਰ 'ਤੇ ਬੰਦ ਹੋਣ ਦੀ ਸੰਭਾਵਨਾ ਹੈ। ਤੇਲ ਦੀਆਂ ਕੀਮਤਾਂ ਵਿੱਚ ਵਾਧੇ ਦਾ ਪ੍ਰਭਾਵ ਹਵਾਈ ਸਫਰ ਲਈ ਕਿਰਾਏ ਅਤੇ ਉਦਯੋਗਿਕ ਡੀਜ਼ਲ 'ਤੇ ਪਹਿਲਾਂ ਹੀ ਪ੍ਰਤੱਖ ਹੈ, ਦੇਸ਼ ਸਾਹ ਰੋਕ ਕੇ ਇਹ ਦੇਖ ਰਿਹਾ ਹੈ ਕਿ ਚੋਣਾਂ ਹੋਣ ਮਗਰੋਂ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਕਿੱਥੇ ਤੱਕ ਜਾਣਗੀਆਂ?

ਘਰੇਲੂ ਜ਼ਰੂਰਤ ਦੀਆਂ ਬਹੁਤੀਆਂ ਵਸਤਾਂ ਤੇਜ਼ੀ ਨਾਲ ਮਹਿੰਗੀਆਂ ਹੋ ਰਹੀਆਂ ਹਨ ਕਿਉਂਕਿ ਸਪਲਾਈ-ਲੜੀ 'ਚ ਵਿਘਨ ਪੈਣ ਕਾਰਨ ਵਪਾਰੀ ਕੀਮਤਾਂ ਵਿੱਚ ਵਾਧਾ ਕਰ ਰਹੇ ਹਨ। ਮੱਧ ਪੂਰਬ ਨਾਲ ਵੱਡੇ ਪੱਧਰ 'ਤੇ ਵਪਾਰ ਕਰਨ ਵਾਲੇ ਵਪਾਰਕ ਘਰਾਣੇ ਸਰਕਾਰ ਨੂੰ ਰਾਹਤ ਲਈ ਬੇਨਤੀਆਂ ਕਰ ਰਹੇ ਹਨ। ਖਾਦ ਉਤਪਾਦਨ ਅਤੇ ਦਰਾਮਦ ਵਿੱਚ ਵੱਡੇ ਪੱਧਰ 'ਤੇ ਵਿਘਨ ਖੁਰਾਕ ਸੁਰੱਖਿਆ ਦੇ ਖੇਤਰ ਵਿੱਚ ਸਾਡੇ ਦੇਸ਼ ਦੀ ਆਤਮ-ਨਿਰਭਰਤਾ ਲਈ ਖਤਰਾ ਹੈ। ਖਾੜੀ ਦੇਸ਼ ਹੁਣ ਵਿਸ਼ਵ-ਵਿਆਪੀ ਭੋਜਨ ਅਰਥਵਿਵਸਥਾ ਦਾ ਅਨਿੱਖੜਵਾਂ ਅੰਗ ਹਨ। ਲੰਡਨ ਯੂਨੀਵਰਸਿਟੀ ਦੇ ਐੱਸ ਓ ਏ ਐੱਸ (ਸਕੂਲ ਔਫ ਓਰੀਐਂਟਲ ਐਂਡ ਅਫਰੀਕਨ ਸਟੱਡੀਜ਼) ਮਿਡਲ ਈਸਟ ਇੰਸਟੀਚਿਊਟ ਦੇ ਡਾਇਰੈਕਟਰ ਐਡਮ ਹਨੀਹ 'ਫਾਇਨੈਂਸ਼ੀਅਲ ਟਾਈਮਜ਼' ਵਿੱਚ ਲਿਖਦੇ ਹਨ: "ਉਹ (ਖਾੜੀ ਦੇਸ਼) ਹੁਣ ਭੋਜਨ ਦੇ ਉਤਪਾਦਨ ਅਤੇ ਸੰਚਾਰ ਨੂੰ ਸਿੱਧੇ ਰੂਪ ਵਿੱਚ ਆਕਾਰ ਦਿੰਦੇ ਹਨ, ਮੁੱਖ ਰਸਾਇਣਕ ਇਨਪੁਟਸ ਦੀ ਸਪਲਾਈ ਕਰਦੇ ਹਨ, ਵੱਡੀ ਮਾਤਰਾ ਵਿੱਚ ਤਿਆਰ ਖਾਦਾਂ ਦਾ ਨਿਰਯਾਤ ਕਰਦੇ ਹਨ ਅਤੇ ਲੌਜਿਸਟਿਕਲ ਕੌਰੀਡੋਰਜ਼ ਨੂੰ ਨਿਯੰਤਰਿਤ ਕਰਦੇ ਹਨ, ਜਿਨ੍ਹਾਂ ਰਾਹੀਂ ਭੋਜਨ ਅਤੇ ਖੇਤੀਬਾੜੀ ਵਸਤੂਆਂ ਮੱਧ ਪੂਰਬ, ਮੱਧ ਤੇ ਪੂਰਬੀ ਏਸ਼ੀਆ ਅਤੇ ਅਫਰੀਕਾ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਜਾਂਦੀਆਂ ਹਨ... ਖਾੜੀ ਵਿੱਚ ਫੌਜੀ ਹਮਲੇ ਕਾਰਨ ਕਾਲ ਅਤੇ ਵਧਦੀ ਭੋਜਨ ਅਸੁਰੱਖਿਆ ਦਾ ਪਹਿਲਾਂ ਹੀ ਅੰਦਾਜ਼ਾ ਲਗਾਇਆ ਜਾ ਰਿਹਾ ਸੀ। ਇਹ ਹਕੀਕਤ ਦੁਨੀਆ ਦੀ ਆਰਥਿਕਤਾ 'ਤੇ ਵੱਡਾ ਬੋਝ ਪਾਵੇਗੀ, ਜਿਸ ਨੇ ਤੇਲ ਦੀਆਂ ਕੀਮਤਾਂ 'ਚ ਅਸਥਿਰਤਾ ਦੇ ਸੌੜੇ ਨਜ਼ਰੀਏ ਰਾਹੀਂ ਇਸ ਜੰਗ ਬਾਰੇ ਵਿਆਪਕ ਪੱਧਰ 'ਤੇ ਸਮਝਿਆ ਹੈ।"

ਯਾਦ ਰਹੇ ਕਿ ਅਮਰੀਕਾ ਵੱਲੋਂ ਵੱਡੇ ਟੈਰਿਫ ਲਗਾਏ ਜਾਣ ਮਗਰੋਂ ਜ਼ਿਆਦਾਤਰ ਮੁਲਕਾਂ ਦੀਆਂ ਸਨਅਤਾਂ 'ਤੇ ਮਾੜਾ ਅਸਰ ਪਿਆ, ਜੋ ਹਾਲੇ ਵੀ ਇਸ ਝਟਕੇ ਤੋਂ ਉੱਭਰਨ ਦੀ ਕੋਸ਼ਿਸ਼ ਕਰ ਰਹੀਆਂ ਹਨ ਅਤੇ ਹੁਣ ਇਸ ਜੰਗ ਕਾਰਨ ਉਨ੍ਹਾਂ ਨੂੰ ਇੱਕ ਹੋਰ ਝਟਕਾ ਲੱਗਿਆ ਹੈ। ਮਾਰਚ ਵਿੱਚ ਭਾਰਤ ਵੱਲੋਂ ਖਰੀਦੇ ਜਾਣ ਵਾਲੇ ਕੱਚੇ ਤੇਲ ਦੀ ਔਸਤ ਕੀਮਤ 125 ਡਾਲਰ ਪ੍ਰਤੀ ਬੈਰਲ ਸੀ, ਜੋ ਮੱਧ ਪੂਰਬ ਵਿੱਚ ਜੰਗ ਕਾਰਨ ਕਈ ਵਾਰ 150 ਡਾਲਰ ਤੱਕ ਵੀ ਪਹੁੰਚਦੀ ਰਹੀ ਹੈ। ਜੇਕਰ ਜੰਗਬੰਦੀ ਜਾਰੀ ਰਹਿੰਦੀ ਹੈ ਤਾਂ ਵੀ ਕੱਚੇ ਤੇਲ ਦੀਆਂ ਕੀਮਤਾਂ ਉੱਚੀਆਂ ਰਹਿਣ ਦੀ ਸੰਭਾਵਨਾ ਹੈ ਕਿਉਂਕਿ ਖਾੜੀ ਦੇਸ਼ਾਂ ਦੇ ਉਤਪਾਦਨ ਅਤੇ ਵੰਡ ਸਬੰਧੀ ਬੁਨਿਆਦੀ ਢਾਂਚੇ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ।



ਜੇਕਰ ਨਵੀਆਂ ਸਪਲਾਈ ਲਾਈਨਾਂ ਵਿਕਸਿਤ ਕਰਨ ਅਤੇ ਕੁਝ ਪੁਰਾਣੀਆਂ (ਰੂਸੀ) ਨੂੰ ਬਹਾਲ ਕਰਨ ਲਈ ਵਿਆਪਕ ਉਪਾਅ ਨਹੀਂ ਕੀਤੇ ਜਾਂਦੇ ਤਾਂ ਦੁਨੀਆ ਭਰ 'ਚ ਮਹਿੰਗਾਈ ਵਧਣੀ ਤੈਅ ਹੈ। ਇਸ ਲਈ ਜ਼ੋਰਦਾਰ ਕੂਟਨੀਤਕ ਯਤਨਾਂ ਦੀ ਫੌਰੀ ਲੋੜ ਹੈ ਅਤੇ ਨਾਕਾਮ ਰਹਿਣ ਦੀ ਸੂਰਤ ਵਿੱਚ ਭਵਿੱਖ ਧੁੰਦਲਾ ਹੀ ਨਜ਼ਰ ਆਉਂਦਾ ਹੈ। ਸਾਡੇ ਮੁਲਕ ਵਿੱਚ ਪੈਟਰੋਲ ਤੇ ਡੀਜ਼ਲ ਆਦਿ ਦੀਆਂ ਕੀਮਤਾਂ ਵਿੱਚ ਵਾਧੇ ਦੀ ਪ੍ਰਤੀਕਿਰਿਆ ਵਜੋਂ ਹੋਰ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਿੱਚ ਵਾਧਾ ਹੋ ਰਿਹਾ ਹੈ ਕਿਉਂਕਿ ਇਸ ਨਾਲ ਹਰ ਵਸਤ ਦਾ ਉਤਪਾਦਨ ਅਤੇ ਇਨ੍ਹਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਵਾਲੇ ਆਵਾਜਾਈ ਦੇ ਸਾਧਨ ਬਹੁਤ ਪ੍ਰਭਾਵਿਤ ਹੁੰਦੇ ਹਨ। ਜੰਗ ਕਾਰਨ ਪੈਦਾ ਹੋਣ ਵਾਲੀਆਂ ਰੁਕਾਵਟਾਂ ਕਰ ਕੇ ਸਨਅਤੀ ਇਕਾਈਆਂ ਬੰਦ ਹੋ ਰਹੀਆਂ ਹਨ, ਜਿਸ ਨਾਲ ਬੇਰੁਜ਼ਗਾਰੀ ਵਧ ਰਹੀ ਹੈ। ਨੋਇਡਾ ਵਿੱਚ ਹਾਲ ਹੀ ਵਿੱਚ ਵਾਪਰੀਆਂ ਘਟਨਾਵਾਂ ਤੋਂ ਇਹ ਗੱਲ ਪ੍ਰਤੱਖ ਹੁੰਦੀ ਹੈ, ਜਿੱਥੇ ਨਿਰਾਸ਼ ਹੋਏ ਕਰਮਚਾਰੀਆਂ ਵੱਲੋਂ ਰੋਸ ਵਿਖਾਵੇ ਕੀਤੇ ਗਏ, ਜੋ ਬਾਅਦ 'ਚ ਹਿੰਸਕ ਰੂਪ ਅਖਤਿਆਰ ਕਰ ਗਏ। ਦੇਸ਼ ਵਿਰੋਧੀ ਤਾਕਤਾਂ ਅਜਿਹੇ ਹਾਲਾਤ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਆਸਾਨੀ ਨਾਲ ਵਰਤ ਸਕਦੀਆਂ ਹਨ, ਜੋ ਸਾਡੀ ਆਰਥਿਕਤਾ ਲਈ ਵੱਡਾ ਖਤਰਾ ਸਾਬਿਤ ਹੋ ਸਕਦਾ ਹੈ। ਇਸ ਤੋਂ ਇਲਾਵਾ ਸਾਡਾ ਦੇਸ਼ ਕੂਟਨੀਤਕ ਪੱਧਰ 'ਤੇ ਵੀ ਬੁਰੀ ਤਰ੍ਹਾਂ ਫਸਿਆ ਹੋਇਆ ਹੈ।

ਸਾਲ 1999 ਦੀ ਕਾਰਗਿਲ ਜੰਗ ਭਾਰਤ ਨੇ ਫੈਸਲਾਕੁੰਨ ਢੰਗ ਨਾਲ ਜਿੱਤੀ ਸੀ ਅਤੇ ਪਹਾੜਾਂ ਤੋਂ ਗੁਆਂਢੀ ਮੁਲਕ ਦੇ ਲੜਾਕੂਆਂ ਦਾ ਸਫਾਇਆ ਕਰ ਦਿੱਤਾ ਗਿਆ ਸੀ। ਇਸ ਦੇ ਨਾਲ ਹੀ ਵਿਦੇਸ਼ ਮਾਮਲਿਆਂ ਅਤੇ ਕੂਟਨੀਤਕ ਸਬੰਧਾਂ 'ਚ ਵੀ ਭਾਰਤ ਨੂੰ ਬਹੁਤ ਵੱਡੀ ਕੂਟਨੀਤਕ ਹਮਾਇਤ ਅਤੇ ਜਿੱਤ ਪ੍ਰਾਪਤ ਹੋਈ ਸੀ, ਜਿਸ ਨੂੰ ਮੈਂ ਉਜਾਗਰ ਕਰਨਾ ਚਾਹੁੰਦਾ ਹਾਂ: ਉਸ ਸਾਲ ਜੂਨ ਵਿੱਚ ਕੋਲੋਨ ਸੰਮੇਲਨ ਦੌਰਾਨ ਅੱਠ ਦੇਸ਼ਾਂ ਦੇ ਸਮੂਹ ਜੀ8 ਨੇ ਪਾਕਿਸਤਾਨ ਦੁਆਰਾ ਕੰਟਰੋਲ ਰੇਖਾ (ਐੱਲ ਓ ਸੀ) ਦੀ ਉਲੰਘਣਾ ਦੀ ਨਿੰਦਾ ਕੀਤੀ ਅਤੇ ਭਾਰਤ ਦੀ ਹਮਾਇਤ ਕੀਤੀ। ਯੂਰੋਪੀਅਨ ਯੂਨੀਅਨ ਨੇ ਕੰਟਰੋਲ ਰੇਖਾ ਦੀ ਉਲੰਘਣਾ ਦਾ ਵਿਰੋਧ ਕੀਤਾ ਅਤੇ ਖੇਤਰੀ ਅਖੰਡਤਾ ਕਾਇਮ ਰੱਖਣ ਲਈ ਭਾਰਤ ਦੇ ਯਤਨਾਂ ਦੀ ਹਮਾਇਤ ਕੀਤੀ। ਚੀਨ ਨੇ ਨਿਰਪੱਖ ਰੁਖ ਕਾਇਮ ਰੱਖਿਆ ਅਤੇ ਦੋਵਾਂ ਧਿਰਾਂ ਨੂੰ ਕੰਟਰੋਲ ਰੇਖਾ ਦਾ ਸਤਿਕਾਰ ਕਰਨ ਦੀ ਅਪੀਲ ਕੀਤੀ।

ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਬਿਲ ਕਲਿੰਟਨ ਨੇ ਪਾਕਿਸਤਾਨ ਵਿਰੁੱਧ ਸਖਤ ਰੁਖ ਅਪਣਾਉਂਦਿਆਂ ਪਾਕਿਸਤਾਨ ਨੂੰ ਆਪਣੀਆਂ ਫੌਜਾਂ ਬਿਨਾਂ ਸ਼ਰਤ ਵਾਪਸ ਬੁਲਾਉਣ ਲਈ ਕਿਹਾ। ਲੰਮੇ ਸਮੇਂ ਤੋਂ ਸਹਿਯੋਗੀ ਰਿਹਾ ਰੂਸ ਕੂਟਨੀਤਕ ਤੌਰ 'ਤੇ ਭਾਰਤ ਦੇ ਪੱਖ ਵਿੱਚ ਰਿਹਾ ਅਤੇ ਫੌਜੀ ਸਾਜ਼ੋ-ਸਾਮਾਨ ਮੁਹੱਈਆ ਕਰਵਾਇਆ। ਨੁਕਤਾ ਇਹ ਹੈ ਕਿ ਭਾਰਤ ਨੂੰ ਵਿਆਪਕ ਹਮਾਇਤ ਮਿਲੀ ਅਤੇ ਪਾਕਿਸਤਾਨ ਹੌਲੀ-ਹੌਲੀ ਅਲੱਗ-ਥਲੱਗ ਪੈ ਗਿਆ ਤੇ ਦਹਿਸ਼ਤਗਰਦੀ ਨੂੰ ਥਾਪੜਾ ਦੇਣ ਵਾਲਾ ਮੁਲਕ ਗਰਦਾਨ ਕੇ ਇਸ ਉੱਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾ ਦਿੱਤੀਆਂ ਗਈਆਂ।

ਅਜੋਕੀ ਦੁਨੀਆ ਬਿਲਕੁਲ ਵੱਖਰੀ ਹੈ। ਅਮਰੀਕਾ ਜਦੋਂ ਇਰਾਨ ਨਾਲ ਗੱਲਬਾਤ ਕਰਨੀ ਚਾਹੁੰਦਾ ਹੈ ਤਾਂ ਉਹ ਵਿਚੋਲੇ ਵਜੋਂ ਪਾਕਿਸਤਾਨ ਅਤੇ ਉਸ ਦੇ ਫੀਲਡ ਮਾਰਸ਼ਲ ਆਸਿਮ ਮੁਨੀਰ ਦੀ ਚੋਣ ਕਰਦਾ ਹੈ। ਇਰਾਨ ਵੀ ਇਸ ਵਿਚੋਲਗੀ ਨਾਲ ਸਹਿਮਤ ਹੈ ਅਤੇ ਇਸ ਨੂੰ ਪ੍ਰਵਾਨ ਵੀ ਕੀਤਾ ਹੈ। ਪਾਕਿਸਤਾਨੀ ਫੀਲਡ ਮਾਰਸ਼ਲ ਆਸਿਮ ਮੁਨੀਰ ਦੀ ਵ੍ਹਾਈਟ ਹਾਊਸ 'ਚ ਮੇਜ਼ਬਾਨੀ ਦੌਰਾਨ ਪੂਰਾ ਮਾਣ-ਸਤਿਕਾਰ ਦਿੱਤਾ ਗਿਆ। ਸਾਊਦੀ ਅਰਬ ਨੇ ਪਾਕਿਸਤਾਨ ਨਾਲ ਦੁਵੱਲਾ ਸੁਰੱਖਿਆ ਅਤੇ ਰੱਖਿਆ ਸਮਝੌਤਾ ਕੀਤਾ ਹੈ। ਪਾਕਿਸਤਾਨ ਨੇ ਅਕਤੂਬਰ 2024 ਵਿੱਚ ਸੰਘਾਈ ਸਹਿਯੋਗ ਸੰਗਠਨ (ਐੱਸ ਸੀ ਓ) ਸੰਮੇਲਨ ਦੀ ਮੇਜ਼ਬਾਨੀ ਕੀਤੀ ਸੀ ਅਤੇ ਚੀਨ-ਪਾਕਿਸਤਾਨ ਆਰਥਿਕ ਗਲਿਆਰੇ (ਸੀ ਪੀ ਈ ਸੀ) ਰਾਹੀਂ ਚੀਨੀ 'ਬੈਲਟ ਐਂਡ ਰੋਡ ਇਨੀਸ਼ੀਏਟਿਵ' (ਬੀ ਆਰ ਆਈ) ਲਈ ਇਹ ਅਹਿਮ ਰਣਨੀਤਕ ਕੇਂਦਰ ਬਣਿਆ ਹੋਇਆ ਹੈ।

ਇਸਲਾਮਾਬਾਦ-ਤਹਿਰਾਨ-ਇਸਤੰਬੁਲ ਰੇਲ ਲਿੰਕ ਨੂੰ ਵੀ ਸੁਰਜੀਤ ਕੀਤਾ ਜਾ ਰਿਹਾ ਹੈ; ਪਾਕਿਸਤਾਨ ਬੀ ਆਰ ਆਈ ਦੇ ਨਾਲ-ਨਾਲ ਚੀਨ, ਤੁਰਕੀ ਅਤੇ ਮੱਧ ਏਸ਼ਿਆਈ ਮੁਲਕਾਂ ਨਾਲ ਹੋਰ ਡੂੰਘਾ ਜੁੜ ਜਾਵੇਗਾ (ਦੂਜੇ ਪਾਸੇ, ਅਸੀਂ ਚਾਬਹਾਰ ਬੰਦਰਗਾਹ ਗੁਆ ਬੈਠੇ ਹਾਂ, ਜਿਸ ਨੇ ਸਾਨੂੰ ਇਰਾਨ ਅਤੇ ਮੱਧ ਏਸ਼ੀਆ ਨਾਲ ਜੋੜਨਾ ਸੀ)। ਪਾਕਿਸਤਾਨ ਨੇ ਬੰਗਲਾਦੇਸ਼ ਨਾਲ ਕੂਟਨੀਤਕ ਸਬੰਧ ਮੁੜ ਸਥਾਪਿਤ ਕੀਤੇ ਹਨ ਅਤੇ ਉਸ ਨਾਲ ਆਰਥਿਕ ਤੇ ਰਣਨੀਤਕ ਮੋਰਚਿਆਂ 'ਤੇ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਪਾਕਿਸਤਾਨ ਨੂੰ ਯੂ ਐੱਨ ਐੱਸ ਸੀ ਵਿੱਚ ਗੈਰ-ਸਥਾਈ ਮੈਂਬਰ ਵੀ ਬਣਾ ਦਿੱਤਾ ਗਿਆ ਹੈ।

ਅੱਜ ਆਪਣੇ ਪੱਛਮੀ ਮੁਹਾਜ਼ 'ਤੇ ਅਸੀਂ ਪਾਕਿਸਤਾਨ, ਉੱਤਰ ਤੇ ਪੂਰਬ ਵਿੱਚ ਚੀਨ ਅਤੇ ਪੂਰਬ ਵਿੱਚ ਬੰਗਲਾਦੇਸ਼ ਦਾ ਸਾਹਮਣਾ ਕਰ ਰਹੇ ਹਾਂ। ਚੀਨ ਅਰੁਣਾਚਲ ਪ੍ਰਦੇਸ਼ ਸਰਹੱਦ ਦੇ ਨਾਲ-ਨਾਲ ਬੁਨਿਆਦੀ ਢਾਂਚਾ ਉਸਾਰ ਰਿਹਾ ਹੈ; ਇਹ ਸਾਡੇ ਖੇਤਰ ਦੀਆਂ ਥਾਵਾਂ ਦੇ ਨਾਮ ਬਦਲ ਰਿਹਾ ਹੈ ਅਤੇ ਅਰੁਣਾਚਲ ਦੇ ਨਾਲ-ਨਾਲ ਲੱਦਾਖ ਵਿੱਚ ਵਿਸ਼ਾਲ ਖੇਤਰਾਂ 'ਤੇ ਦਾਅਵਾ ਕਰਦਾ ਆ ਰਿਹਾ ਹੈ। ਚੇਤੇ ਰਹੇ ਕਿ ਚੀਨ ਅਤੇ ਪਾਕਿਸਤਾਨ ਆਪਣੇ ਆਪ ਨੂੰ 'ਪੱਕੇ ਦੋਸਤ' ਅਤੇ 'ਹਰ ਦੁੱਖ ਸੁਖ ਦੇ ਸਾਥੀ' ਆਖਦੇ ਹਨ।

ਮਈ 2025 ਦੇ ਆਪਰੇਸ਼ਨ ਸਿੰਧੂਰ ਦੌਰਾਨ ਚੀਨ ਵੱਲੋਂ ਪਾਕਿਸਤਾਨ ਦੀ ਲੁਕਵੀਂ ਹਮਾਇਤ ਕੀਤੀ ਗਈ ਸੀ ਅਤੇ ਇਸ ਨੇ ਪਾਕਿਸਤਾਨ ਨੂੰ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰਵਾਈ। ਅਜਿਹਾ ਕਿਉਂ ਵਾਪਰਿਆ? ਕੀ ਅਜਿਹਾ ਇਸ ਲਈ ਵਾਪਰਿਆ ਕਿਉਂਕਿ ਦੁਨੀਆ ਭਰ ਵਿੱਚ ਨਮੋਸ਼ੀ ਅਤੇ ਢਹਿ-ਢੇਰੀ ਹੁੰਦੇ ਅਰਥਚਾਰੇ ਦੇ ਮੱਦੇਨਜ਼ਰ ਪਾਕਿਸਤਾਨ ਨੇ ਨਿਮਰਤਾ ਦਾ ਪੱਲਾ ਫੜਨਾ ਬਿਹਤਰ ਸਮਝਿਆ ਜਦੋਂਕਿ ਅਸੀਂ ਆਪਣੇ ਆਰਥਿਕ ਉਭਾਰ ਦੇ ਗੁਮਾਨ ਵਿੱਚ ਹੀ ਫਸੇ ਰਹੇ। ਦੁਨੀਆ ਵਿੱਚ ਹਾਲ ਹੀ ਵਿੱਚ ਹੋ ਰਹੀਆਂ ਸਾਰੀਆਂ ਜੰਗਾਂ ਅਤੇ ਟਕਰਾਵਾਂ ਦੌਰਾਨ ਅਸੀਂ ਚੁੱਪ ਰਹੇ ਹਾਂ (ਅਤੇ ਸਮਝਿਆ ਜਾਂਦਾ ਹੈ ਕਿ ਇਹ ਇੱਕ ਰਣਨੀਤਕ ਚੁੱਪ ਸੀ)।

ਜੌਹਨ ਐੱਫ ਕੈਨੇਡੀ ਨੇ ਬਿਹਤਰੀਨ ਗੱਲ ਆਖੀ ਹੈ: "ਅਸੀਂ ਕਦੇ ਵੀ ਡਰ ਕਾਰਨ ਗੱਲਬਾਤ ਨਾ ਕਰੀਏ, ਪਰ ਗੱਲਬਾਤ ਕਰਨ ਤੋਂ ਡਰੀਏ ਨਾ।" ਕਿਤੇ ਨਾ ਕਿਤੇ ਸਾਡੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਜਾਪਦੀ ਹੈ। ਅਸੀਂ ਟਕਰਾਅ ਵਾਲੇ ਮੁੱਖ ਖਿੱਤਿਆਂ ਵਿੱਚ ਸੰਵਾਦ ਪ੍ਰਕਿਰਿਆ ਦਾ ਹਿੱਸਾ ਨਹੀਂ ਹਾਂ। ਸਾਡੀਆਂ ਸਿਆਸੀ ਪਾਰਟੀਆਂ ਵਿਧਾਨ ਸਭਾ ਚੋਣਾਂ ਵਿੱਚ ਪੂਰੀ ਤਰ੍ਹਾਂ ਰੁੱਝੀਆਂ ਹੋਈਆਂ ਹਨ। ਉਨ੍ਹਾਂ ਕੋਲ ਕੌਮੀ ਅਤੇ ਕੌਮਾਂਤਰੀ ਮੁੱਦਿਆਂ ਲਈ ਸਮਾਂ ਕਿੱਥੇ? ਆਸ ਕਰੀਏ ਕਿ ਇਹ ਤੂਫਾਨ ਲੰਘ ਜਾਵੇ ਅਤੇ ਸਾਡੇ ਦੇਸ਼ 'ਤੇ ਇਸ ਦਾ ਕੋਈ ਮਾੜਾ ਅਸਰ ਨਾ ਪਵੇ।

ਗੁਰਬਚਨ ਜਗਤ

# ਨਵੀਂ ਕਲਮ ਦੀ ਡਾਇਰੀ/ ਖਾਲੀ ਕਾਗਜ਼ ਨਹੀਂ



ਬਚਪਨ ਤੋਂ ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖਦਿਆਂ ਜਦੋਂ ਇਨਸਾਨ ਆਪਣੇ ਅੰਦਰ ਝਾਕਣਾ ਸ਼ੁਰੂ ਕਰਦਾ ਹੈ, ਤਦੋਂ ਕਈ ਅਣਕਹੀਆਂ ਭਾਵਨਾਵਾਂ ਜਨਮ ਲੈਂਦੀਆਂ ਹਨ। ਮੇਰੇ ਨਾਲ ਵੀ ਕੁਝ ਏਦਾਂ ਹੀ ਹੋਇਆ। ਇੱਕ ਦਿਨ ਅਚਾਨਕ ਮਨ ਹੋਇਆ ਕਿ ਆਪਣੇ ਅੰਦਰ ਦੀਆਂ ਗੱਲਾਂ ਕਿਸੇ ਨਾਲ ਸਾਂਝੀਆਂ ਕਰਾਂ, ਪਰ ਸ਼ਬਦ ਕਿਸੇ ਇਨਸਾਨ ਨੂੰ ਨਹੀਂ, ਇੱਕ ਖਾਲੀ ਕਾਗਜ਼ ਨੂੰ ਮਿਲ ਗਏ।

ਉਸ ਦਿਨ ਤੋਂ ਬਾਅਦ ਜ਼ਿੰਦਗੀ ਪਹਿਲਾਂ ਵਰਗੀ ਨਹੀਂ ਰਹੀ। ਲੱਗਦਾ ਸੀ ਜਿਵੇਂ ਮੇਰੇ ਅੰਦਰ ਕੋਈ ਖਾਮੋਸ਼ ਦਰਿਆ ਵਹਿਣ ਲੱਗ ਪਿਆ ਹੋਵੇ। ਮੈਂ ਪਹਿਲਾਂ ਵੀ ਉਹੀ ਇਨਸਾਨ ਸੀ, ਉਹੀ ਰਾਹਾਂ 'ਤੇ ਤੁਰਦਾ ਸੀ, ਉਹੀ ਲੋਕ ਮੇਰੇ ਆਲੇ-ਦੁਆਲੇ ਸਨ ਪਰ ਅੰਦਰ ਕੁਝ ਬਦਲ ਗਿਆ ਸੀ।

ਇਹ ਸੱਚ ਹੈ ਕਿ ਮੇਰੇ ਮਨ ਅੰਦਰ ਇੱਕ ਅਜਿਹੀ ਆਵਾਜ਼ ਜਾਗ ਪਈ ਸੀ ਜੋ ਪਹਿਲਾਂ ਕਦੇ ਸੁਣੀ ਹੀ ਨਹੀਂ ਸੀ ਮੈਂ। ਇਹ ਆਵਾਜ਼ ਆਪਣੇ ਆਪ ਵਿੱਚ ਅਲੌਕਾਰੀ ਸੀ। ਮਨ ਨੂੰ ਸੁਰ ਵਿੱਚ ਕਰਨ ਵਾਲੀ ਆਵਾਜ਼।

ਮੈਂ ਕਲਮ ਹੱਥ ਵਿੱਚ ਫੜੀ ਅਤੇ ਬਿਨਾਂ ਸੋਚੇ ਸਮਝੇ ਲਿਖਣਾ ਸ਼ੁਰੂ ਕਰ ਦਿੱਤਾ। ਉਹ ਸ਼ਬਦ ਨਾ ਤਾਂ ਕਿਸੇ ਕਿਤਾਬ ਤੋਂ ਪੜੇ ਹੋਏ ਸੀ ਅਤੇ ਨਾ ਹੀ ਕਿਸੇ ਨੇ ਮੈਨੂੰ ਸਿਖਾਏ ਸਨ, ਜਾਂ ਸੁਣਾਏ ਸਨ। ਉਹ ਸ਼ਬਦ ਤਾਂ ਮੇਰੇ ਅੰਦਰੋਂ ਆਪਣੇ ਆਪਣੇ ਆਪ ਨਿਕਲ ਰਹੇ ਸਨ। ਲਗਣ ਲੱਗਿਆ ਕਿ ਜਿਵੇਂ ਰੱਬ ਨੇ ਮੇਰੇ ਮਨ ਮਸਤਕ ਅੰਦਰ ਕੋਈ ਰੋਸ਼ਨੀ ਭਰ ਦਿੱਤੀ ਹੋਵੇ। ਮੈਨੂੰ ਮਹਿਸੂਸ ਹੋਣ ਲੱਗਿਆ ਕਿ ਸ਼ਾਇਦ ਇਹ ਸਿਰਫ ਲਿਖਣਾ ਨਹੀਂ, ਇਹ ਉਸ ਕਾਦਰ ਤੇ ਕੁਦਰਤ ਦੀ ਮੇਹਰ ਹੋਈ ਹੈ, ਜਿਸ ਨੇ ਮੇਰੇ ਅੰਦਰ ਇੱਕ ਸ਼ਾਇਰ ਨੂੰ ਜਨਮ ਦਿੱਤਾ ਹੈ। ਮੈਨੂੰ ਕਲਾ ਨਾਲ ਨਿਵਾਜਿਆ ਹੈ।

ਉਸ ਦਿਨ ਤੋਂ ਖਾਲੀ ਕਾਗਜ਼ ਮੇਰੇ ਲਈ ਸਿਰਫ ਕਾਗਜ਼ ਨਹੀਂ ਰਹੇ। ਉਹ ਮੇਰੇ ਦਿਲ ਦੇ ਰਾਜ਼ਾਂ ਦੇ ਸਾਥੀ ਬਣ ਗਏ। ਜਦੋਂ ਵੀ ਮਨ ਵਿੱਚ ਅਹਿਸਾਸ ਉਠਦਾ, ਖੁਸ਼ੀ ਦਾ ਹੋਵੇ, ਦਰਦ ਦਾ ਹੋਵੇ, ਜਾਂ ਅਮੁੱਕ ਯਾਦਾਂ ਦਾ, ਉਹ ਮੈਂ ਉਹਨਾਂ ਨੂੰ ਕਾਗਜ਼ 'ਤੇ ਉਤਾਰ ਦਿੰਦਾ ਹਾਂ। ਹਰ ਲਫ਼ਜ਼ ਨਾਲ ਲੱਗਦਾ ਸੀ ਜਿਵੇਂ ਮੈਂ ਆਪਣੇ ਆਪ ਨੂੰ ਥੋੜ੍ਹਾ ਹੋਰ ਸਮਝਣ ਲੱਗ ਪਿਆ ਹਾਂ।

ਅੱਜ ਜਦੋਂ ਮੈਂ ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਸਮਝ ਆਉਂਦੀ ਹੈ ਕਿ ਉਹ ਸਿਰਫ ਲਿਖਣ ਦੀ ਸ਼ੁਰੂਆਤ ਨਹੀਂ ਸੀ, ਉਹ ਮੇਰੀ ਰੂਹ ਦੀ ਆਵਾਜ਼ ਸੀ। ਸ਼ਾਇਦ ਹਰ ਇਨਸਾਨ ਦੇ ਅੰਦਰ ਕੋਈ ਨਾ ਕੋਈ ਕਹਾਣੀ ਲੁਕੀ ਹੁੰਦੀ ਹੈ, ਪਰ ਕੁਝ ਖੁਸ਼ਕਿਸਮਤ ਲੋਕਾਂ ਨੂੰ ਕਾਦਰ ਤੇ ਕੁਦਰਤ ਉਹ ਕਹਾਣੀ ਲਫ਼ਜ਼ਾਂ ਵਿੱਚ ਕਹਿਣ ਦੀ ਤਾਕਤ ਦੇ ਦਿੰਦਾ ਹੈ ਅਤੇ ਸ਼ਾਇਦ ਮੈਂ ਵੀ ਉਹਨਾਂ ਵਿੱਚੋਂ ਇੱਕ ਹਾਂ। ਮੈਨੂੰ ਹੁਣ ਇਲਮ ਹੋ ਗਿਆ ਹੈ ਕਿ ਸ਼ਬਦ ਦੀ ਤਾਕਤ ਕਿੰਨੀ ਹੈ। ਇਹ ਵੀ ਇਲਮ ਹੋ ਗਿਆ ਹੈ ਕਿ ਕੋਈ ਵੀ ਕਾਗਜ਼ ਖਾਲੀ ਨਹੀਂ ਹੁੰਦਾ।

ਰਮਨ ਜੈਪੁਰਾ

# ਬੇਰੁਜ਼ਗਾਰੀ ਦੂਰ ਕਰਨਾ ਬਣੇ ਤਰਜੀਹ

1991 ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਤੇਜ਼ ਕਰਨ ਦਾ ਟੀਚਾ ਰੁਜ਼ਗਾਰ ਵਿਚ ਵਾਧਾ ਕਰਨਾ ਅਤੇ ਦੇਸ਼ ਵਿਚ ਸੰਤੁਲਿਤ ਵਿਕਾਸ ਵੱਲ ਵਧਣਾ ਸੀ। ਸੁਧਾਰਾਂ ਤੋਂ ਬਾਅਦ ਇਨ੍ਹਾਂ ਵਿਚ ਵਾਧਾ ਹੋਇਆ ਹੈ ਅਤੇ ਇਹੋ ਕਾਰਨ ਹੈ ਕਿ ਭਾਰਤ ਦੀ ਆਰਥਿਕਤਾ ਜਿਹੜੀ ਦੁਨੀਆ ਭਰ ਵਿਚ ਛੇਵੇਂ ਸਥਾਨ 'ਤੇ ਸੀ, ਉਹ ਚੌਥੇ ਸਥਾਨ 'ਤੇ ਆ ਗਈ ਹੈ ਅਤੇ ਛੇਤੀ ਹੀ ਜਾਪਾਨ ਦੀ ਅਰਥ ਵਿਵਸਥਾ ਤੋਂ ਵਧ ਕੇ ਇਹ ਦੁਨੀਆ ਦੀ ਤੀਸਰੀ ਵੱਡੀ ਅਰਥਵਿਵਸਥਾ ਬਣ ਜਾਵੇਗੀ। ਪਰ ਜੇ ਦੇਸ਼ ਵਿਚ ਰੁਜ਼ਗਾਰ ਦੀ ਸਥਿਤੀ, ਹਰ ਸਾਲ ਵਧਦੀ ਮਹਿੰਗਾਈ, ਭਾਰਤੀ ਰੁਪਏ ਦੀ ਵਿਦੇਸ਼ੀ ਕਰੰਸੀਆਂ ਦੇ ਹਿਸਾਬ ਨਾਲ ਡਿੱਗਦੀ ਕੀਮਤ ਅਤੇ ਸਭ ਤੋਂ ਵੱਧ ਦਿਨ-ਬ-ਦਿਨ ਵਧਦੀ ਆਮਦਨ ਦੀ ਨਾਬਰਾਬਰੀ ਵੱਲ ਧਿਆਨ ਦਿੱਤਾ ਜਾਵੇ ਤਾਂ ਇਸ ਤਰ੍ਹਾਂ ਦੇ ਵਿਕਾਸ ਬਾਰੇ ਅਨੇਕਾਂ ਖਦਸ਼ੇ ਪੈਦਾ ਹੁੰਦੇ ਹਨ।

ਹਰ ਕੋਈ ਇਸ ਤੋਂ ਹੋਰ ਪਰੇਸ਼ਾਨ ਹੋ ਜਾਂਦਾ ਹੈ ਕਿ ਇਸ ਵਿਕਾਸ ਨਾਲ ਕੀ ਲਾਭ ਹੋਇਆ ਹੈ। ਨਿੱਜੀ ਕਾਰੋਬਾਰਾਂ ਲਈ ਵੱਧ ਤੋਂ ਵੱਧ ਉਦਾਰੀਕਰਨ ਦੀਆਂ ਨੀਤੀਆਂ ਅਪਣਾਈਆਂ ਗਈਆਂ ਸਨ ਤਾਂ ਕਿ ਮੁੱਖ ਤੌਰ 'ਤੇ ਉਤਪਾਦਨ ਅਤੇ ਰੁਜ਼ਗਾਰ ਦੋਵਾਂ ਵਿਚ ਵਾਧਾ ਹੋਵੇ, ਉਤਪਾਦਨ ਵਿਚ ਤਾਂ ਬਹੁਤ ਵਾਧਾ ਹੋ ਗਿਆ ਪਰ ਇਹ ਰੁਜ਼ਗਾਰ ਦੀ ਲਾਗਤ 'ਤੇ ਹੋਇਆ। ਇਸ ਵਕਤ ਭਾਰਤ ਵਿਚ ਪਿਛਲੇ 50 ਸਾਲਾਂ ਵਿਚ ਸਭ ਤੋਂ ਵੱਧ ਬੇਰੁਜ਼ਗਾਰੀ ਦੇ ਨਾਲ ਹੀ ਅਰਧ-ਬੇਰੁਜ਼ਗਾਰੀ ਹੈ। ਇਨ੍ਹਾਂ ਆਰਥਿਕ ਸੁਧਾਰਾਂ ਨੇ ਵੱਡੀਆਂ ਬਹੁਦੇਸ਼ੀ ਕੰਪਨੀਆਂ ਨੂੰ ਬਹੁਤ ਚੰਗੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਕੰਪਨੀਆਂ ਨੇ ਆਟੋਮੈਟਿਕ ਅਤੇ ਕੀਮਤੀ ਮਸ਼ੀਨਾਂ ਤੇ ਰਿਮੋਟ ਪ੍ਰਣਾਲੀ ਨੂੰ ਕਿਰਤੀਆਂ ਦੀ ਜਗ੍ਹਾ ਵਰਤ ਕੇ, ਪਹਿਲਾਂ ਤੋਂ ਹੀ ਬੇਰੁਜ਼ਗਾਰ ਵਸੋਂ ਵਿਚ ਹੋਰ ਬੇਰੁਜ਼ਗਾਰੀ ਪੈਦਾ ਕਰ ਦਿੱਤੀ ਹੈ।

ਪਿਛਲੇ 2-3 ਸਾਲਾਂ ਵਿਚ ਕਿਰਤ ਮੰਡੀ ਵਿਚ ਜਿੱਥੇ ਇਕ ਕਰੋੜ ਨਵੇਂ ਲੋਕ ਹਰ ਸਾਲ ਸ਼ਾਮਿਲ ਹੋ ਰਹੇ ਹਨ, ਉੱਥੇ ਸਿਰਫ਼ 27 ਲੱਖ ਨੌਕਰੀਆਂ ਸਾਲਾਨਾ ਹੀ ਪੈਦਾ ਹੋ ਰਹੀਆਂ ਹਨ।ਦੁਨੀਆ ਵਿਚ ਭਾਰਤ ਭਾਵੇਂ ਵਸੋਂ ਦੇ ਹਿਸਾਬ ਨਾਲ ਪਹਿਲੇ ਨੰਬਰ ਦਾ ਦੇਸ਼ ਹੈ, ਪਰ ਦੁਨੀਆ ਵਿਚ ਸਭ ਤੋਂ ਬੇਰੁਜ਼ਗਾਰ ਵੀ ਇੱਥੇ ਹੀ ਹਨ, ਸਭ ਤੋਂ ਵੱਧ 4 ਕਰੋੜ ਦੇ ਕਰੀਬ ਬੱਚੇ ਕਿਰਤ ਕਰਨ ਲਈ ਮਜਬੂਰ ਹਨ। ਗ਼ਰੀਬੀ ਦੀ ਦਿੱਤੀ ਗਈ ਵਿਵਾਦਿਤ ਪਰਿਭਾਸ਼ਾ ਦੇ ਬਾਵਜੂਦ, ਇਸ ਦੇਸ਼ 'ਚ ਬਹੁਤ ਜਿਆਦਾ ਗਰੀਬੀ ਹੈ। ਗ਼ਰੀਬੀ ਦੀ ਮੁੱਖ ਵਜ੍ਹਾ ਹੀ ਬੇਰੁਜ਼ਗਾਰੀ ਹੈ ਅਤੇ ਇਸ ਗ਼ਰੀਬੀ ਨਾਲ ਹੋਰ ਸਮਾਜਿਕ ਬੁਰਾਈਆਂ ਪੈਦਾ ਹੁੰਦੀਆਂ ਹਨ। ਗਰੀਬੀ




ਦਾ ਇਕ ਕਾਰਨ ਆਮਦਨ ਨਾਬਰਾਬਰੀ ਹੈ, ਜਿਹੜੀ ਹਰ ਸਾਲ ਘਟਣ ਦੀ ਬਜਾਏ ਵਧ ਰਹੀ ਹੈ।

ਭਾਰਤ ਹੀ ਉਹ ਦੇਸ਼ ਹੈ ਜਿੱਥੇ ਸਭ ਤੋਂ ਵੱਧ ਵਸੋਂ ਖੇਤੀਬਾੜੀ ਵਿਚ ਲੱਗੀ ਹੋਈ ਹੈ। ਅਜੇ ਵੀ ਦੇਸ਼ ਦੀ 60 ਫ਼ੀਸਦੀ ਵਸੋਂ ਖੇਤੀ 'ਤੇ ਨਿਰਭਰ ਕਰਦੀ ਹੈ ਪਰ ਉਹ ਵਸੋਂ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿਚ ਸਿਰਫ਼ 14 ਫ਼ੀਸਦੀ ਹਿੱਸਾ ਪਾਉਂਦੀ ਹੈ ਜਦਕਿ ਬਾਕੀ 40 ਫ਼ੀਸਦੀ ਵਸੋਂ ਦਾ ਕੁੱਲ ਆਮਦਨ ਵਿਚ 86 ਫ਼ੀਸਦੀ ਹਿੱਸਾ ਹੈ, ਜਿਹੜਾ ਖੇਤੀ ਵਾਲੀ ਵਸੋਂ ਦੀ ਔਸਤ ਆਮਦਨ ਤੋਂ 6 ਗੁਣਾ ਜ਼ਿਆਦਾ ਹੈ। ਆਰਥਿਕ ਸੁਧਾਰਾਂ ਵਿਚ ਉਦਯੋਗਾਂ ਵਿਚ ਇਸ ਹੱਦ ਤੱਕ ਵਿਕਾਸ ਨਹੀਂ ਹੋਇਆ ਕਿ ਉਹ ਖੇਤੀ ਵਾਲੀ ਵਸੋਂ ਨੂੰ ਰੁਜ਼ਗਾਰ ਪ੍ਰਦਾਨ ਕਰ ਸਕੇ।

ਖੇਤੀ ਵਿਚ ਰੁਜ਼ਗਾਰ ਦੇ ਮੌਕੇ ਸੀਮਤ ਹਨ ਅਤੇ ਬਹੁਤ ਅਧਿਐਨਾਂ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਖੇਤੀ ਵਸੋਂ ਲਈ ਮਸ਼ੀਨੀਕਰਨ ਕਰਕੇ, ਸਾਲ ਵਿਚ ਕੰਮ ਸਿਰਫ਼ 30 ਦਿਨ ਦਾ ਅਤੇ ਦਿਨ ਵਿਚ 2-3 ਘੰਟੇ ਦਾ ਹੀ ਰਹਿ ਗਿਆ ਹੈ ਅਤੇ ਜ਼ਿਆਦਾਤਰ ਵਸੋਂ ਅਰਧ-ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੀ ਹੈ। ਕਿਹਾ ਜਾਂਦਾ ਹੈ ਕਿ ਕੰਮ ਨਹੀਂ ਤਾਂ ਉਤਪਾਦਨ ਨਹੀਂ ਅਤੇ ਜੇ ਉਤਪਾਦਨ ਨਹੀਂ ਤਾਂ ਆਮਦਨ ਨਹੀਂ। ਕੰਮ ਤਾਂ ਉਦਯੋਗਾਂ ਵਿਚ ਹੀ ਪੈਦਾ ਹੋ ਸਕਦਾ ਹੈ ਪਰ ਇਨ੍ਹਾਂ ਸੁਧਾਰਾਂ ਨਾਲ ਉਦਯੋਗੀਕਰਨ ਵਿਚ ਓਨਾ ਵਾਧਾ ਨਹੀਂ ਹੋ ਸਕਿਆ। ਨਵੇਂ ਸੁਧਾਰਾਂ ਨਾਲ ਉੱਦਮੀਆਂ ਨੂੰ ਮਿਲੀਆਂ ਖੁੱਲ੍ਹਾਂ ਕਰਕੇ ਉਨ੍ਹਾਂ ਨੇ ਉਹ ਤਕਨੀਕਾਂ ਅਪਣਾਈਆਂ ਹਨ ਜੋ ਕਿਰਤ ਦਾ ਬਦਲ ਬਣ ਸਕਣ। ਇਕ ਰਿਪੋਰਟ ਅਨੁਸਾਰ ਪਹਿਲਾਂ 1.70 ਲੱਖ ਰੁਪਏ ਦੇ ਨਿਵੇਸ਼ ਨਾਲ ਇਕ ਨਵਾਂ ਰੁਜ਼ਗਾਰ ਪੈਦਾ ਹੋ ਸਕਦਾ ਹੈ ਪਰ ਇਸ ਘੱਟ ਪੂੰਜੀ ਦਾ ਲਾਭ ਕਿਰਤੀਆਂ ਵਾਸਤੇ ਨਹੀਂ ਬਲਕਿ ਉਦਯੋਗਿਕ ਉੱਦਮੀਆਂ ਲਈ ਹੀ ਹੈ।

ਦੂਜੇ ਪਾਸੇ ਇਕ ਕਿਰਤੀ ਦੀ ਔਸਤ ਉਤਪਾਦਕਤਾ ਪਹਿਲਾਂ ਨਾਲੋਂ 34 ਫ਼ੀਸਦੀ ਵਧ ਗਈ ਹੈ ਜੋ ਨਵੀਆਂ ਤਕਨੀਕਾਂ ਦੇ ਕਾਰਨ ਹੋਈ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਨਵੇਂ ਆਰਥਿਕ ਸੁਧਾਰਾਂ ਨਾਲ ਵੱਡੇ ਪੈਮਾਨੇ ਦੇ ਉਦਯੋਗਾਂ ਅਤੇ ਬਹੁਦੇਸ਼ੀ ਕੰਪਨੀਆਂ ਨੂੰ ਬਹੁਤ ਲਾਭ ਹੋਏ ਹਨ ਪਰ ਇਸ ਦਾ ਆਮ ਵਿਅਕਤੀ ਨੂੰ ਲਾਭ ਨਹੀਂ ਹੋਇਆ। ਇਨ੍ਹਾਂ ਸੁਧਾਰਾਂ ਨੇ ਸਿਰਫ਼ ਵੱਡੇ ਪੈਮਾਨੇ ਦੇ ਉਦਯੋਗਾਂ ਲਈ ਵਿਕਾਸ ਕੀਤਾ ਹੈ ਜਿਨ੍ਹਾਂ ਵਿਚ ਪ੍ਰਤੀ ਇਕਾਈ ਘੱਟ ਰੁਜ਼ਗਾਰ ਪੈਦਾ ਹੁੰਦਾ ਹੈ, ਛੋਟੇ ਪੈਮਾਨੇ ਦੇ ਉਦਯੋਗਾਂ ਨੂੰ ਉਤਸ਼ਾਹਤ ਨਹੀਂ ਕੀਤਾ ਗਿਆ, ਜਿਨ੍ਹਾਂ ਵਿਚ ਜ਼ਿਆਦਾ ਰੁਜ਼ਗਾਰ ਪੈਦਾ ਹੁੰਦਾ ਹੈ। ਪੰਜਾਬ ਵਿਚ ਵੱਡੇ ਪੈਮਾਨੇ ਵਿਚ ਜਿੱਥੇ 1 ਲੱਖ ਕਰੋੜ ਰੁਪਏ ਦੇ ਨਿਵੇਸ਼ ਨਾਲ 2 ਲੱਖ ਨੌਕਰੀਆਂ ਮਿਲਦੀਆਂ ਸਨ, ਉੱਥੇ ਛੋਟੇ ਪੈਮਾਨੇ ਦੇ 25 ਹਜ਼ਾਰ ਕਰੋੜ ਰੁਪਏ ਨਾਲ 8 ਲੱਖ ਨੌਕਰੀਆਂ ਮਿਲ ਸਕਦੀਆਂ ਹਨ। ਇਨ੍ਹਾਂ ਸੁਧਾਰਾਂ ਦੀਆਂ ਖੁੱਲ੍ਹਾਂ ਨਾਲ ਇਕ ਉੱਦਮੀ ਵਿਚ ਦਿਹਾੜੀਦਾਰ ਕਿਰਤੀ ਅਤੇ ਠੇਕੇ 'ਤੇ ਕਿਰਤੀ ਰੱਖਣ ਦੀ ਰੁਚੀ ਵਧ ਗਈ ਹੈ। ਇਸ ਨਾਲ ਉਹ ਕਿਰਤ ਨੂੰ ਮਿਲਣ ਵਾਲੀਆਂ ਕਈ ਤਰ੍ਹਾਂ ਦੀਆਂ ਸਮਾਜਿਕ ਸੁਰੱਖਿਆਵਾਂ ਦੀ ਜ਼ਿੰਮੇਵਾਰੀ ਨਹੀਂ ਉਠਾਉਂਦਾ। ਇਸ ਦੇ ਸਿੱਟੇ ਵਜੋਂ ਸਧਾਰਣ ਕਿਰਤੀ ਜਿੱਥੇ ਆਪਣੀ ਕਿਰਤ ਦੇ ਲਗਾਤਾਰ ਹੋਣ ਸਬੰਧੀ ਹਮੇਸ਼ਾ ਹੀ ਗੈਰਯਕੀਨੀ ਵਿਚ ਰਹਿੰਦਾ ਹੈ, ਉੱਥੇ ਉਹ ਸਮਾਜਿਕ ਸੁਰੱਖਿਆ ਦੇ ਪੱਖ ਤੋਂ ਅਣਗੌਲਿਆ ਰਹਿੰਦਾ ਹੈ। ਇਹ ਉਸ ਲਈ ਇਕ ਵੱਡਾ ਮਾਨਸਿਕ ਬੋਝ ਹੈ। ਇਹ ਉਸ ਦੀ ਕਿਰਤ ਸ਼ਕਤੀ ਅਤੇ ਉਤਪਾਦਕਤਾ ਨੂੰ ਪ੍ਰਭਾਵਿਤ ਕਰਦਾ ਹੈ। ਉਦਯਗਿਕ ਖੇਤਰ ਦੇ ਕਿਰਤੀਆਂ ਲਈ ਘਟਦੀ ਹੋਈ ਸਮਾਜਿਕ ਸੁਰੱਖਿਆ ਇਕ ਚਿੰਤਾ ਦਾ ਵਿਸ਼ਾ ਹੈ। ਪਿਛਲੇ ਸਮਿਆਂ ਵਿਚ ਕਈ ਪਬਲਿਕ ਸੈਕਟਰ ਕਾਰੋਬਾਰਾਂ ਨੂੰ ਨਿੱਜੀ ਕਾਰਪੋਰੇਸ਼ਨਾਂ ਕੋਲ ਵੇਚਿਆ ਗਿਆ ਹੈ ਅਤੇ ਉਹ ਕਿਰਤੀ ਜੋ ਸਰਕਾਰੀ ਕਾਰੋਬਾਰਾਂ ਵਿਚ ਉੱਚੀ ਸਮਾਜਿਕ ਸੁਰੱਖਿਆ ਪ੍ਰਾਪਤ ਕਰਦੇ ਸਨ, ਉਹ ਹੁਣ ਨਿੱਜੀ ਕਾਰੋਬਾਰਾਂ ਵਿਚ ਉਹ ਸੁਰੱਖਿਆ ਪ੍ਰਾਪਤ ਨਹੀਂ ਕਰ ਰਹੇ। ਇਸ ਵਿਚ ਸ਼ੱਕ ਨਹੀਂ ਕਿ ਪਿਛਲੇ ਸਮੇਂ ਵਿਚ ਉਤਪਾਦਨ ਵਿਚ ਬਹੁਤ ਵੱਡਾ ਵਾਧਾ ਹੋਇਆ ਹੈ। ਇਹ ਇਸ ਗੱਲ ਤੋਂ ਵੀ ਸਾਬਤ ਹੁੰਦਾ ਹੈ ਕਿ ਵੱਡੀਆਂ-ਵੱਡੀਆਂ ਕਾਰਪੋਰੇਸ਼ਨਾਂ ਦੇ ਸਾਲਾਨਾ ਲਾਭ ਬਹੁਤ ਵਧੇ ਹਨ। ਕੁੱਲ ਉਤਪਾਦਨ ਵਧਣ ਕਰਕੇ ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ ਵੀ ਬਹੁਤ ਵਧੀ ਹੈ ਅਤੇ ਹੁਣ 2 ਲੱਖ ਰੁਪਏ ਪ੍ਰਤੀ ਵਿਅਕਤੀ ਦੇ ਕਰੀਬ ਹੈ ਪਰ ਕੀ ਇਹ ਆਮਦਨ ਹਰ ਵਿਅਕਤੀ ਲਈ ਇੰਨੀ ਹੈ? ਜੇ ਇੰਨੀ ਹੋਵੇ ਤਾਂ ਭਾਰਤ ਦਾ ਇਕ ਵੀ ਵਿਅਕਤੀ ਗ਼ਰੀਬੀ ਦੀ ਰੇਖਾ ਤੋਂ ਥੱਲੇ ਨਹੀਂ ਰਹਿ ਸਕਦਾ ਸਗੋਂ ਹਰ ਵਿਅਕਤੀ ਹੀ ਹਰ ਤਰ੍ਹਾਂ ਦੇ ਸੁੱਖ ਮਾਣ ਸਕਦਾ ਹੈ। ਪਰ ਤੱਥ ਇਸ ਦੇ ਕਿਤੇ ਉਲਟ ਹਨ।

ਪਿਛਲੇ ਸਮੇਂ ਵਿਚ ਨਾਬਾਰਡ ਦੀ ਇਕ ਰਿਪੋਰਟ ਵਿਚ ਇਹ ਗੱਲ ਆਈ ਸੀ ਕਿ ਖੇਤੀ ਘਰਾਂ ਦੀ ਪ੍ਰਤੀ ਘਰ ਔਸਤ ਆਮਦਨ 30 ਹਜ਼ਾਰ ਤੋਂ ਹੇਠਾਂ ਹੈ। ਭਾਰਤ ਵਿਚ 80 ਕਰੋੜ ਲੋਕਾਂ ਨੂੰ ਸਸਤੇ ਰਾਸ਼ਨ ਦਿੱਤੇ ਜਾ ਰਹੇ ਹਨ। ਦੇਸ਼ ਵਿਚ ਆਮਦਨ ਨਾ-ਬਰਾਬਰੀ ਕਰਕੇ ਪ੍ਰਤੀ ਵਿਅਕਤੀ ਆਮਦਨ ਜਾਂ ਪ੍ਰਤੀ ਘਰ ਔਸਤ ਆਮਦਨ ਦੇਸ਼ ਦੀ ਆਰਥਿਕਤਾ ਜਾਂ ਰੁਜ਼ਗਾਰ ਦੀ ਸਹੀ ਤਸਵੀਰ ਨਹੀਂ ਵਿਖਾਉਂਦੀ।ਕਿਰਤ ਇਕ ਇਹੋ ਜਿਹੀ ਸੇਵਾ ਹੈ ਜਿਸ ਨੂੰ ਜਮ੍ਹਾਂ ਕਰਕੇ ਨਹੀਂ ਰੱਖਿਆ ਜਾ ਸਕਦਾ। ਜੇ ਅੱਜ ਕੰਮ ਨਹੀਂ ਕੀਤਾ ਤਾਂ ਉਹ ਕੱਲ੍ਹ ਵਾਸਤੇ ਤਾਂ ਸਟੋਰ ਨਹੀਂ ਕੀਤਾ ਜਾ ਸਕਦਾ, ਉਹ ਕਿਰਤ ਜਾਂ ਸਮਾਂ ਖਰਾਬ ਹੋ ਜਾਂਦਾ ਹੈ। ਭਾਰਤ ਵਿਚ 15 ਕਰੋੜ ਲੋਕ ਬੇਰੁਜ਼ਗਾਰ ਦੱਸੇ ਜਾਂਦੇ ਹਨ ਅਤੇ ਇਸ ਤੋਂ ਇਲਾਵਾ ਵੱਡੀ ਗਿਣਤੀ ਵਿਚ ਅਰਧ-ਬੇਰੁਜ਼ਗਾਰੀ ਅਤੇ ਲੁਕੀ-ਛਿਪੀ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਵੱਲੋਂ ਪੂਰੇ ਰੁਜ਼ਗਾਰ 'ਤੇ ਨਾ ਲੱਗਣਾ ਜਾਂ ਕਿਰਤ ਦਾ ਖਰਾਬ ਜਾਣਾ ਦੇਸ਼ ਦੇ ਬਹੁਤ ਕੀਮਤੀ ਸਾਧਨਾਂ ਦਾ ਨੁਕਸਾਨ ਹੈ। ਬੇਰੁਜ਼ਗਾਰੀ ਦੀ ਸਮੱਸਿਆ ਨੂੰ ਦੂਰ ਕਰਨਾ ਸਰਕਾਰ ਦੀ ਪਹਿਲੀ ਤਰਜੀਹ ਬਣਨੀ ਚਾਹੀਦੀ ਹੈ। ਕੇਂਦਰ ਅਤੇ ਸੂਬਿਆਂ ਦੀਆਂ ਸਰਕਾਰਾਂ ਨੂੰ ਇਸ ਮੁੱਦੇ 'ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਬੇਰੁਜ਼ਗਾਰੀ ਨੂੰ ਖਤਮ ਕਰਨ ਲਈ ਇਕ ਉਹ ਨੀਤੀ ਬਣਨੀ ਬਹੁਤ ਜ਼ਰੂਰੀ ਹੈ ਜੋ ਸਮੁੱਚੇ ਦੇਸ਼ ਦੇ ਹਰ ਹਿੱਸੇ ਵਿਚ ਨਵੇਂ ਰੁਜ਼ਗਾਰ ਪੈਦਾ ਕਰਨ ਲਈ ਸਹਾਇਕ ਹੋਵੇ।

# ਇਰਾਨੀ ਮਿੱਟੀ ਦੀ ਇੱਟ...!

ਅਮਰੀਕਾ-ਇਜਰਾਇਲ ਅਤੇ ਈਰਾਨ ਵਿਚਾਲੇ ਚੱਲ ਰਹੇ ਤਣਾਅ ਭਰੇ ਸੰਘਰਸ ਨੇ ਵਿਸਵ ਭਰ ਵਿਚ ਮਹਿੰਗਾਈ ਦੀ ਲਹਿਰ ਉਠਾਈ ਹੈ, ਪਰ ਪੰਜਾਬ ਵਿਚ ਇਸਦਾ ਰੂਪ ਬਿਲਕੁਲ ਵੱਖਰਾ ਅਤੇ ਭਿਆਨਕ ਹੋ ਗਿਆ ਹੈ। ਇੱਥੇ ਭੱਠਾ ਮਾਲਕਾਂ ਨੇ ਲੁੱਟ ਦਾ ਇੱਕ ਨਵਾਂ ਆਤੰਕ ਮਚਾ ਦਿੱਤਾ ਹੈ। ਇਸ ਵਿਚ ਕੋਈ ਦੋ ਰਾਏ ਨਹੀਂ ਹੈ ਕਿ ਅੰਤਰਰਾਸਟਰੀ ਸੰਘਰਸ ਕਾਰਨ ਤੇਲ, ਗੈਸ ਅਤੇ ਆਯਾਤੀ ਵਸਤੂਆਂ ਦੀਆਂ ਕੀਮਤਾਂ ਵਧਣੀਆਂ ਸਮਝ ਵਿਚ ਆਉਂਦੀਆਂ ਹਨ, ਪਰ ਇੱਥੇ ਤਾਂ ਸਥਾਨਕ ਉਤਪਾਦਨ ਵਾਲੀ ਚੀਜ ਉੱਤੇ ਵੀ ਲੁੱਟ ਵਧਾ ਦਿੱਤੀ ਗਈ ਹੈ। ਪਿਛਲੇ ਸਾਲ ਜਿਹੜੀ ਇੱਟ 6000 ਤੋਂ 6500 ਰੁਪਏ ਪ੍ਰਤੀ ਹਜਾਰ ਮਿਲਦੀ ਸੀ, ਉਹ ਅੱਜ 9000 ਤੋਂ 9500 ਰੁਪਏ ਪ੍ਰਤੀ ਹਜਾਰ ਤੱਕ ਪਹੁੰਚ ਗਈ ਹੈ। ਇਹ ਵਾਧਾ ਸਿਰਫ ਮਹਿੰਗਾਈ ਨਹੀਂ, ਬਲਕਿ ਇੱਕ ਯੋਜਨਾਬੱਧ ਲੁੱਟ ਹੈ।



ਸਭ ਤੋਂ ਵੱਡੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਇੱਟਾਂ ਸੂਬੇ ਦੀ ਆਪਣੀ ਮਿੱਟੀ ਤੋਂ ਬਣਦੀਆਂ ਹਨ। ਇਹ ਮਿੱਟੀ ਕਿਤੇ ਈਰਾਨ ਤੋਂ ਆਯਾਤ ਤਾਂ ਨਹੀਂ ਕੀਤੀ ਜਾ ਰਹੀ? ਕੀ ਹੁਣ ਬਣਨ ਵਾਲੀਆਂ ਇੱਟਾਂ ਇਰਾਨੀ ਮਿੱਟੀ ਤੋਂ ਤਿਆਰ ਹੋ ਰਹੀਆਂ ਹਨ? ਇਹ ਸਵਾਲ ਉੱਠਣਾ ਲਾਜਮੀ ਹੈ ਕਿਉਂਕਿ ਲੋਕਲ ਉਤਪਾਦਨ ਉੱਤੇ ਅਜਿਹਾ ਅਚਾਨਕ ਅਤੇ ਵੱਡਾ ਵਾਧਾ ਕਿਸੇ ਵੀ ਤਰ੍ਹਾਂ ਦੇ ਤਰਕ ਵਿਚ ਨਹੀਂ ਆਉਂਦਾ। ਇੱਕ ਆਮ ਮੱਧ ਵਰਗੀ ਪਰਿਵਾਰ ਲਈ ਆਪਣਾ ਛੋਟਾ ਜਿਹਾ ਘਰ ਬਣਾਉਣਾ ਇੱਕ ਸੁਪਨਾ ਹੁੰਦਾ ਹੈ। ਉਹ ਸਾਲਾਂ ਤੱਕ ਘਰ ਬਣਾਉਣ ਲਈ ਪੈਸੇ ਜੋੜਦਾ ਹੈ, ਉਮੀਦਾਂ ਰੱਖਦਾ ਹੈ। ਪਰ ਭੱਠਾ ਮਾਲਕਾਂ ਨੇ ਇਸ ਸੁਪਨੇ ਨੂੰ ਵੀ ਤੋੜ ਕੇ ਰੱਖ ਦਿੱਤਾ ਹੈ। ਇੱਕ ਆਮ ਘਰ ਲਈ ਲੱਖਾਂ ਰੁਪਏ ਵਾਧੇ ਦਾ ਬੋਝ ਮਕਾਨ ਬਣਾਉਣ ਵਾਲੇ ਪਰਿਵਾਰਾਂ ਉੱਤੇ ਆ ਗਿਆ ਹੈ ਜਿਸਦਾ ਨਤੀਜਾ ਇਹ ਹੈ ਕਿ ਬਹੁਤ ਸਾਰੇ ਲੋਕ ਘਰ ਬਣਾਉਣ ਦਾ ਖਿਆਲ ਹੀ ਛੱਡ ਰਹੇ ਹਨ।

ਇਸ ਲੁੱਟ ਤੋਂ ਵੀ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਇਹਨਾਂ ਭੱਠਾ ਮਾਲਕਾਂ ਨੂੰ ਨਾ ਤਾਂ ਸਰਕਾਰ ਦਾ ਡਰ ਹੈ ਅਤੇ ਨਾ ਹੀ ਪ੍ਰਸਾਸਨ ਦਾ ਦਾ ਡਰ ਹੈ। ਉਹ ਬੇਖੌਫ ਇਸ ਲੁੱਟ ਨੂੰ ਜਾਰੀ ਰੱਖ ਰਹੇ ਹਨ। ਕਿਤੇ ਨਾ ਕਿਤੇ ਇਹ ਲੱਗਦਾ ਹੈ ਕਿ ਇਹ ਸਭ ਮਿਲੀ ਭੁਗਤ ਨਾਲ ਚੱਲ ਰਿਹਾ ਹੈ। ਜੇਕਰ ਸਰਕਾਰੀ ਤੰਤਰ ਚੁੱਪ ਰਿਹਾ ਹੈ ਤਾਂ ਇਸ ਚੁੱਪੀ ਪਿੱਛੇ ਵੀ ਕੋਈ ਵਜ੍ਹਾ ਹੋਣੀ ਚਾਹੀਦੀ ਹੈ। ਇਸ ਲੁੱਟ ਦਾ ਨਤੀਜਾ ਸਿਰਫ ਆਮ ਨਾਗਰਿਕ ਹੀ ਭੁਗਤ ਰਿਹਾ ਹੈ। ਉਸਦੇ ਘਰ ਬਣਾਉਣ ਦੇ ਸੁਪਨੇ ਟੁੱਟ ਰਹੇ ਹਨ, ਉਸਦੀ ਮਿਹਨਤ ਦੀ ਕਮਾਈ ਇਸ ਇਰਾਨੀ ਮਿੱਟੀ ਦੀ ਇੱਟ ਦੇ ਚੱਕਰ ਵਿੱਚ ਬਿਨ੍ਹਾ ਵਜ੍ਹਾ ਲੁੱਟ ਹੋ ਰਹੀ ਹੈ।

ਇਹ ਬਹੁਤ ਗੰਭੀਰ ਮੁੱਦਾ ਹੈ। ਸੂਬਾ ਸਰਕਾਰ ਨੂੰ ਤੁਰੰਤ ਇਸ ਲੁੱਟ ਉੱਤੇ ਰੋਕ ਲਗਾਉਣੀ ਚਾਹੀਦੀ ਹੈ। ਭੱਠਾ ਮਾਲਕਾਂ ਉੱਤੇ ਨਿਗਰਾਨੀ ਵਧਾਈ ਜਾਵੇ ਅਤੇ ਇੱਟਾਂ ਲਈ ਕੰਟਰੋਲ ਰੇਟ ਲਾਗੂ ਕੀਤੇ ਜਾਣ। ਸੂਬੇ ਦੀ ਮਿੱਟੀ ਨੂੰ ਇਸ ਤਰ੍ਹਾਂ ਮਹਿੰਗੇ ਭਾਅ ਵੇਚਣਾ ਆਪਣੇ ਲੋਕਾਂ ਨਾਲ ਗੱਦਾਰੀ ਹੈ। ਜੇਕਰ ਸਰਕਾਰ ਨੇ ਇਸ ਵੱਲ ਧਿਆਨ ਨਾ ਦਿੱਤਾ ਤਾਂ ਆਮ ਲੋਕਾਂ ਦਾ ਵਿਸਵਾਸ ਟੁੱਟ ਜਾਵੇਗਾ ਅਤੇ ਇਸ ਲੁੱਟ ਦਾ ਆਤੰਕ ਹੋਰ ਵੀ ਵਧਦਾ ਚਲਾ ਜਾਵੇਗਾ। ਸਮੇਂ ਦੀ ਮੰਗ ਹੈ ਕਿ ਇਸ ਇਰਾਨੀ ਮਿੱਟੀ ਵਾਲੀ ਇੱਟ ਦੀ ਲੁੱਟ ਨੂੰ ਰੋਕਿਆ ਜਾਵੇ ਅਤੇ ਲੋਕਾਂ ਨੂੰ ਉਨ੍ਹਾਂ ਦੀ ਆਪਣੀ ਮਿੱਟੀ ਦਾ ਨਿਆਂ ਦਿੱਤਾ ਜਾਵੇ।

ਸੰਦੀਪ ਕੁਮਾਰ

# ਸਿੱਖ ਕੌਮ ਦੇ ਮਹਾਨ ਜਰਨੈਲ 'ਜੱਸਾ ਸਿੰਘ ਰਾਮਗੜ੍ਹੀਆ'



ਜਨਮ ਦਿਹਾੜਾ ਵਿਸ਼ੇਸ਼

ਜੱਸਾ ਸਿੰਘ ਰਾਮਗੜ੍ਹੀਆ ਸਿੱਖ ਕੌਮ ਦਾ ਉਹ ਜਰਨੈਲ ਹੈ, ਜਿਸਨੇ ਸਿੱਖਾਂ ਦੀ ਖਿਲਰੀ ਤਾਕਤ ਨੂੰ ਇਕ ਮੁੱਠ ਕਰਕੇ ਸਿੱਖ ਕੌਮ ਵਿਚ ਜੋਸ਼ ਭਰ ਕੇ ਪੰਜਾਬ ਤੇ ਦਿੱਲੀ ਦੀ ਧਰਤੀ 'ਤੇ ਖ਼ਾਲਸਾਈ ਝੰਡੇ ਝੁਲਾ ਕੇ ਆਪਣੀ ਸਿੱਖ ਰਾਜ ਦੀ ਨੀਂਹ ਸਥਾਪਤ ਕੀਤੀ। ਜੱਸਾ ਸਿੰਘ ਰਾਮਗੜ੍ਹੀਆ ਦੀ ਅਗਵਾਈ ਵਿਚ ਸਿੱਖਾਂ ਨੇ ਜ਼ਾਲਮਾਂ ਨੂੰ ਦਿਨ ਵਿਚ ਤਾਰੇ ਦਿਖਾ ਦਿੱਤੇ। ਪੰਜਾਬ 'ਤੇ ਹਮਲਾ ਕਰਨ ਵਾਲੇ ਕਹਿੰਦੇ ਕਹਾਉਂਦੇ ਜਰਵਾਣਿਆ ਦੇ ਗਰੂਰ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ ਸੀ। ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਰਾਮਗੜ੍ਹੀਆ ਮਿਸਲ ਦੇ ਬਾਨੀ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ 5 ਮਈ 1723 ਈ. ਨੂੰ ਲਾਹੌਰ ਜ਼ਿਲ੍ਹੇ ਦੇ (ਈਚੋਗਿਲ) ਪਿੰਡ ਵਿਚ ਗਿਆਨੀ ਭਗਵਾਨ ਸਿੰਘ ਦੇ ਘਰ ਹੋਇਆ। ਇਸ ਦੇ ਦਾਦਾ ਹਰਦਾਸ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਲਈ ਸੀ ਅਤੇ ਬੰਦਾ ਬਹਾਦਰ ਦੀਆਂ ਮੁਗ਼ਲਾਂ ਨਾਲ ਹੋਈਆਂ ਲੜਾਈਆਂ ਵਿਚ ਹਿੱਸਾ ਲਿਆ ਸੀ।

ਆਪ ਦੇ ਪਿਤਾ ਸ: ਭਗਵਾਨ ਸਿੰਘ ਇਕ ਬਹਾਦਰ ਯੋਧਾ ਹੋਣ ਦੇ ਨਾਲ-ਨਾਲ ਸੰਤ ਸੁਭਾਅ ਵਾਲੇ ਵਿਅਕਤੀ ਸਨ ਅਤੇ ਉਘੇ ਧਾਰਮਿਕ ਪ੍ਰਚਾਰਕ ਵੀ ਸਨ। ਇਸ ਕਰਕੇ ਉਨ੍ਹਾਂ ਨੂੰ ਗਿਆਨੀ ਭਗਵਾਨ ਸਿੰਘ ਆਖਿਆ ਜਾਂਦਾ ਸੀ। ਆਪ 5 ਭਰਾ ਸਨ ਜੱਸਾ ਸਿੰਘ, ਜੈ ਸਿੰਘ, ਖ਼ੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ।

ਭਾਈ ਕਾਨ੍ਹ ਸਿੰਘ ਅਨੁਸਾਰ ਆਪਣੀ ਕੁੜੀ ਨੂੰ ਮਾਰਨ ਦੇ ਦੋਸ਼ ਵਿਚ ਇਸ ਨੂੰ ਪੰਥ ਤੋਂ ਛੇਕਿਆ ਗਿਆ। ਸੰਨ 1745 ਈ. ਵਿਚ ਇਸ ਦੇ ਜਲੰਧਰ-ਦੁਆਬ ਦੇ ਫ਼ੌਜਦਾਰ ਅਦੀਨਾ ਬੇਗ ਪਾਸ ਨੌਕਰੀ ਕਰ ਲੈਣ 'ਤੇ ਪੰਥ ਵਿਚ ਇਸ ਪ੍ਰਤਿ ਗੁੱਸੇ ਦੀ ਲਹਿਰ ਦੌੜ ਗਈ। ਅਕਤੂਬਰ 1748 ਈ. ਵਿਚ ਜਦੋਂ ਦੀਵਾਲੀ ਦੇ ਮੌਕੇ 'ਤੇ ਅੰਮ੍ਰਿਤਸਰ ਵਿਚ ਸਰਬੱਤ ਖ਼ਾਲਸਾ ਜੁੜਿਆ, ਤਾਂ ਲਾਹੌਰ ਦੇ ਸੂਬੇਦਾਰ ਮੀਰ ਮੰਨੂ ਨੇ ਸਿੱਖਾਂ ਨੂੰ ਖਦੇੜਨ ਲਈ ਅੰਮ੍ਰਿਤਸਰ ਉਤੇ ਹਮਲਾ ਕਰ ਦਿੱਤਾ। ਬਹੁਤੇ ਸਿੱਖ ਨੇੜਲੇ ਜੰਗਲ ਵਲ ਖਿਸਕ ਗਏ ਪਰ ਲਗਭਗ 500 ਸਿੱਖਾਂ ਨੇ ਨਵੀਂ ਬਣੀ ਰਾਮ ਰੌਣੀ ਨਾਂ ਦੀ ਕੱਚੀ ਗੜ੍ਹੀ ਵਿਚ ਸ਼ਰਣ ਲੈ ਲਈ। ਮੁਗ਼ਲ ਸੈਨਾ ਨੇ ਚਾਰ ਮਹੀਨੇ ਘੇਰਾ ਪਾਈ ਰਖਿਆ, ਜਿਸ ਵਿਚ ਲਗਭਗ ਦੋ ਸੌ ਸਿੰਘ ਸ਼ਹੀਦ ਹੋ ਗਏ। ਬਾਕੀ ਬਚੇ ਅੰਦਰਲਿਆਂ ਸਿੰਘਾਂ ਨੇ ਸ. ਜੱਸਾ ਸਿੰਘ ਨੂੰ ਮਦਦ ਲਈ ਕਿਹਾ। ਜੱਸਾ ਸਿੰਘ ਨੇ ਅਦੀਨਾ ਬੇਗ ਦੀ ਨੌਕਰੀ ਛਡ ਕੇ ਦੀਵਾਨ ਕੌੜਾ ਮੱਲ ਰਾਹੀਂ ਗੜ੍ਹੀ ਦਾ ਘੇਰਾ ਹਟਵਾਇਆ ਅਤੇ ਪੰਥ ਤੋਂ ਮਾਫ਼ੀ ਮੰਗੀ। ਨਵੰਬਰ, 1753 ਈ. ਵਿਚ ਮੀਰ ਮੰਨੂ ਦੀ ਮੌਤ ਤੋਂ ਬਾਅਦ ਪੰਜਾਬ ਵਿਚ ਅਰਾਜਕਤਾ ਪਸਰ ਗਈ। 'ਰਾਮ ਰੌਣੀ' ਗੜ੍ਹੀ ਨੂੰ ਫਿਰ ਤੋਂ ਉਸਾਰਨ ਦਾ ਕੰਮ ਜੱਸਾ ਸਿੰਘ ਨੂੰ ਸੌਂਪਿਆ ਗਿਆ। ਇਸ ਨੇ ਗੜ੍ਹੀ ਦਾ ਨਿਰਮਾਣ ਕਰਾ ਕੇ ਉਸ ਦਾ ਨਾਂ 'ਰਾਮਗੜ੍ਹ' ਰਖਿਆ। ਉਸ ਦਿਨ ਤੋਂ ਇਸ ਨੂੰ 'ਰਾਮਗੜ੍ਹੀਆ' ਕਿਹਾ ਜਾਣ ਲਗਾ ।

ਜੱਸਾ ਸਿੰਘ ਰਾਮਗੜ੍ਹੀਆ ਨੇ ਪਹਿਲੀ ਲੜਾਈ 14 ਸਾਲ ਦੀ ਉਮਰ ਵਿਚ ਆਪਣੇ ਪਿਤਾ ਭਗਵਾਨ ਸਿੰਘ ਨਾਲ ਨਾਦਰ ਸ਼ਾਹ ਦੇ ਨਾਲ ਲੜੀ। ਇਸ ਲੜਾਈ ਵਿਚ 14 ਸਾਲਾ ਸ: ਜੱਸਾ ਸਿੰਘ ਰਾਮਗੜ੍ਹੀਏ ਨੇ ਯੁੱਧ ਕਲਾ ਦੇ ਉਹ ਜੋਹਰ ਦਿਖਾਏ, ਜਿਸਨੂੰ ਵੇਖ ਕੇ ਵੱਡੇ-ਵੱਡੇ ਜਰਨੈਲ ਹੈਰਾਨ ਰਹਿ ਗਏ ਪਰ ਇਸ ਲੜਾਈ ਵਿਚ ਉਨ੍ਹਾਂ ਦੇ ਪਿਤਾ ਸ: ਭਗਵਾਨ ਸਿੰਘ ਸ਼ਹੀਦ ਹੋ ਗਏ। ਗਿਆਨੀ ਭਗਵਾਨ ਸਿੰਘ ਦੀ ਕੁਰਬਾਨੀ ਤੇ ਜੱਸਾ ਸਿੰਘ ਦੀ ਬਹਾਦੁਰੀ ਤੋਂ ਖ਼ੁਸ਼ ਹੋ ਕੇ ਜਕਰੀਆ ਖਾਨ ਨੇ ਉਨ੍ਹਾਂ ਦੇ ਪੁਤਰ ਜੱਸਾ ਸਿੰਘ ਤੇ ਉਸਦੇ ਭਰਾਵਾਂ ਨੂੰ ਪੰਜ ਪਿੰਡ, ਵੱਲਾ, ਚੱਬਾ, ਤੁੰਗ, ਸੁਲਤਾਨਵਿੰਡ ਤੇ ਵੇਰਕਾ, ਜਗੀਰ ਵਜੋਂ ਦਿੱਤੇ।

ਤਰਨ ਤਾਰਨ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਸਰੋਵਰ ਦੀ ਪਰਕਰਮਾ ਨੂੰ ਪੱਕਾ ਕਰਨ ਲਈ ਇੱਟਾਂ ਤਿਆਰ ਕੀਤੀਆਂ ਗਈਆਂ ਸਨ ਪਰ ਇਨ੍ਹਾਂ ਇਟਾਂ ਨੂੰ ਨੂਰਦੀਨ ਦਾ ਪੁੱਤਰ ਅਮੀਰਦੀਨ ਜਬਰਦਸਤੀ ਚੁੱਕ ਕੇ ਲੈ ਗਿਆ ਤੇ ਨੂਰਦੀਨ ਦੀ ਸਰਾਂ ਬਣਵਾਈ। ਉਸ ਵਲੇ ਸਿੱਖਾਂ ਨੇ ਜਦ ਗੁਰੂ ਸਾਹਿਬ ਨੂੰ ਸ਼ਿਕਾਇਤ ਕੀਤੀ ਤਾਂ ਗੁਰੂ ਜੀ ਨੇ ਗੁਰਵਾਕ ਕੀਤਾ ਸੀ ਕਿ ਸਮਾਂ ਆਉਣ 'ਤੇ ਇਹ ਇੱਟਾਂ ਮੁੜਕੇ ਇਸ ਸਰੋਵਰ 'ਤੇ ਹੀ ਲਗਣਗੀਆਂ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਨੂਰਦੀਨ ਦੀ ਸਰਾਂ ਢੁਵਾ ਕੇ ਮੁੜ ਸਰੋਵਰ ਦੀ ਪਰਕਰਮਾਂ ਪੱਕੀ ਕਰਵਾ ਕੇ ਗੁਰਵਾਕ ਨੂੰ ਪੂਰਾ ਕੀਤਾ ਸੀ ਇਸੇ ਤਰਾਂ ਆਪਨੇ ਗੁਰੂਦੁਆਰਾ ਸ੍ਰੀ ਬਾਬਾ ਅਟੱਲ ਸਾਹਿਬ ਦੀ ਉਸਾਰੀ ਸ਼ੁਰੂ ਕੀਤੀ, ਜਿਸਨੂੰ ਬਾਅਦ ਵਿਚ ਆਪ ਜੀ ਦੇ ਸਪੁਤੱਰ ਬਾਬਾ ਜੋਧ ਸਿੰਘ ਜੀ ਨੇ ਪੂਰਾ ਕੀਤਾ। ਆਪਨੇ ਛੋਟਾ ਘੱਲੂਘਾਰਾ ਤੇ ਵੱਡਾ ਘੱਲੂਘਾਰਾ ਸਮੇ ਬਾਕੀ ਸਿੱਖ ਸਰਦਾਰਾਂ ਨਾਲ ਮਿਲਕੇ ਮੁਗਲਾਂ ਦੇ ਉਹ ਦੰਦ ਖੱਟੇ ਕੀਤੇ ਕਿ ਉਹ ਕਈ ਪੁਸ਼ਤਾਂ ਤਕ ਯਾਦ ਕਰਦੇ ਰਹੇ ਤੇ ਮੁੜ ਪੰਜਾਬ ਵੱਲ ਮੂੰਹ ਨਹੀਂ ਕੀਤਾ। ਆਪ ਜੀ ਦੀ ਬਹਾਦਰੀ ਦੇ ਕਿਸੇ ਤਾਂ ਦੁਸ਼ਮਨ ਵੀ ਆਪਣੇ ਇਤਹਾਸ ਵਿਚ ਲਿਖਣਾ ਨਹੀਂ ਭੁੱਲੇ। ਮੁਹਸਿਨ ਫਾਨੀ ਨੇ ਆਪਣੀ ਪੁਸਤਕਜੰਗ ਨਾਮੇ ਵਿਚ ਲਿਖਿਆ ਹੈ ," ਉਹ (ਸ. ਜੱਸਾ ਸਿੰਘ ਕਲਾਲ) ਦੇ ਨਾਲ ਇਕ ਸ. ਜੱਸਾ ਸਿੰਘ ਠੋਕਾ (ਤਰਖਾਣ) ਵੀ ਸੀ ਜੋ ਉਨ੍ਹਾਂ ਕੁੱਤਿਆਂ (ਸਿੱਖਾਂ) ਦੇ ਵਿਚਕਾਰ ਬਿਫਰੇ ਹੋਏ ਸ਼ੇਰ ਵਾਂਗ ਸੀ।

1783 ਨੂੰ ਸਿੱਖ ਫੋਜਾਂ ਨੇ ਦਿੱਲੀ ਤੇ ਹਮਲਾ ਕਰ ਦਿੱਤਾ, ਇਕ ਪਾਸਿਉਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਆਪਣੀਆਂ ਫੌਜਾਂ ਨਾਲ ਤੇ ਦੂਸਰੇ ਪਾਸੇ ਤੋਂ ਸ: ਜੱਸਾ ਸਿੰਘ ਆਹਲੂਵਾਲੀਆ ਤੇ ਸ: ਬਘੇਲ ਸਿੰਘ ਵੀ ਆਪਣੀਆਂ ਫੋਜਾਂ ਸਮੇਤ ਪਹੁੰਚ ਗਏ। ਸਾਰੀਆਂ ਸਿੱਖ ਫੌਜਾਂ 11 ਮਾਰਚ, 1783 ਨੂੰ ਦਿੱਲੀ ਦੇ ਲਾਲ ਕਿਲ੍ਹੇ ਵਿਚ ਦਾਖਲ ਹੋ ਕੇ ਕਿਲ੍ਹੇ 'ਤੇ ਕਬਜਾ ਕਰ ਲਿਆ ਅਤੇ ਇਸ ਉਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਕੇ ਸਿੱਖਾਂ ਦੀਆਂ ਜਿੱਤਾਂ ਦੇ ਝੰਡੇ ਗੱਡ ਦਿੱਤੇ।

ਇਸ ਲਈ ਉਸ ਨੇ ਸਿੱਖਾਂ ਦਾ ਸੁਆਗਤ ਕੀਤਾ ਅਤੇ ਕੀਮਤੀ ਤੋਹਫੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਦਿੱਤੇ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਮੁਗਲ ਸਾਮਰਾਜ ਦਾ ਤਖਤ ਪੁੱਟ ਕੇ ਗੁਰੂ ਰਾਮ ਦਾਸ ਜੀ ਦੇ ਸਥਾਨ 'ਤੇ ਸ੍ਰੀ ਅੰਮ੍ਰਿਤਸਰ ਵਿਖੇ ਲਿਆ ਕੇ ਰੱਖ ਦਿੱਤਾ ਸੀ ।

ਦਿੱਲੀ ਦੇ ਆਸ-ਪਾਸ ਦੇ ਮੁਸਲਮਾਨ ਨਵਾਬ ਜੱਸਾ ਸਿੰਘ ਰਾਮਗੜ੍ਹੀਆ ਦੀ ਸਰਨ ਵਿਚ ਆਏ। ਮੇਰਠ ਦੇ ਨਵਾਬ ਨੇ ਜੱਸਾ ਸਿੰਘ ਨੂੰ 10,000 ਰੁਪਏ ਨਜਰਾਨੇ ਵਿਚ ਦਿੱਤੇ, ਜਿਸ ਦੇ ਇਵਜ ਵਿਚ ਜੱਸਾ ਸਿੰਘ ਨੇ ਉਸ ਦੇ ਇਲਾਕੇ ਉਸ ਨੂੰ ਵਾਪਸ ਦੇ ਦਿੱਤੇ। 1783 ਵਿਚ ਜੱਸਾ ਸਿੰਘ ਆਹਲੂਵਾਲੀਆ ਦੀ ਮੌਤ ਹੋ ਗਈ। ਜੱਸਾ ਸਿੰਘ ਰਾਮਗੜ੍ਹੀਆ ਪੰਜਾਬ ਵਾਪਸ ਆ ਗਿਆ ਅਤੇ ਆਪਣੇ ਖੁਸੇ ਹੋਏ ਇਲਾਕਿਆਂ 'ਤੇ ਦੋਬਾਰਾ ਕਬਜਾ ਕਰ ਲਿਆ। ਹੁਣ ਜੱਸਾ ਸਿੰਘ ਰਾਮਗੜ੍ਹੀਆ ਨੇ ਸੁਕਰਚਕੀਆ ਮਿਸਲ ਵੱਲ ਦੋਸਤੀ ਦਾ ਹੱਥ ਵਧਾਇਆ ਤੇ ਦੋਹਾਂ ਨੇ ਮਿਲ ਕੇ ਕਨ੍ਹਈਆ ਮਿਸਲ ਦੀ ਤਾਕਤ ਦਾ ਖਾਤਮਾ ਕਰ ਦਿੱਤਾ। ਰਾਮਗੜ੍ਹੀਆ ਕੋਲ ਆਪਣੀ ਚੜ੍ਹਤ ਦੇ ਦਿਨਾ ਵਿਚ ਬਾਰੀ ਦੋਆਬ ਵਿਚ ਬਟਾਲਾ, ਕਲਾਨੌਰ, ਦੀਨਾਨਗਰ, ਸ੍ਰੀ ਹਰਗੋਬਿੰਦਪੁਰ, ਸਾਹਪੁਰ ਕੰਡੀ, ਗੁਰਦਾਸਪੁਰ, ਕਾਦੀਆਂ, ਘੁਮਾਨ, ਮੱਤੇਵਾਲ, ਅਤੇ ਜਲੰਧਰ ਵਿਚ ਉੜਮੁੜ ਟਾਂਡਾ, ਮਿਆਣੀ, ਗੜ੍ਹਦੀਵਾਲ ਅਤੇ ਜਹੂਰਾ ਸਨ। ਪਹਾੜੀ ਇਲਾਕਿਆਂ ਵਿਚ ਇਸ ਮਿਸਲ ਕੋਲ ਕਾਂਗੜਾ, ਨੂਰਪੁਰ, ਮੰਡੀ ਸਨ ਅਤੇ ਚੰਬਾ ਦਾ ਹਿੰਦੂ ਰਾਜ ਉਸ ਨੂੰ ਨਜਰਾਨਾ ਪੇਸ ਕਰਦਾ ਸੀ। 80 ਸਾਲ ਦੀ ਉਮਰ ਵਿਚ ਜੱਸਾ ਸਿੰਘ ਰਾਮਗੜ੍ਹੀਆ ਦਾ 1803 ਵਿਚ ਦੇਹਾਂਤ ਹੋ ਗਿਆ।

ਡਾਕਟਰ ਭੁਪਿੰਦਰ ਸਿੰਘ

# ਸਿੱਖਿਆ ਦੀ ਗੁਣਵੱਤਾ



ਕੇਂਦਰੀ ਸੈਕੰਡਰੀ ਸਿੱਖਿਆ ਬੋਰਡ ਭਾਵ ਸੀਬੀਐੱਸਈ ਦੀ 10ਵੀਂ ਜਮਾਤ ਦੇ ਇਮਤਿਹਾਨ ਦਾ ਨਤੀਜਾ ਆਉਣ ਤੋਂ ਬਾਅਦ ਯੂਪੀ ਬੋਰਡ ਦੀ ਹਾਈ ਸਕੂਲ ਤੇ ਇੰਟਰਮੀਡੀਏਟ ਪ੍ਰੀਖਿਆ ਦਾ ਵੀ ਨਤੀਜਾ ਆ ਗਿਆ। ਕੁਝ ਹੋਰ ਬੋਰਡ ਪ੍ਰੀਖਿਆਵਾਂ ਦੇ ਨਤੀਜੇ ਵੀ ਆ ਚੁੱਕੇ ਹਨ। ਜੋ ਨਤੀਜੇ ਹੁਣ ਤੱਕ ਆਏ ਹਨ, ਉਨ੍ਹਾਂ 'ਚ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੀ ਵੱਡੀ ਗਿਣਤੀ ਦਿਖਾਈ ਦੇ ਰਹੀ ਹੈ। ਉਹ ਵਧਾਈ ਤੇ ਪ੍ਰਸ਼ੰਸਾ ਦੇ ਪਾਤਰ ਬਣਨ ਦੇ ਨਾਲ ਹੋਰ ਵਿਦਿਆਰਥੀਆਂ ਲਈ ਪ੍ਰੇਰਣਾਸ੍ਰੋਤ ਵੀ ਬਣ ਰਹੇ ਹਨ। ਇਹ ਸੁਭਾਵਿਕ ਹੈ, ਪਰ ਇਸੇ ਦੇ ਨਾਲ ਇਹ ਵੀ ਵਿਚਾਰਯੋਗ ਹੈ ਕਿ ਕੀ ਦੇਸ਼ 'ਚ ਅਜਿਹੀਆਂ ਯੋਗਤਾਵਾਂ ਦਾ ਵਿਕਾਸ ਹੋ ਰਿਹਾ ਹੈ, ਜਿਵੇਂ ਅੱਜ ਦੇ ਯੁਗ 'ਚ ਜਰੂਰੀ ਹੈ ਤੇ ਜੋ ਦੇਸ਼ ਦੀ ਵਿਗਿਆਨਕ ਅਤੇ ਤਕਨੀਕੀ ਤਰੱਕੀ 'ਚ ਸਹਾਇਕ ਬਣ ਸਕੇ।

ਅਸੀਂ ਇਸ ਦੀ ਅਣਦੇਖੀ ਨਹੀਂ ਕਰ ਸਕਦੇ ਕਿ ਅਜਿਹੀ ਗੁਣਵੱਤਾ ਵਾਲੀ ਸਿੱਖਿਆ ਨਹੀਂ ਦਿੱਤੀ ਜਾ ਰਹੀ ਹੈ, ਜਿਹੋ ਜਿਹੀ ਸਮੇਂ ਦੀ ਮੰਗ ਹੈ। ਇਕ ਮੁਸ਼ਕਲ ਇਹ ਵੀ ਹੈ ਕਿ ਵੱਡੀ ਗਿਣਤੀ 'ਚ ਵਿਦਿਆਰਥੀ ਵਿਦੇਸ਼ ਪੜ੍ਹਣ ਲਈ ਜਾਂਦੇ ਹਨ। ਉੱਚ ਸਿੱਖਿਆ ਲਈ ਪੱਛਮੀ ਦੇਸ਼ਾਂ ਦੇ ਨਾਲ ਵਿਕਾਸਸ਼ੀਲ ਦੇਸ਼ਾਂ 'ਚ ਵੀ ਪੜ੍ਹਣ ਜਾਣ ਦਾ ਚਲਨ ਵਧਿਆ ਹੈ। ਆਖਰ ਅਜਿਹਾ ਕਿਉਂ ਹੈ, ਇਸ 'ਤੇ ਨਾ ਸਿਰਫ ਡੂੰਘਾਈ ਨਾਲ ਵਿਚਾਰ ਹੋਣਾ ਚਾਹੀਦਾ ਹੈ, ਬਲਕਿ ਉਨ੍ਹਾਂ ਕਾਰਨਾਂ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ, ਜਿਨ੍ਹਾਂ ਕਾਰਨ ਅਜਿਹਾ ਹੋ ਰਿਹਾ ਹੈ। ਇਸੇ ਦੇ ਨਾਲ ਇਹ ਵੀ ਦੇਖਣਾ ਪਵੇਗਾ ਕਿ ਵਿੱਦਿਅਕ ਅਦਾਰਿਆਂ 'ਚ ਖੋਜ ਅਤੇ ਵਿਕਾਸ ਦੀ ਗੁਣਵੱਤਾ ਕਿਵੇਂ ਵਧਾਈ ਜਾਵੇ। ਭਾਰਤ ਖੋਜ ਪੱਤਰਾਂ ਦੀ ਗਿਣਤੀ ਦੇ ਮਾਮਲੇ 'ਚ ਤਾਂ ਤੀਜੇ ਸਥਾਨ 'ਤੇ ਹੈ, ਪਰ ਉਨ੍ਹਾਂ ਦੀ ਗੁਣਵੱਤਾ ਦੇ ਪੱਧਰ 'ਤੇ ਕਿਤੇ ਪਿੱਛੇ ਹੈ। ਇਸ ਦਾ ਇਕ ਵੱਡਾ ਕਾਰਨ ਇਹ ਹੈ ਕਿ ਭਾਰਤ ਆਪਣੀ ਜੀਡੀਪੀ ਦਾ ਇਕ ਫੀਸਦੀ ਵੀ ਖੋਜ 'ਤੇ ਖਰਚ ਨਹੀਂ ਕਰਦਾ, ਜਦਕਿ ਕਈ ਵਿਕਾਸਸ਼ੀਲ ਦੇਸ਼ ਚਾਰ ਤੋਂ ਪੰਜ ਫੀਸਦੀ ਤੱਕ ਕਰਦੇ ਹਨ। ਵਿੱਦਿਅਕ ਅਦਾਰਿਆਂ 'ਚ ਉੱਨਤ ਲੈਬਾਰਟਰੀਆਂ ਤੇ ਸਿਖਲਾਈ ਦੀ ਥੁੜ੍ਹ ਵੀ ਗੁਣਵੱਤਾ ਵਾਲੇ ਖੋਜ ਕਾਰਜਾਂ 'ਚ ਅੜਿੱਕਾ ਬਣ ਰਹੀ ਹੈ। ਇਹ ਸਹੀ ਹੈ ਕਿ ਪਿਛਲੇ ਸਮੇਂ 'ਚ ਦੇਸ਼ 'ਚ ਤੇਜੀ ਨਾਲ ਵੱਡੀ ਗਿਣਤੀ 'ਚ ਨਿੱਜੀ ਸਕੂਲ ਤੇ ਨਾਲ ਹੀ ਉੱਚ ਵਿੱਦਿਅਕ ਅਦਾਰੇ ਖੁੱਲ੍ਹੇ ਹਨ, ਪਰ ਉਨ੍ਹਾਂ 'ਚ ਵੀ ਖੋਜ ਦਾ ਪੱਧਰ ਤਸੱਲੀਬਖਸ਼ ਨਹੀਂ। ਨਿੱਜੀ ਵਿੱਦਿਅਕ ਅਦਾਰਿਆਂ ਦਾ ਰੈਗੂਲੇਸ਼ਨ ਵੀ ਸਹੀ ਤਰ੍ਹਾਂ ਨਹੀਂ ਹੋ ਰਿਹਾ। ਇਸ ਦੀ ਇਕ ਮਿਸਾਲ ਨਿੱਜੀ ਸਕੂਲਾਂ ਦੀ ਮਨਮਰਜੀ ਦਾ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਨੋਟਿਸ ਲਿਆ ਜਾਣਾ ਹੈ। ਕਮਿਸ਼ਨ ਨੇ ਇਹ ਪਾਇਆ ਕਿ ਪ੍ਰਾਈਵੇਟ ਸਕੂਲ ਵਿਦਿਆਰਥੀਆਂ ਤੇ ਪਰਿਵਾਰ ਵਾਲਿਆਂ 'ਤੇ ਇਸ ਲਈ ਦਬਾਅ ਬਣਾਉਂਦੇ ਹਨ ਕਿ ਉਹ ਨਿੱਜੀ ਪ੍ਰਕਾਸ਼ਕਾਂ ਦੀਆਂ ਕਿਤਾਬਾਂ ਖਰੀਦਣ। ਕਮਿਸ਼ਨ ਨੇ ਇਸ ਨੂੰ ਲੈ ਕੇ ਸਾਰੇ ਸੂਬਿਆਂ ਨੂੰ ਨੋਟਿਸ ਜਾਰੀ ਕੀਤਾ ਹੈ। ਕਹਿਣਾ ਮੁਸ਼ਕਲ ਹੈ ਕਿ ਇਸ ਕਦਮ ਦੇ ਕੋਈ ਸਕਾਰਾਤਮਕ ਨਤੀਜੇ ਸਾਹਮਣੇ ਆਉਣਗੇ ਜਾਂ ਨਹੀਂ? ਜੋ ਵੀ ਹੋਵੇ, ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਸਕੂਲੀ ਪੱਧਰ 'ਤੇ ਕੋਚਿੰਗ ਸੱਭਿਆਚਾਰ ਜਿਸ ਤਰ੍ਹਾਂ ਵਧ ਫੁੱਲ ਰਿਹਾ ਹੈ, ਉਹ ਕੋਈ ਸ਼ੁਭ ਸੰਕੇਤ ਨਹੀਂ। ਪਹਿਲਾਂ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਸ਼ੁਰੂ ਹੋਈ ਕੋਚਿੰਗ ਨੇ ਇਕ ਵਪਾਰ ਦਾ ਰੂਪ ਲਿਆ। ਹੁਣ ਸਕੂਲੀ ਸਿੱਖਿਆ ਦੀ ਕੋਚਿੰਗ ਵੀ ਇਕ ਵਪਾਰ ਬਣ ਰਹੀ ਹੈ। ਇਹ ਬਿਲਕੁਲ ਵੀ ਠੀਕ ਨਹੀਂ।

ਤੇਜਿੰਦਰ ਥਿੰਦ

# ਬਾਦਸ਼ਾਹ-ਏ-ਹਿੰਦ, ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ




18ਵੀਂ ਸਦੀ ਦੇ ਮਹਾਨ ਸੂਰਵੀਰ ਯੋਧੇ ਜਰਨੈਲ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ, ਜਿੰਨਾ ਨੇ ਜੰਗਲਾਂ ਬੇਲਿਆ ਅਤੇ ਪਹਾੜਾਂ ਵਿਚ ਰਹਿ ਰਹੇ ਸਿੰਘਾਂ (ਜਿੰਨਾਂ ਨੂੰ ਸਮੇਂ ਦੀਆਂ ਹਕੂਮਤਾਂ ਖਤਮ ਕਰਨਾ ਚਾਹੁੰਦੀਆਂ ਸਨ), ਨੂੰ ਦੋ ਘੱਲੂਘਾਰਿਆਂ, 7 ਕਤਲੇਆਮਾਂ ਤੇ ਸੈਂਕੜੇ ਯੁੱਧਾਂ ਵਿਚੋਂ ਕੱਢਕੇ ਸਿੱਖ ਰਾਜ ਸਥਾਪਤ ਹੀ ਨਹੀਂ ਕੀਤਾ, ਸਗੋਂ 800 ਸਾਲਾਂ ਤੋਂ ਵਿਦੇਸ਼ੀ ਹਕੂਮਤਾਂ ਦੇ ਗੁਲਾਮ ਭਾਰਤ ਨੂੰ ਵੀ ਆਜਾਦ ਕਰਵਾਇਆ। ਸ. ਜੱਸਾ ਸਿੰਘ ਜੀ ਆਹਲੂਵਾਲੀਆ ਨੇ ਜਦ ਸਿੱਖ ਕੌਮ ਦੀ ਵਾਗਡੋਰ ਸੰਭਾਲੀ, ਉਦੋ ਜਿੱਥੇ ਇਕ ਪਾਸੇ ਮੁਗਲਾਂ ਨੇ ਸਿੱਖਾਂ ਨੂੰ ਖਤਮ ਕਰਨ ਲਈ ਸਿੱਖਾਂ ਦੇ ਸਿਰਾਂ ਦੇ ਮੁੱਲ ਤਹਿ ਕੀਤੇ ਸਨ, ਉਥੇ ਅਬਦਾਲੀ ਵੀ ਸਿੱਖਾਂ ਨੂੰ ਖਤਮ ਕਰਨ ਲਈ ਪੂਰੀ ਤਾਕਤ ਲਗਾ ਰਿਹਾ ਸੀ। ਪਰ ਸ.ਜੱਸਾ ਸਿੰਘ ਦੀ ਦੂਰਅੰਦੇਸ਼ੀ ਸੂਰਬੀਰਤਾ ਤੇ ਗੁਰੀਲਾ ਯੁੱਧ ਨੀਤੀ ਦੇ ਸਦਕਾ ਸਿੱਖਾਂ ਨੇ ਦੁਸ਼ਮਣਾਂ ਦੇ ਅਜਿਹੇ ਦੰਦ ਖੱਟੇ ਕੀਤੇ ਕਿ ਉਹ ਸਿੱਖਾਂ ਤੋਂ ਥਰ-ਥਰ ਕੰਬਣ ਲਗ ਪਏ। ਜਿਥੇ ਸਿੱਖ ਲੁੱਕ ਛੁਪ ਕੇ ਰਹਿੰਦੇ ਸਨ, ਖੁੱਲ ਕੇ ਕਿਤੇ ਆ ਜਾ ਨਹੀਂ ਸੀ ਸਕਦੇ, ਉਥੇ ਹੀ ਜੱਸਾ ਸਿੰਘ ਦੀ ਸੂਰਬੀਰਤਾ ਅਤੇ ਬਹਾਦੁਰੀ ਸਦਕਾ ਲਾਹੌਰ (ਪਾਕਿਸਤਾਨ) ਤੋਂ ਦਿੱਲੀ ਤੱਕ ਖਾਲਸੇ ਦਾ ਰਾਜ ਕਾਇਮ ਹੋ ਗਿਆ।

ਜੱਸਾ ਸਿੰਘ ਬਹੁਤ ਹੀ ਸੰਤੋਖੀ ਸੁਭਾਅ ਦੇ ਮਾਲਿਕ ਅਤੇ ਗੁਰੂ ਘਰ ਨੂੰ ਸਮਰਪਿਤ ਸਨ। ਸ. ਜੱਸਾ ਸਿੰਘ ਜੀ, ਜਿਸ ਇਲਾਕੇ 'ਤੇ ਕਬਜਾ ਕਰਦੇ ਗਏ, ਉੱਥੇ ਗੁਰੂ ਸਾਹਿਬਾਂ ਦੇ ਅਸਥਾਨਾਂ 'ਤੇ ਗੁਰਦੁਆਰੇ ਸਥਾਪਿਤ ਕਰਦੇ ਗਏ। ਜਿੱਤਾਂ ਤੋਂ ਪ੍ਰਾਪਤ ਧਨ ਗੁਰੂ ਘਰ ਲਈ ਅਤੇ ਲੋੜਵੰਦਾਂ ਵਿਚ ਵੰਡ ਦਿੰਦੇ ਅਤੇ ਜਿੱਤਾਂ ਵਿਚ ਪ੍ਰਾਪਤ ਇਲਾਕੇ ਦਲ ਖਾਲਸੇ ਦੀਆਂ ਹੋਰਨਾਂ ਮਿਸਲਾਂ ਵਿਚ ਵੰਡ ਦਿੰਦੇ। ਗੁਰੂ ਸਾਹਿਬਾਂ ਦੇ ਅਸਥਾਨਾਂ 'ਤੇ ਗੁਰਦੁਆਰੇ ਬਣਾਉਣ ਦੀ ਸ਼ੁਰੂਆਤ ਅਸਲ ਵਿਚ ਸ.ਜੱਸਾ ਸਿੰਘ ਆਹਲੂਵਾਲੀਆ ਨੇ ਹੀ ਕੀਤੀ। ਜਿੱਥੇ ਇਨ੍ਹਾਂ ਨੇ ਸਿੱਖੀ ਦੀ ਹੋਂਦ ਨੂੰ ਬਚਾਇਆ, ਉੱਥੇ ਸਿੱਖ ਰਾਜ ਸਥਾਪਿਤ ਕਰਨ ਦਾ ਸਿਹਰਾ ਜੱਸਾ ਸਿੰਘ ਆਹਲੂਵਾਲੀਆ ਨੂੰ ਹੀ ਜਾਂਦਾ ਹੈ। ਜੱਸਾ ਸਿੰਘ ਆਹਲੂਵਾਲੀਆਂ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਮੌਜੂਦਾ ਇਮਾਰਤ ਤੋਂ ਇਲਾਵਾ ਸਰਹਿੰਦ ਦਾ ਗੁਰਦੁਆਰਾ ਫਤਿਹਗੜ੍ਹ ਸਾਹਿਬ ਅਨੰਦਪੁਰ ਸਾਹਿਬ ਅਤੇ ਦਿੱਲੀ ਦੇ ਗੁਰਦੁਆਰੇ ਤੇ ਪਾਕਿਸਤਾਨ ਦੇ ਅਨੇਕਾਂ ਗੁਰੂਦੁਆਰਿਆ ਦੀ ਉਸਾਰੀ ਕਰਵਾਈ। ਜੱਸਾ ਸਿੰਘ ਆਹਲੂਵਾਲੀਆਂ ਜੀ ਨੇ ਦੂਰਅੰਦੇਸ਼ੀ ਤੇ ਸੂਰਬੀਰਤਾ ਸਦਕਾ, ਦਲ ਖਾਲਸੇ ਦੇ ਮੁੱਖੀ, ਨਵਾਬ, ਬੰਦੀਛੋੜ ਬਾਦਸ਼ਾਹ ਸਿੱਖਾਂ ਦੇ ਇਕਲੌਤੇ ਸੁਲਤਾਨ-ਉਲ-ਕੌਮ (ਪੰਥ ਦਾ ਬਾਦਸ਼ਾਹ), ਅਕਾਲ ਤਖਤ ਦੇ ਜਥੇਦਾਰ, ਪੰਥ ਦਾ ਰਾਜਸੀ ਤੇ ਧਾਰਮਿਕ ਆਗੂ, ਆਹਲੂਵਾਲੀਆ ਮਿਸਲ ਦੇ ਬਾਨੀ, ਬਾਦਸ਼ਾਹ-ਏ-ਹਿੰਦ (ਭਾਰਤ ਦਾ ਬਾਦਸ਼ਾਹ) ਵਰਗੇ ਸਨਮਾਨ ਤੇ ਅਹੁਦੇ ਪ੍ਰਾਪਤ ਕੀਤੇ।

ਸੰਖੇਪ ਜੀਵਨ

ਸ. ਬਦਰ ਸਿੰਘ ਦੇ ਘਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ ਦਿੱਤੀ ਗਈ ਅਸੀਸ ਸਦਕਾ "ਗੁਰੂ ਕੇ ਲਾਲ ਸ. ਜੱਸਾ ਸਿੰਘ ਜੀ ਆਹਲੂਵਾਲੀਆ ਦਾ ਜਨਮ ਮਾਤਾ ਜੀਵਨ ਕੌਰ ਦੀ ਕੁੱਖੋਂ 3 ਮਈ 1718 ਈ: ਨੂੰ ਪਿੰਡ ਆਹਲੂ ਜਲਿ੍ਹਾ ਲਾਹੌਰ (ਹੁਣ ਪਾਕਿਸਤਾਨ) ਵਿਚ ਹੋਇਆ। ਜੱਸਾ ਸਿੰਘ 5 ਸਾਲ ਦੇ ਸਨ, ਜਦ ਉਨ੍ਹਾਂ ਦੇ ਪਿਤਾ ਅਕਾਲ ਚਲਾਣਾ ਕਰ ਗਏ। ਮਾਤਾ ਸੁੰਦਰੀ ਜੀ ਦੇ ਦਰਸ਼ਨਾਂ ਨੂੰ ਜਾ ਰਹੀ ਸੰਗਤ ਨਾਲ ਆਪ ਅਤੇ ਆਪ ਦੀ ਮਾਤਾ ਜੀਵਨ ਕੌਰ ਦਿੱਲੀ ਗਏ। ਇੱਥੇ ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਦਾ ਗੁਰਬਾਣੀ ਨਾਲ ਪਿਆਰ ਵੇਖ ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਨੂੰ ਆਪਣੇ ਕੋਲ ਦਿੱਲੀ ਰੱਖ ਲਿਆ ਤੇ ਪੁੱਤਰਾਂ ਵਾਂਗ ਪਾਲਿਆ ਅਤੇ ਪੜ੍ਹਾਇਆ, ਲਿਖਾਇਆ। ਸੱਤ ਸਾਲ ਜੱਸਾ ਸਿੰਘ ਜੀ ਦਿੱਲੀ ਰਹੇ ਤੇ ਵਾਪਸ ਪੰਜਾਬ ਆਉਣ ਲੱਗਿਆ ਮਾਤਾ ਸੁੰਦਰੀ ਜੀ ਨੇ ਆਪ ਨੂੰ ਸੁੰਦਰ ਵਸਤਰ ਤੇ ਅਨੇਕਾਂ ਵਸਤਾਂ ਦੇ ਨਾਲ ਅਸੀਸਾਂ ਦੇ ਕੇ ਵਿਦਾ ਕੀਤਾ।

ਫਿਰ ਅੰਮ੍ਰਿਤਸਰ ਆ ਕੇ ਆਪ ਨੇ ਭਾਈ ਮਨੀ ਸਿੰਘ ਤੋਂ ਗੁਰਮੁੱਖੀ ਸਿੱਖੀ। ਆਪ ਕੀਰਤਨ ਵੀ ਬਹੁਤ ਵਧੀਆ ਕਰਦੇ ਸਨ। ਵਿਸਾਖੀ ਵਾਲੇ ਦਿਨ ਆਪ ਵਲੋਂ ਗਾਈ ਜਾ ਰਹੀ "ਆਸਾ ਦੀ ਵਾਰ" ਨੇ ਨਵਾਬ ਕਪੂਰ ਸਿੰਘ ਨੂੰ ਬਹੁਤ ਪ੍ਰਭਾਵਿਤ ਕੀਤਾ। ਨਵਾਬ ਕਪੂਰ ਸਿੰਘ ਜੱਸਾ ਸਿੰਘ ਨੂੰ ਕਰਤਾਰਪੁਰ ਆਪਣੇ ਡੇਰੇ ਲੈ ਗਏ। ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਆਪਣਾ ਧਰਮਪੁੱਤਰ ਬਣਾ ਲਿਆ ਤੇ ਖੁਦ ਸ਼ਸਤਰ ਵਿੱਦਿਆ ਤੇ ਘੋੜਸਵਾਰੀ ਵਿਚ ਨਿਪੁੰਨ ਕਰ ਦਿੱਤਾ। ਜੱਸਾ ਸਿੰਘ ਦੀ ਗਿਣਤੀ ਪ੍ਰਮੁੱਖ ਯੋਧਿਆਂ ਵਿਚ ਹੋਣ ਲੱਗੀ। ਇਹ ਉਹ ਸਮਾਂ ਸੀ, ਜਦੋਂ ਸਮੇਂ ਦੀਆਂ ਸਰਕਾਰਾਂ ਸਿੱਖ ਕੌਮ ਨੂੰ ਖਤਮ ਕਰਨ ਲਈ ਅੱਡੀ ਚੋਟੀ ਦਾ ਜੋਰ ਲਾ ਰਹੀਆਂ ਸਨ।

2 ਜੂਨ 1746 ਈ. ਨੂੰ ਸਿੱਖ ਇਤਿਹਾਸ ਦਾ ਛੋਟਾ ਘੱਲੂਘਾਰਾ ਵਾਪਰਿਆ। ਇਹ ਉਹ ਦਿਨ ਸੀ ਜਦ ਸਿੱਖਾਂ ਦਾ ਇਕ ਦਿਨ ਵਿਚ ਸਭ ਤੋਂ ਵੱਧ ਨੁਕਸਾਨ ਹੋਇਆ ਸੀ। ਜਿਸ ਵਿਚ 8-10 ਹਾਰ ਸਿੱਖ ਇੱਕ ਦਿਨ ਵਿਚ ਮਾਰੇ ਗਏ ਸਨ। ਗੁੱਸੇ ਵਿਚ ਆਏ ਸਿੱਖਾਂ ਨੇ ਅੰਮ੍ਰਿਤਸਰ ਨੂੰ ਅਜਾਦ ਕਰਵਾਉਣ ਲਈ ਤਿਆਰੀ ਆਰੰਭ ਦਿੱਤੀ। ਨਵਾਬ ਕਪੂਰ ਸਿੰਘ ਨੇ ਇਸ ਕੰਮ ਦੀ ਜੰਮਿਵਾਰੀ ਜੱਸਾ ਸਿੰਘ ਆਹਲੂਵਾਲੀਆਂ ਨੂੰ ਸੌਂਪ ਦਿੱਤੀ। ਜੱਸਾ ਸਿੰਘ ਨੇ ਝਟਪਟ ਵਿਉਂਤ ਬਣਾ ਕੇ ਅੰਮ੍ਰਿਤਸਰ 'ਤੇ ਹੱਲਾ ਬੋਲ ਦਿੱਤਾ। ਸਲਾਬਤ ਖਾਨ ਵਿਰੁੱਧ ਇਸ ਜੰਗ ਵਿਚ ਸਿੱਖ ਆਸਾਨੀ ਨਾਲ ਜਿੱਤ ਗਏ।

1747 ਈ. ਦੀ ਮਾਰਚ ਦੇ ਤੀਸਰੇ ਹਫਤੇ ਜੱਸਾ ਸਿੰਘ ਦੀ ਅਗਵਾਈ ਵਿਚ ਸਿੱਖਾਂ ਦਾ ਅੰਮ੍ਰਿਤਸਰ 'ਤੇ ਕਬਜਾ ਹੋ ਗਿਆ। ਕਈ ਸਾਲਾਂ ਮਗਰੋਂ ਸਿੰਘਾਂ ਨੇ ਅੰਮ੍ਰਿਤਸਰ ਵਿਸਾਖੀ ਮਨਾਈ। ਜੱਸਾ ਸਿੰਘ ਨੇ ਕਿਹਾ ਸਿੰਘ ਕਦ ਤੱਕ ਭੱਜ ਕੇ ਜੰਗਲਾਂ ਬੇਲਿਆ ਅਤੇ ਪਹਾੜਾਂ ਵਿਚ ਰਹਿ ਕੇ ਗੁਜਾਰਾਂ ਕਰਨਗੇ, ਕੋਈ ਕਿਲ੍ਹਾ ਜਾਂ ਗੜ੍ਹੀ ਰਚ ਕੇ ਪੱਕੇ ਪੈਰ ਜਮਾਉਣੇ ਚਾਹੀਦੇ ਹਨ। ਸਰਬਤ ਖਾਲਸੇ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਉਦਿਆਂ ਗੁਰੂ ਰਾਮਦਾਸ ਜੀ ਦੇ ਨਾਂ 'ਤੇ ਕਿਲ੍ਹਾ ਰਾਮ ਰਾਉਣੀ ਦੀ ਉਸਾਰੀ ਕਰਵਾਈ। (ਜਿਸਨੂੰ ਸ੍. ਜੱਸਾ ਸਿੰਘ ਈਚੋ ਗਿਲੀਏ ਨੇ ਬਾਅਦ ਵਿਚ ਪੱਕਾ ਕਰਵਾਇਆ ਸੀ ਤੇ ਕਿਲ੍ਹਾ ਰਾਮ ਰਾਉਣੀ ਤੋਂ ਰਾਮਗੜ੍ਹ ਬਣ ਗਿਆ ਤੇ ਜੱਸਾ ਸਿੰਘ ਈਚੋਗਿਲੀਆ ਵੀ ਜੱਸਾ ਸਿੰਘ ਰਾਮਗੜ੍ਹੀਆ ਕਰਕੇ ਮਸ਼ਹੂਰ ਹੋਇਆ)

29 ਮਾਰਚ 1748 ਈ. ਨੂੰ ਨਵਾਬ ਕਪੂਰ ਸਿੰਘ ਨੇ ਦਲ ਖਾਲਸੇ ਦੀ ਸਥਾਪਨਾ ਕੀਤੀ, ਜਿਸ ਦੇ 12 ਜੱਥੇ ਸਨ। ਜਿਸ ਦਾ ਮੁੱਖੀ ਜੱਸਾ ਸਿੰਘ ਆਹਲੂਵਾਲੀਏ ਨੂੰ ਥਾਪਿਆ ਗਿਆ। ਇਨ੍ਹਾਂ ਜੱਥਿਆਂ ਨੂੰ ਬਾਅਦ ਵਿਚ ਮਿਸਲਾਂ ਆਖਿਆ ਜਾਣ ਲੱਗਾ। 10 ਅਕਤੂਬਰ 1753 ਈ. ਨੂੰ ਨਵਾਬ ਕਪੂਰ ਸਿੰਘ ਦਾ ਦਿਹਾਂਤ ਹੋ ਗਿਆ। 1752 ਈਂ ਵਿਚ ਜੱਸਾ ਸਿੰਘ ਆਹਲੂਵਾਲੀਆ ਨੇ ਆਨੰਦਪੁਰ ਸਾਹਿਬ ਦੇ ਇਲਾਕੇ ਵਿਚ ਗੁਰਦੁਆਰਿਆ ਦੀ ਸੇਵਾ ਸੰਭਾਲ ਕਰਵਾਈ। ਇਸ ਮੌਕੇ ਆਪ ਨੇ ਇਕ ਲੱਖ ਖਰਚ ਕੇ ਕਿੱਲੇ ਆਨੰਦਗੜ੍ਹ ਸਾਹਿਬ ਦੀ ਬਾਉਲੀ ਸਾਹਿਬ ਦਾ ਨਿਰਮਾਣ ਵੀ ਕਰਵਾਈਆ।

1754 ਦੀ ਵਿਸਾਖੀ ਨੂੰ ਸਰਬਤ ਖਾਲਸੇ ਨੇ ਸ.ਜੱਸਾ ਸਿੰਘ ਨੂੰ ਅਕਾਲ ਤਖਤ ਸਾਹਿਬ ਦਾ ਜੱਥੇਦਾਰ ਐਲਾਨੀਆ ਤੇ "ਨਵਾਬ' ਦੀ ਉਪਾਧੀ ਦੇ ਦਿੱਤੀ। ਸਿੱਖਾਂ ਦੇ ਰਾਜਸੀ ਆਗੂ ਤਾਂ ਪਹਿਲਾਂ ਹੀ ਸੀ ਹੁਣ ਧਾਰਮਿਕ ਆਗੂ ਵੀ ਬਣ ਗਏ। ਸ. ਜੱਸਾ ਸਿੰਘ ਜੀ ਹਰ ਦੀਵਾਲੀ ਵਿਸਾਖੀ ਸਿੱਖ ਮਿਸਲਾਂ ਦੁਆਰਾ ਜਿੱਤਾਂ ਵਿਚ ਪ੍ਰਾਪਤ ਇਲਾਕਿਆਂ ਦੀਆਂ ਫਰਦਾ ਬਣਾ ਲਿਆ ਕਰਦੇ ਸਨ। ਜੇ ਕੋਈ ਇਲਾਕਾ ਪਹਿਲਾ ਹੀ ਕਿਸੇ ਮਿਸਲ ਅਧੀਨ ਹੁੰਦਾਂ ਤਾਂ ਜੱਸਾ ਸਿੰਘ ਜੀ ਕਹਿ ਦਿੰਦੇ ਸਨ ਇਹ ਤੁਮਾਰੀ ਮਿਸਲ ਮੈਂ ਨਹੀਂ ਆ ਸਕਤਾ, ਕਿਉਂਕਿ ਪਹਿਲਾ ਹੀ ਅਮਕੇ ਕਿਸੇ ਮਿਸਲ ਕੇ ਸਰਦਾਰ ਕੇ ਪਾਸ ਹੈ। ਕੋਈ ਸਿੱਖ ਜੱਸਾ ਸਿੰਘ ਅੱਗੇ ਅੜ੍ਹੀ ਨਹੀਂ ਸੀ ਕਰਦਾ। ਸੱਤ ਬਚਨ ਕਹਿ ਕੇ ਪਿੱਛੇ ਹੱਟ ਜਾਂਦੇ।

ਮਈ 1757 ਈ. ਵਿਚ ਜਹਾਨ ਖਾਨ ਨੇ ਹਰਿਮੰਦਰ ਸਾਹਿਬ ਦਾ ਸਰੋਵਰ ਪੂਰ ਦਿੱਤਾ ਸੀ। 20 ਅਪ੍ਰੈਲ 1758 ਅਦੀਨਾ ਬੇਗ ਨੇ ਸਿੰਘਾਂ ਅਤੇ ਮਰਾਠਿਆਂ ਦੀ ਮਦਦ ਨਾਲ ਲਾਹੌਰ 'ਤੇ ਕਬਜਾ ਕਰ ਲਿਆ ਸ. ਜੱਸਾ ਸਿੰਘ ਨੇ ਆਪਣਾ ਹਿੱਸਾ ਲਿਆ ਅਤੇ ਲਗਪਗ ਸੋ ਅਫਗਾਨੀ ਕੈਦੀ ਫੜ ਕੇ ਲਿਆਂਦੇ ਅਤੇ ਸਰੋਵਰ ਸਾਫ ਕਰਵਾਇਆ। 10 ਅਪ੍ਰੈਲ 1761 ਨੂੰ ਹਿੰਦੂ ਆਗੂਆਂ ਨੇ ਦੱਸਿਆ ਕਿ ਅਬਦਾਲੀ ਸਾਡੀਆਂ ਬਹੁ-ਬੇਟੀਆਂ ਨੂੰ ਬੰਦੀ ਬਣਾ ਕੇ ਲਿਜਾ ਰਿਹਾ ਹੈ, ਮਦਦ ਕਰੋ। ਸ. ਜੱਸਾ ਸਿੰਘ ਆਹਲੂਵਾਲੀਏ ਨੇ ਝਟ ਸਾਰੇ ਖਾਲਸੇ ਨੂੰ ਸੱਦੇ ਭੇਜ ਦਿੱਤੇ ਅਤੇ ਗੋਇੰਦਵਾਲ ਦੇ ਲਾਗੇ ਰੁਕੀ ਅਬਦਾਲੀ ਦੀ ਫੌਜ 'ਤੇ ਰਾਤ ਨੂੰ ਅਚਨਚੇਤ ਹਮਲਾ ਕਰਕੇ ਹਿੰਦੂ ਬਹੁ-ਬੇਟੀਆਂ ਨੂੰ ਬਚਾ ਲਿਆ ਤੇ ਧਨ-ਮਾਲ ਵੀ ਲੁੱਟ ਲਿਆ। ਇਹ ਬਹੁ-ਬੇਟੀਆਂ, ਜਿੰਨਾਂ ਦੀ ਗਿਣਤੀ 2200 ਦੱਸੀ ਜਾਂਦੀ ਹੈ, ਨੂੰ ਸੋ-ਸੋ ਮੋਹਰਾ ਦੇ ਕੇ ਘਰੋਂ ਘਰ ਪਹੁੰਚਾਇਆ। ਇਸ ਹਮਦਰਦੀ ਤੇ ਬਹਾਦਰੀ ਕਰਕੇ ਜੱਸਾ ਸਿੰਘ ਆਹਲੂਵਾਲੀਆ ਦੀ ਪੂਰੇ ਹਿੰਦੂਸਤਾਨ ਵਿਚ ਸੋਭਾ ਹੋਣ ਲੱਗੀ ਅਤੇ "ਬੰਦੀਛੋੜ ਬਾਦਸ਼ਾਹ ਕਰਕੇ ਮਸ਼ਹੂਰ ਹੋ ਗਏ। ਸਤੰਬਰ 1761 ਨੂੰ ਸ.ਜੱਸਾ ਸਿੰਘ ਆਹਲੂਵਾਲੀਏ ਨੇ ਲਾਹੌਰ 'ਤੇ ਕਬਜਾ ਕਰ ਲਿਆ। ਪੰਥ ਦੇ ਆਪ ਨੂੰ "ਸੁਲਤਾਨ-ਉਲ-ਕੌਮ (ਪੰਥ ਦਾ ਬਾਦਸ਼ਾਹ) ਐਲਾਨਿਆ। ਆਪ ਸਿੱਖਾਂ ਦੇ ਪਹਿਲੇ ਬਾਦਸ਼ਾਹ ਬਣੇ। ਆਪ ਨੇ ਗੁਰੂ ਸਾਹਿਬ ਨੂੰ ਸਮਰਪਿਤ ਨਾਨਕਸ਼ਾਹੀ ਸਿੱਕਾ ਚਲਾਇਆ। (ਇਸੇ ਸਿੱਕੇ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਜਾਰੀ ਰੱਖਿਆ)। ਲਾਹੌਰ ਦੀ ਜਿੱਤ ਤੋਂ ਬਾਅਦ ਲਾਹੌਰ ਦਾ ਪ੍ਰਬੰਧ ਸ.ਚੜਤ ਸਿੰਘ ਸ਼ੁੱਕਰ ਚੱਕੀਆ (ਮਹਾਰਾਜਾ ਰਣਜੀਤ ਸਿੰਘ ਦਾ ਦਾਦਾ) ਨੂੰ ਸੌਂਪ ਦਿੱਤਾ।

ਸਿੰਘਾਂ ਵਲੋਂ ਗੋਇੰਦਵਾਲ ਵਿਖੇ ਲੁੱਟਣਾ ਅਤੇ ਲਾਹੌਰ 'ਤੇ ਕਬਜਾ ਕਰ ਲੈਣ ਕਾਰਨ ਅਹਿਮਦ ਸ਼ਾਹ ਅਬਦਾਲੀ ਸਿੰਘਾਂ ਦਾ ਖੁਰਾਂ ਖੋ ਮਿਟਾਉਣ ਲਈ ਤਿੰਨ ਲੱਖ ਦੀ ਫੌਜ ਲੈ ਕੇ ਸਿੰਘਾਂ ਵਿਰੁੱਧ ਟੁਰ ਪਿਆ। 5 ਫਰਵਰੀ 1762 ਈ. ਨੂੰ ਸਿੰਘਾਂ ਤੇ ਹੋਏ ਇਸ ਅਚਨਚੇਤ ਹਮਲੇ ਵਿਚ ਪੰਜੀ-ਤੀਹ ਹਾਰ ਸਿੰਘ ਮਾਰੇ ਗਏ। ਇਸ ਦਿਨ ਨੂੰ "ਵੱਡਾ ਘੱਲੂਘਾਰਾਂ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸ ਹਮਲੇ ਵਿਚ ਜੱਸਾ ਸਿੰਘ ਆਹਲੂਵਾਲੀਆ ਜੀ ਦੇ ਤਲਵਾਰਾਂ ਦੇ 22 ਫੱਟ ਲੱਗੇ ਸਨ। ਅਹਿਮਦ ਸ਼ਾਹ ਕੁਝ ਚਿਰ ਸਰਹੰਦ ਰੁਕਣ ਪਿੱਛੋਂ ਵਾਪਸ ਜਾਦਿਆਂ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉੱਡਾ ਗਿਆ। ਅਬਦਾਲੀ ਵਾਪਸ ਜਾਂਦੇ ਸਮੇਂ ਲਾਹੌਰ 'ਤੇ ਆਪਣਾ ਹਾਕਮ ਬਿਠਾ ਗਿਆ ਪਰ 1765 ਈ. ਨੂੰ ਖਾਲਸੇ ਨੇ ਫੇਰ ਲਾਹੌਰ 'ਤੇ ਪੱਕਾ ਕਬਜਾ ਕਰ ਲਿਆ।

ਖਾਲਸ ਦੇ ਇੰਨੇ ਨੁਕਸਾਨ ਦੇ ਬਾਵਜੂਦ ਜੱਸਾ ਸਿੰਘ ਆਹਲੂਵਾਲੀਆ ਜੀ ਨੇ 2 ਸਾਲ ਨਾ ਲੰਘਣ ਦਿੱਤੇ ਕਿ 14 ਜਨਵਰੀ 1764 ਈ: ਨੂੰ ਸਰਹੰਦ 'ਤੇ ਹਮਲਾ ਕਰ ਕੇ ਜਿੱਤ ਪ੍ਰਾਪਤ ਕੀਤੀ। ਇੱਥੇ ਕਿਸੇ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ ਸਰਹਿੰਦ ਦੇ ਕਿਲੇ ਅੰਦਰ ਖੋਤੇ ਹੱਲ ਵਾਹਿਆ ਕਰਨਗੇ। ਜੱਸਾ ਸਿੰਘ ਉਸੇ ਸਮੇਂ ਸ਼ਹਿਰ ਵਿਚੋਂ ਖੋਤੇ ਮੰਗਵਾਕੇ ਅੰਦਰ ਹੱਲ ਚਲਵਾ ਦਿੱਤੇ ਤੇ ਗੁਰੂ ਸਾਹਿਬ ਦੇ ਬਚਨ ਪੂਰੇ ਕਰ ਦਿੱਤੇ। ਸਰਹਿੰਦ ਦਾ ਕਿੱਲਾ ਢਹਿ ਢੇਰੀ ਹੋ ਗਿਆ। ਜਾਂਦੇ ਸਮੇਂ ਸਿੰਘ ਕਿੱਲੇ ਦੀਆਂ ਇੱਟਾ ਨਾਲ ਲੈ ਜਾਂਦੇ ਰਹੇ ਅਤੇ ਦੂਰ ਰਸਤੇ ਵਿਚ ਆਉਦੇ ਦਰਿਆਵਾਂ ਵਿਚ ਸੁਟਦੇ ਰਹੇ। ਗੰਗੂ ਬ੍ਰਾਹਮਣ ਅਤੇ ਉਸ ਦਾ ਪਰਿਵਾਰ, ਜੋ ਉਸ ਸਮੇਂ ਮੋਰਿੰਡੇ ਵਿਚ ਸੀ, ਨੂੰ ਉਥੇ ਜਾ ਕੇ ਸੋਧਿਆ। ਸ.ਜੱਸਾ ਸਿੰਘ ਨੇ ਛੋਟੇ ਸਹਿਬਜਾਦੇ ਦੇ ਨਾਮ 'ਤੇ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੀ ਉਸਾਰੀ ਕਰਵਾਈ। ਸਰਹਿੰਦ ਦਾ ਪ੍ਰਬੰਧ ਭਾਈ ਬੁੱਢਾ ਸਿੰਘ ਹਵਾਲੇ ਕਰ ਕੇ ਵਾਪਸ ਆ ਗਏ (2 ਅਗਸਤ 1764 ਨੂੰ ਬੁੱਢਾ ਸਿੰਘ ਨੇ 25 ਹਜਾਰ ਵਿਚ ਸ਼ਹਿਰ ਦਾ ਪ੍ਰਬੰਧ ਬਾਬਾ ਆਲਾ ਸਿੰਘ ਪਟਿਆਲੇ ਵਾਲੇ ਨੂੰ ਦੇ ਦਿੱਤਾ)। ਸਰਹਿੰਦ ਦੀ ਜਿੱਤ ਵਿਚੋਂ ਆਪ ਨੂੰ ਨੋ ਲੱਖ ਰੁਪਿਆ ਪ੍ਰਾਪਤ ਹੋਇਆ। ਆਪ ਨੇ ਸਾਰੇ ਦਾ ਸਾਰਾ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ 3 ਅਪ੍ਰੈਲ 1764 ਈ. ਨੂੰ ਚਾਦਰ ਵਿਸ਼ਾ ਕੇ ਢੇਰੀ ਕਰ ਦਿੱਤਾ ਤੇ 7 ਅਪ੍ਰੈਲ 1764 ਈ. ਨੂੰ ਦਰਬਾਰ ਸਾਹਿਬ ਦੀ ਮੁੜ ਨੀਂਹ ਰੱਖ ਕੇ ਉਸਾਰੀ ਸ਼ੁਰੂ ਕਰਵਾ ਦਿੱਤੀ। ਆਪ ਨੇ ਹੀ ਦਰਸ਼ਨੀ ਡਿਉੜੀ ਵੀ ਬਣਾਈ। ਜੱਸਾ ਸਿੰਘ ਨੇ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਇਕ ਆਹਲੂਵਾਲੀਆ ਬੁੰਗਾਂ, ਵਪਾਰ ਵਾਸਤੇ ਕਟੜਾ ਆਹਲੂਵਾਲੀਆ ਤੇ ਇਕ ਕਿਲਾ ਵੀ ਬਣਵਾਇਆ। ਜਿੱਥੇ ਰਹਿ ਕੇ ਆਪ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ।

ਜੱਸਾ ਸਿੰਘ ਨੇ ਗੁ: ਫਤਿਹਗੜ੍ਹ ਸਾਹਿਬ, ਸਰਹੰਦ, ਪਾਕਿਸਤਾਨ ਵਿਚ ਗੁ: ਬਾਲ ਲੀਲਾ ਆਦਿ ਦਿੱਲੀ ਦੇ ਗੁਰਦੁਆਰੇ, ਆਨੰਦਪੁਰ ਦੇ ਗੁਰਦੁਆਰੇ ਤੇ ਕਿਲਾ ਆਨੰਦਗੜ੍ਹ ਸਾਹਿਬ ਦੀ ਬਾਉਲੀ ਸਾਹਿਬ ਦਾ ਨਿਰਮਾਣ ਆਪ ਨੇ ਹੀ ਕਰਵਾਇਆ। ਅਸਲ ਵਿਚ ਗੁਰੂ ਸਾਹਿਬ ਦੀਆਂ ਯਾਦਗਾਰਾਂ ਤੇ ਗੁਰਦੁਆਰਿਆਂ ਦੀ ਉਸਾਰੀ ਦੀ ਸ਼ੁਰੂਆਤ ਸ.ਜੱਸਾ ਸਿੰਘ ਜੀ ਆਹਲੂਵਾਲੀਆ ਨੇ ਕੀਤੀ ਸੀ। 1773-74 ਈ. ਨੂੰ ਰਾਇ ਇਬਰਾਹਿਮ ਲੋਧੀ ਤੋਂ ਕਪੂਰਥਲਾ ਜਿੱਤ ਕੇ ਇਸ ਨੂੰ ਆਪਣੀ ਰਿਆਸਤ ਦੀ ਰਾਜਧਾਨੀ ਬਣਾਇਆ।

ਉੱਤਰ ਅਤੇ ਪੱਛਮ ਭਾਰਤ ਦੇ ਲਗਭਗ ਸਾਰੇ ਇਲਾਕੇ 'ਤੇ ਕਬਜਾ ਕਰਨ ਤੋਂ ਬਾਅਦ 9 ਮਾਰਚ 1783 ਵਿਚ ਦਲ ਖਾਲਸੇ ਦੀ 30,000 ਜੱਸਾ ਸਿੰਘ ਦੀ ਆਹਲੂਵਾਲੀਆ ਦੀ ਅਗਵਾਈ ਵਿਚ ਦਿੱਲੀ 'ਤੇ ਹਮਲਾ ਕਰ ਦਿੱਤਾ। ਮੁਗਲ ਸ਼ਾਸਕ ਨੇ ਸਿੱਖਾਂ ਦੇ ਸੁਲਤਾਨ-ਉਲ-ਕੌਮ ਜੱਸਾ ਸਿੰਘ ਦੀ ਆਹਲੂਵਾਲੀਆ ਦੀ ਅਗਵਾਈ ਵਿਚ ਸਿੱਖ ਫੌਜ ਦੀ ਸ਼ਹਿਰ ਅੰਦਰ ਦਾਖਲ ਹੋਣ ਖਬਰ ਸੁਣਦੇ ਹੀ ਸ਼ਹਿਰ ਦੇ ਸਾਰੇ ਦਰਵਾਜੇ ਬੰਦ ਕਰਵਾ ਦਿੱਤੇ (ਮੁਗਲ ਸ਼ਾਸਕ ਸ਼ਾਹ ਆਲਮ ਜੱਸਾ ਸਿੰਘ ਦੀ ਬਹਾਦੁਰੀਆ ਦੀਆਂ ਗਾਥਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਸੀ। ਉਹ ਇਹ ਵੀ ਜਾਣਦਾ ਸੀ ਕਿ ਕਿਸ ਤਰ੍ਹਾਂ ਜੱਸਾ ਸਿੰਘ ਨੇ ਹਿੰਦੂਸਤਾਨ ਤੋਂ ਲੁੱਟ ਕੇ ਲਿਜਾ ਰਹੇ ਧਨ ਤੇ ਬਹੁ-ਬੇਟੀਆ ਨੂੰ ਅਹਿਮਦ ਸ਼ਾਹ ਕੋਲੋ ਵਾਪਸ ਖੋ ਲਿਆ ਸੀ)। 10 ਮਾਰਚ ਸ਼ਹਿਰ ਦੇ ਬਾਹਰੀ ਹਿੱਸਿਆ 'ਤੇ ਕਬਜਾ ਕਰਨ ਤੋਂ ਬਾਅਦ, ਜਿਸ ਜਗਾ 'ਤੇ ਸਿੱਖਾਂ ਦੀ 30,000 ਫੌਜ ਇੱਕਠੀ ਹੋਈ, ਉਸ ਜਗਾ 'ਤੇ ਹੁਣ ਤੀਸ ਹਜਾਰੀ ਕੋਰਟ ਹੈ।

ਜੱਸਾ ਸਿੰਘ ਆਹਲੂਵਾਲੀਆ ਨੇ ਕਿਹਾ ਕੇ ਇਹ ਕੰਧਾ ਅਤੇ ਬੰਦ ਦਰਵਾਜੇ ਖਾਲਸੇ ਦਾ ਰਾਹ ਨਹੀਂ ਰੋਕ ਸਕਦੇ ਇਹ ਤੋੜ ਦਿਓ। ਸਿੰਘਾਂ ਨੇ ਝੱਟ ਕੰਧ ਤੋੜਨੀ ਸ਼ੁਰੂ ਕਰ ਦਿੱਤੀ। ਜਿਸ ਦੀਵਾਰ ਵਿਚ ਮੋਰੀ ਕਰਕੇ (ਸੰਨ ਲਾ ਕੇ) ਸਿੰਘ ਸ਼ਹਿਰ ਅੰਦਰ ਦਾਖਲ ਹੋਏ, ਉਸ ਦਾ ਨਾਮ ਅੱਜ ਮੋਰੀ ਗੇਟ ਹੈ। 11 ਮਾਰਚ 1783ਈਂ ਨੂੰ ਸਿੱਖਾਂ ਦਾ ਲਾਲ ਕਿੱਲੇ 'ਤੇ ਕਬਜਾਂ ਹੋ ਗਿਆ। ਲਾਲ ਕਿੱਲੇ 'ਤੇ ਖਾਲਸਾਈ ਨਿਸ਼ਾਨ ਝੁਲਾਏ ਗਏ। ਦਲ ਖਾਲਸਾ ਨੇ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਲਾਲ ਕਿੱਲੇ ਦੇ ਦੀਵਾਨੇ ਆਮ ਤਖਤ 'ਤੇ ਬਿਠਾ ਦਿੱਤਾ। ਮੋਰਾਂ ਦੇ ਪੰਖਾਂ ਨਾਲ ਚੋਰ ਕੀਤਾ ਗਿਆ। ਉਨ੍ਹਾਂ ਨੂੰ ਬਾਦਸ਼ਾਹ-ਏ-ਹਿੰਦ (ਭਾਰਤ ਦਾ ਬਾਦਸ਼ਾਹ) ਐਲਾਨਿਆ ਗਿਆ।

ਸ਼ਾਹ ਆਲਮ ਨੇ ਸਮਰੋ ਬੇਗਮ ਤੇ ਆਪਣਾ ਵਕੀਲ ਭੇਂ ਕੇ ਸਿੱਖਾਂ ਨਾਲ ਸਮਝੋਤਾ ਕਰ ਲਿਆ, ਜਿਸ ਦੀਆ ਚਾਰ ਮੰਗਾਂ ਸਨ:-

1. ਨਜਰਾਨੇ ਵਜੋਂ ਸਿੱਖਾਂ ਨੂੰ ਪੰਜ ਲੱਖ ਭੇਟ ਕੀਤਾ ਗਿਆ।
2. ਕੁਝ ਸਿੱਖ ਆਪਣੇ ਗੁਰੂ ਸਾਹਿਬਾਂ 'ਤੇ ਉਨ੍ਹਾਂ ਦੀਆਂ ਮਹਿਲਾਂ ਦੇ ਅਸਥਾਨਾ ਉੱਤੇ ਗੁਰਦੁਆਰੇ ਬਣਾਉਣ ਤੱਕ ਇੱਥੇ ਰਹਿਣਗੇ।
3. ਦਿੱਲੀ ਦੀ ਕਾਨੂੰਨ ਵਿਵਸਥਾ ਸਿੱਖਾ ਅਧੀਨ ਹੋਵੇਗੀ।
4. ਦਿੱਲੀ ਦੀ ਆਮਦਨ ਵਿਚੋਂ ਪ੍ਰਾਪਤ ਕਰ ਦਾ 1/3 ਹਿੱਸਾ ਸਿੱਖਾ ਨੂੰ ਮਿਲੇਗਾ।

ਜੱਸਾ ਸਿੰਘ ਆਹਲੂਵਾਲੀਆ ਨੇ ਮਾਤਾ ਸੰਦੁਰੀ ਜੀ ਦਾ ਗੁਰਦੁਆਰਾ, ਜਿੱਥੇ ਬਚਪਨ ਵਿਚ ਉਹ ਵੀ ਖੁੱਦ ਵੀ ਰਹਿੰਦੇ ਸਨ 'ਤੇ ਫਿਰ ਮੰਜਨੂੰ ਦਾ ਟਿੱਲਾ ਅਤੇ ਹੋਰ ਸੱਤ ਗੁਰਦੁਆਰਿਆ ਦੀ ਸ਼ੁਰੂਆਤ ਕਰ ਦਿੱਤੀ। ਸ਼ਾਹ ਆਲਮ ਵਲੋਂ ਭੇਟ ਵਿਚ ਨਜਰਾਨੇ ਵਜੋਂ ਮਿਲੇ ਪੰਜ ਲੱਖ ਦਾ ਪੰਜ ਲੱਖ ਸ.ਬਘੇਲ ਸਿੰਘ ਕਰੋੜ ਸਿੰਘੀਏ ਨੂੰ ਗੁਰਦੁਵਾਰਿਆ ਦੀ ਉਸਾਰੀ ਲਈ ਦੇ ਦਿੱਤਾ। ਦਿੱਲੀ ਦੇ ਇਲਾਕੇ ਦੀ ਜੰਮਿਵਾਰੀ ਲੈਣ ਲਈ ਜੱਸਾ ਸਿੰਘ ਰਾਮਗੜ੍ਹੀਏ ਨੇ ਬੇਨਤੀ ਕੀਤੀ ਪਰ ਜੱਸਾ ਸਿੰਘ ਆਹਲੂਵਾਲੀਆ ਨੇ ਕਿਹਾ ਖਾਲਸਾ ਜੀ ਇਸ ਇਲਾਕੇ ਦੀ ਸੇਵਾ ਭਾਈ ਬਘੇਲ ਸਿੰਘ ਨੂੰ ਦੇ ਦਿੱਤੀ ਹੈ ਹੁਣ ਵਾਪਸ ਲੈਣਾ ਠੀਕ ਨਹੀਂ। ਦਲ ਖਾਲਸੇ ਦੀ 4,000 ਫੌਜ ਨੂੰ ਬਘੇਲ ਸਿੰਘ ਕਰੋੜ ਸਿੰਘੀਆ ਕੋਲ ਦਿੱਲੀ ਛੱਡ ਕੇ ਜੱਸਾ ਸਿੰਘੰ ਆਹਲੂਵਾਲੀਆ ਵਾਪਸ ਆ ਗਏ।

ਜੱਸਾ ਸਿੰਘ ਜੀ ਆਹਲੂਵਾਲੀਆ ਹਰ ਦਿਵਾਲੀ ਵਿਸਾਖੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਜਰੂਰ ਜਾਂਦੇ ਸਨ। 1783 ਦੀ ਦੀਵਾਲੀ ਨੂੰ ਕਪੂਰਥਲੇ ਤੋਂ ਅੰਮ੍ਰਿਤਸਰ ਜਾਂਦਿਆਂ ਰਸਤੇ ਵਿਚ ਤਰਨਤਾਰਨ ਲਾਗੇ 20 ਅਕਤੂਬਰ ਨੂੰ ਸਿੱਖਾਂ ਦੇ ਮਹਾਨ ਸੂਰਵੀਰ ਯੋਧੇ ਬਾਦਸ਼ਾਹ-ਏ-ਹਿੰਦ, ਸੁਲਤਾਨ-ਉਲ-ਕੌਮ ਬੰਦੀ ਛੋੜ ਨਵਾਬ ਜੱਸਾ ਸਿੰਘ ਆਹਲੂਵਾਲੀਆ ਸਦਾ ਲਈ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ।

ਨਵਾਬ ਜੱਸਾ ਸਿੰਘ ਆਹਲੂਵਾਲੀਆ ਜੀ ਦਾ ਸੰਸਕਾਰ ਆਪ ਜੀ ਦੀ ਇੱਛਾ ਮੁਤਾਬਕ ਗੁਰਦੁਆਰਾ ਬਾਬਾ ਅਟੱਲ ਰਾਏ ਦੀ ਪ੍ਰਕਰਮਾ ਵਿਚ ਨਵਾਬ ਕਪੂਰ ਸਿੰਘ ਦੀ ਸਮਾਧ ਲਾਗੇ ਕੀਤਾ ਗਿਆ (ਨਵਾਬ ਕਪੂਰ ਸਿੰਘ ਦੀ ਸਮਾਧ 12-13 ਅਪ੍ਰੈਲ 1923 ਈ: ਦੀ ਰਾਤ ਨੂੰ ਸ਼੍ਰੋਮਣੀ ਕਮੇਟੀ ਨੇ ਬਾਬਾ ਅਟੱਲ ਰਾਏ ਦੀ ਪ੍ਰਕਰਮਾ ਖੁੱਲੀ ਕਰਨ ਲਈ ਢੁਹਾ ਦਿੱਤੀ)। ਭਾਰਤ ਦੇ ਬਾਦਸ਼ਾਹ ਨਵਾਬ ਸ. ਜੱਸਾ ਸਿੰਘ ਜੀ ਆਹਲੂਵਾਲੀਆ ਦੀ ਸੰਸਕਾਰ ਵਾਲੀ ਜਗ੍ਹਾ 'ਤੇ ਬਣਾਈ ਗਈ ਯਾਦਗਾਰ ਅੱਜ ਵੀ ਮੌਜੂਦ ਹੈ।

ਸ. ਜੱਸਾ ਸਿੰਘ ਆਹਲੂਵਾਲੀਆ ਦਾ ਕੋਈ ਪੁੱਤਰ ਨਹੀਂ ਸੀ, ਇਸ ਲਈ ਉਨ੍ਹਾਂ ਦੀ ਰਿਆਸਤ ਦਾ ਉਤਰਾ ਅਧਿਕਾਰੀ ਉਨ੍ਹਾਂ ਦੇ ਚਾਚੇ ਦਾ ਪੁੱਤਰ ਭਾਗ ਸਿੰਘ ਬਣਿਆ। ਫਿਰ ਉਸਦਾ ਪੁੱਤਰ ਫਤਿਹ ਸਿੰਘ ਆਹਲੂਵਾਲੀਆ, ਜੋ ਬਹੁਤ ਸੂਰਵੀਰ ਅਤੇ ਬਹਾਦੁਰ ਜੋਧਾ ਸੀ। ਮਹਾਰਾਜਾ ਰਣਜੀਤ ਨੇ ਉਸ ਨੂੰ ਆਪਣਾ ਪੱਗਵੱਟ ਭਰਾ ਬਣਾਈਆ ਸੀ।ਫਤਿਹ ਸਿੰਘ ਦੇ ਇਲਾਕੇ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਕਦੀ ਹਮਲਾ ਨਹੀਂ ਕੀਤਾ ਅਤੇ ਨਾ ਹੀ ਉਸ ਨੂੰ ਆਪਣੇ ਇਲਾਕੇ ਵਿਚ ਮਿਲਾਇਆ। ਜਦ ਅਕਾਲੀ ਫੂੱਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਹਰਿਮੰਦਰ ਸਾਹਿਬ 'ਤੇ ਸੋਨੇ ਦੀ ਸੇਵਾ ਲਈ ਕਿਹਾ ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਤੋਂ ਇਲਾਵਾ ਹੋਰ ਸਿੱਖ ਸਰਦਾਰਾ ਨੇ ਕੁੱਲ 64 ਲੱਖ 11 ਹਾਰ ਦਾ ਸੋਨਾ ਚੜ੍ਹਾਇਆ।

ਸੋਨਾ ਚੜ੍ਹੇ ਦਾ ਵੇਰਵਾ:-

ਮਹਾਰਾਜਾ ਰਣਜੀਤ ਸਿੰਘ - 16 ਲੱਖ 36 ਹਜਾਰ

ਮਹਾਰਾਜਾ ਫਤਿਹ ਸਿੰਘ ਆਹਲੂਵਾਲੀਆ - 21 ਲੱਖ 25 ਹਜਾਰ

ਭੰਗੀ ਮਿਸਲ ਦੇ ਸਰਦਾਰ - 12 ਲੱਖ 30 ਹਜਾਰ

ਸ. ਖੜਕ ਸਿੰਘ ਕੰਵਰ ਨੋ ਨਿਹਾਲ ਸਿੰਘ - 9 ਲੱਖ 41 ਹਜਾਰ

ਰਾਣੀਆ ਅਤੇ ਮਹਾਰਾਣੀਆ ਨੇ- 1 ਲੱਖ 85 ਹਜਾਰ

ਸਿੱਖ ਸਰਦਾਰਾ ਨੇ -1 ਲੱਖ 28 ਹਜਾਰ

ਤੇ ਹੋਰ ਸਿੱਖਾ ਨੇ -1 ਲੱਖ 66 ਹਜਾਰ

ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਦੇ 12 ਦਰਵਾਜੇ ਬਣਾਏ ਸਨ। ਇਨ੍ਹਾਂ 'ਚੋਂ ਇਕ ਆਹਲੂਵਾਲੀਆ ਦਰਵਾਜਾ ਸੀ, ਜਿਸ ਦਾ ਨਾਮ ਹੁਣ ਸੁਲਤਾਨਵਿੰਡ ਦਰਵਾਜੇ ਦੇ ਨਾਮ ਨਾਲ ਪ੍ਰਸਿੱਧ ਹੈ।

ਸੁਲਤਾਨ-ਉਲ-ਕੌਮ ਸ. ਜੱਸਾ ਸਿੰਘ ਜੀ ਆਹਲੂਵਾਲੀਆ ਦੁਆਰਾ ਸਿੱਖ ਕੌਮ ਲਈ ਕੀਤੀਆਂ ਬੇਮਿਸਾਲ ਪ੍ਰਾਪਤੀਆਂ ਦੇ ਬਾਵਜੂਦ ਕਿਸੇ ਵੀ ਸਰਕਾਰ, ਸ਼੍ਰੋਮਣੀ ਕਮੇਟੀ ਜਾਂ ਕਿਸੇ ਵੀ ਸਿੱਖਾਂ ਦੀ ਨੁਮਾਇਦਗੀ ਕਰਨ ਵਾਲੀ ਸੰਸਥਾ ਨੇ ਸ. ਜੱਸਾ ਸਿੰਘ ਨੂੰ ਸਮਰਪਿਤ ਨਾਂ ਕੋਈ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਅਤੇ ਨਾ ਹੀ ਕੋਈ ਢੁੱਕਵੀਂ ਯਾਦਗਾਰ ਬਣਾਈ। ਇਸ ਮਹਾਨ ਸੰਤ ਸਿਪਾਹੀ ਨੂੰ ਕੋਟਾਨ ਕੋਟ ਪ੍ਰਣਾਮ।

ਸ. ਭੁਪਿੰਦਰ ਸਿੰਘ

# ਜਬਰ ਉੱਤੇ ਸਬਰ ਦੀ ਜਿੱਤ ਦੀ ਗਵਾਹੀ ਹੈ

ਕੁਦਰਤ ਦਾ ਇਕ ਅਸੂਲ ਹੈ ਕਿ ਜਆਿਦਤੀ ਜਆਿਦਾ ਚਿਰ ਤਕ ਸਹਿਣ ਨਹੀਂ ਕੀਤੀ ਜਾਂਦੀ। ਕਿਵੇਂ ਨਾ ਕਿਵੇਂ ਧਰਤੀ 'ਤੇ ਕਿਸੇ ਨਾ ਕਿਸੇ ਰੂਪ 'ਚ ਜੁਲਮ ਦਾ ਸਾਹਮਣਾ ਕਰਨ ਲਈ ਕੋਈ ਰੱਬੀ ਰੂਹ ਪੈਦਾ ਹੁੰਦੀ ਹੀ ਰਹੀ ਹੈ। ਜਿਵੇਂ ਸਿੱਧੇ ਸ਼ਬਦਾਂ 'ਚ ਕਹਿ ਲਓ ਕਿ ਪਾਪ ਦਾ ਭਾਂਡਾ ਜਲਦੀ ਭਰ ਜਾਂਦਾ ਹੈ। ਇਸੇ ਕੜੀ ਦਾ ਹੀ ਇਕ ਹਿੱਸਾ ਹੈ 'ਸਰਹਿੰਦ ਫਤਿਹ', ਜਿਸ ਨੂੰ ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਸਿੰਘਾਂ ਨਾਲ ਜਾਲਮਾਂ ਨੂੰ ਸੋਧਾ ਲਗਾ ਕੇ ਸਰਹਿੰਦ ਫਤਿਹ ਕੀਤੀ।




ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਜਦੋਂ ਥਾਪੜਾ ਦੇ ਕੇ ਆਪਣੇ ਸਿੱਖਾਂ ਨਾਲ ਤੋਰਿਆ ਤਾਂ ਇਕ ਗੱਲ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਹੀ ਕਿ ਬੰਦਾ ਸਿੰਘ ਜਾਲਮਾਂ ਨੂੰ ਸੋਧਣ ਦੇ ਨਾਲ-ਨਾਲ ਅਕਾਲ ਪੁਰਖ ਨੂੰ ਵਿਸਾਰ ਦੇਣਾ। ਬਾਬਾ ਬੰਦਾ ਸਿੰਘ ਬਹਾਦਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲੋ ਅਸ਼ੀਰਵਾਦ ਲੈ ਕੇ ਜਦੋਂ ਪੰਜਾਬ ਵੱਲ ਰਵਾਨਗੀ ਪਾਈ ਤਾਂ ਸਿੰਘਾਂ ਦਾ ਜੋਸ ਵੇਖਣ ਵਾਲਾ ਸੀ।

ਸਭ ਤੋਂ ਪਹਿਲੋਂ ਬੰਦਾ ਬਹਾਦਰ ਨੇ ਸਿਹਰੀ, ਸੋਨੀਪਤ, ਕੈਥਲ 'ਤੇ ਕਬਜਾ ਕੀਤਾ। ਕੈਥਲ ਦੇ ਆਮਿਲ ਨੂੰ ਈਨ ਮਨਵਾਕੇ ਉਸ ਪਾਸੋਂ ਅਸਲਾ ਘੋੜੇ ਅਤੇ ਬਹੁਤ ਮਾਲ ਹਥਿਆ ਲਿਆ। ਕੈਥਲ ਵਿਖੇ ਸ਼ਾਹੀ ਖਜਾਨਾ, ਜੋ ਦਿੱਲੀ ਲਿਜਾਇਆ ਜਾ ਰਿਹਾ ਸੀ, ਲੁਟਕੇ ਗਰੀਬਾਂ ਤੇ ਲੋੜਵੰਦਾਂ ਵਿਚ ਵੰਡ ਦਿੱਤਾ। ਇਥੋ ਦੇ ਆਮਿਲ ਨੂੰ ਦੀਨ ਮਨਾ ਕੇ ਬਹੁਤ ਸਾਰਾ ਅਸਲਾ ਘੋੜੇ 'ਤੇ ਮਾਲ ਉਸ ਤੋਂ ਲੈ ਲਏ। ਇਥੇ ਖਬਰ ਮਿਲੀ ਕਿ ਮੁਗਲਾਂ ਵਲੋਂ ਭੇਜੇ ਦੋ ਪਠਾਣਾਂ ਨੇ ਗੁਰੂ ਸਾਹਿਬ 'ਤੇ ਵਾਰ ਕਰ ਦਿੱਤਾ। ਇਹ ਖਬਰ ਸੁਣਦੇ ਸਾਰ ਬੰਦਾ ਬਹਾਦਰ 'ਚ ਗੁੱਸੇ ਦੀ ਅੱਗ ਹੋਰ ਤੇਜ ਹੋ ਕੇ ਭੜਕੀ। ਇਥੇ ਇਹ ਦੱਸਣਾ ਜਰੂਰੀ ਹੈ ਕੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਨਾ ਕਦੇ ਬਦਲੇ ਦੀ ਭਾਵਨਾ ਸੀ ਤੇ ਨਾ ਹੀ ਉਨ੍ਹਾਂ ਦੇ ਜੀਵਨ ਦਾ ਕੋਈ ਇਸ ਤਰ੍ਹਾਂ ਦਾ ਮਕਸਦ ਸੀ। ਬੰਦਾ ਬਹਾਦਰ ਨੂੰ ਉਨ੍ਹਾਂ ਨੇ ਥਾਪੜਾ ਦੇ ਕੇ ਜਾਲਮ ਹਕੂਮਤ ਨਾਲ ਟੱਕਰ ਕਰਨ ਅਤੇ ਮਜਲੂਮਾਂ ਦੀ ਰਖਿਆ ਕਰਨ ਲਈ ਭੇਜਿਆ ਸੀ, ਨਾ ਕਿ ਕਿਸੇ ਬਦਲੇ ਵਾਸਤੇ ਪਰ ਕਿਸੇ ਇਨਸਾਨ ਦਾ ਦਿਲ ਇੰਨਾ ਵੱਡਾ ਨਹੀਂ ਹੋ ਸਕਦਾ, ਜਿਸਦੀ ਸੋਚ ਰਬੀ ਨੂਰ ਦੀ ਸੋਚ ਦਾ ਮੁਕਾਬਲਾ ਕਰੇ। ਜੁਲਮਾਂ ਦੇ ਬਦਲੇ ਦੀ ਭਾਵਨਾ ਬੰਦਾ ਬਹਾਦਰ ਵਿਚ ਸੀ, ਜਿਸ ਲਈ ਉਸਨੇ ਆਪਣੇ ਆਪ ਨੂੰ ਕਸੂਰ ਵਾਰ ਵੀ ਠਹਿਰਾਇਆ ਅਤੇ ਅਰਦਾਸ ਕਰਕੇ ਗੁਰੂ ਸਾਹਿਬ ਤੋਂ ਭੁਲ ਬਖਸ਼ਵਾਈ।

ਬੰਦਾ ਸਿੰਘ ਦਾ ਮੁਖ ਮਕਸਦ ਸਰਹੰਦ ਦੇ ਵਜੀਰ ਮਾਰਨਾ ਸੀ, ਕਿਉਂਕਿ ਸਰਹੰਦ ਇਕ ਤਾਕਤਵਰ ਸੂਬਾ ਸੀ ਅਤੇ ਉਸਦੀ ਆਪਣੀ ਫੌਜ ਵੀ ਕਾਫੀ ਸੀ। ਲੋੜ ਪੈਣ 'ਤੇ ਉਹ ਆਲੇ-ਦੁਆਲੇ ਤੋਂ ਮਦਦ ਵੀ ਲੈ ਸਕਦਾ ਸੀ। ਸੋ ਬੰਦਾ ਬਹਾਦਰ ਨੇ ਸੋਚਿਆ ਕੀ ਸਭ ਤੋਂ ਪਹਿਲਾ ਆਲੇ-ਦੁਆਲੇ ਦੀਆਂ ਬਾਹਾਂ ਕੱਟ ਦਿੱਤੀਆਂ ਜਾਣ। ਇਸ ਲਈ ਸਭ ਤੋਂ ਪਹਿਲਾਂ ਉਹ ਸਮਾਣੇ ਪਹੁੰਚਿਆ, ਜਿਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਤਲ ਕਰਨ ਵਾਲਾ ਸਯਦ ਜਲਾਲ-ਉ-ਦਿਨ ਤੇ ਛੋਟੇ ਸਾਹਿਬਜਾਦਿਆਂ ਦੇ ਕਾਤਲ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਰਹਿੰਦੇ ਸੀ। ਇਹ ਮੁਗਲ ਰਾਜ ਦੇ ਧਾਰਮਿਕ ਅਤੇ ਰਾਜਨੀਤਕ ਸ਼ਕਤੀ ਦਾ ਕੇਂਦਰ, ਜੋ ਸਯੀਦਾਂ ਦਾ ਤਕੜਾ ਗੜ੍ਹ ਅਤੇ ਮਹੱਤਵਪੂਰਨ ਅਸਥਾਨ ਸੀ। ਇਥੇ 22 ਸ਼ਹੀਦ ਪਰਿਵਾਰ ਰਹਿੰਦੇ ਸੀ। ਹਰ ਇਕ ਕੋਲ ਆਪਣੀ ਆਪਣੀ ਫੌਜ ਸੀ, ਜਿਸ ਨੂੰ ਜਿਤਣਾ ਆਸਾਨ ਨਹੀਂ ਸੀ। ਇਥੇ ਘਮਸਾਨ ਦਾ ਯੁੱਧ ਹੋਇਆ, ਹਜਾਰਾਂ ਮੁਗਲ ਫੌਜੀ ਸਿੰਘਾਂ ਦੀਆਂ ਤਲਵਾਰਾਂ ਦੇ ਭੇਟ ਚੜ੍ਹੇ 24 ਘੰਟੇ ਦੇ ਅੰਦਰ-ਅੰਦਰ ਸਮਾਣੇ 'ਤੇ ਕਬਜਾ ਕਰ ਲਿਆ। ਤਿਨਾਂ ਜਲਾਦਾਂ ਨੂੰ ਆਪਣੀ ਕਰਨੀ ਦੀ ਸਜਾ ਦੇਕੇ ਕਤਲ ਕਰ ਦਿੱਤਾ। ਭਾਈ ਫਤਿਹ ਸਿੰਘ ਨੂੰ ਸਮਾਣੇ ਦਾ ਗਵਰਨਰ ਥਾਪ ਦਿੱਤਾ।

ਇਨ੍ਹਾਂ ਸਾਰੀਆਂ ਜਿਤਾਂ ਦੇ ਕਾਰਨ ਬਾਬਾ ਬੰਦਾ ਬਹਾਦਰ ਦੀ ਪ੍ਰਸਿੱਧੀ ਦੂਰ-ਦੂਰ ਤਕ ਫੈਲ ਗਈ। ਬਹੁਤ ਲੋਕ ਜੋ ਮੁਗਲ ਹਕੂਮਤ ਤੋਂ ਦੁੱਖੀ ਸਨ, ਬੰਦਾ ਬਹਾਦਰ ਨਾਲ ਆ ਮਿਲੇ। ਬੰਦਾ ਬਹਾਦਰ ਦੇ ਆਉਣ ਨਾਲ ਪਹਿਲੀ ਵਾਰੀ ਪੰਜਾਬ ਦੀ ਸਿਆਸਤ ਵਿਚ ਜਬਰਦਸਤ ਧਮਾਕਾ ਹੋਇਆ,ਜਿਸ ਧਮਾਕੇ ਨੂੰ ਮੁਸਲਮਾਨ ਲਿਖਾਰੀ 'ਅਜਲ ਬਲਾ' ਕਹਿੰਦੇ ਹਨ। ਪੰਜਾਬ ਦੀ ਸਿਆਸਤ ਵਿਚ ਉਹ ਹਲਚਲ ਮਚਾਈ ਕੀ ਇਕ ਵਾਰੀ ਤਾਂ ਧਰਤੀ ਨੂੰ ਵੀ ਕਾਂਬਾ ਛਿੜ ਗਿਆ। ਉਥੋਂ ਸਢੋਰੇ ਵਲ ਨੂੰ ਤੁਰ ਪਏ। ਇਥੋਂ ਦਾ ਹਾਕਮ ਓਸਮਾਨ ਖਾਨ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪਿਆਰੇ ਮਿਤਰ ਪੀਰ ਬੁਧੂ ਸ਼ਾਹ ਨੂੰ ਬੜੇ ਤਸੀਹੇ ਦੇ ਕੇ ਕਤਲ ਕੀਤਾ ਸੀ, ਕਹਿੰਦੇ ਹਨ ਕਿ ਓਸਮਾਨ ਖਾਨ ਨੂੰ ਉਸਦੀ ਕਰਨੀ ਦੀ ਬੜੀ ਭਿਆਨਕ ਸਜਾ ਦਿੱਤੀ। ਮੁਖਲਿਸਗੜ੍ਹ ਦਾ ਕਿਲਾ ਫ਼ਤਿਹ ਕਰ ਲਿਆ, ਜਿਸਦਾ ਨਾਂ ਲੋਹਗੜ੍ਹ ਰਖਿਆ।

ਉਸ ਤੋਂ ਉਪਰੰਤ ਅੰਬਾਲਾ-ਛਤ-ਬਨੂੜ ਜੋ ਜੁਲਮ ਤੇ ਜਬਰ ਦੇ ਗੜ੍ਹ ਸੀ 'ਤੇ ਕਬਜਾ ਕੀਤਾ। ਇਸ ਤੋਂ ਬਾਅਦ ਓਹ ਖਰੜ ਵੱਲ ਨੂੰ ਹੋ ਤੁਰੇ। ਬੰਦਾ ਸਿੰਘ ਦੇ ਆਉਣ ਦਾ ਸੁਣ ਕੇ ਸਿਖਾਂ ਦੇ ਹੌਸਲੇ ਬੁਲੰਦ ਹੋ ਚੁੱਕੇ ਸਨ, ਮਾਝੇ ਅਤੇ ਦੁਆਬੇ ਦੇ ਸਿਖਾਂ ਨੇ ਮੁਗਲ ਹਕੂਮਤ ਵਿਰੁੱਧ ਬਗਾਵਤ ਕਰ ਦਿੱਤੀ। ਬੰਦਾ ਸਿੰਘ ਬਹਾਦਰ ਦਾ ਸਾਥ ਦੇਣ ਲਈ ਸਰਹੰਦ ਵੱਲ ਕੂਚ ਕਰ ਦਿੱਤਾ। ਰੋਪੜ ਦੇ ਸਥਾਨ 'ਤੇ ਇਨਾ ਸਿੰਘਾਂ ਨਾਲ ਸ਼ਾਹੀ ਫੌਜ ਦੀ ਪਹਿਲੀ ਲੜਾਈ ਹੋਈ। ਵਜ਼ੀਰ ਖਾਨ ਦੇ ਹੁਕਮ ਉਤੇ ਮਲੇਰਕੋਟਲਾ ਦੇ ਨਵਾਬ ਸ਼ੇਰ ਖਾਨ ਨੇ ਆਪਣੇ ਭਰਾ (ਖਿਜਰ ਖਾਨ) ਅਤੇ ਭਤੀਜਿਆਂ (ਨੁਸਰਤ ਖਾਨ ਤੇ ਵਲੀ ਮੁਹੰਮਦ ਖਾਨ) ਸਮੇਤ ਸਿਖਾਂ ਉੜੇ ਜੋਰਦਾਰ ਹਮਲਾ ਕਰ ਦਿੱਤਾ। ਸਿਖਾਂ ਦੀ ਮਲੇਰਕੋਟਲਾ ਦੇ ਪਠਾਣਾ ਨਾਲ ਤਕੜੀ ਝੜਪ ਹੋਈ। ਦੋ ਦਿਨ ਖੂਨ ਡੋਲਵੀ ਲੜਾਈ ਵਿਚ ਖਿਜਰ ਖਾਨ, ਨੁਸਰਤ ਖਾਨ ਤੇ ਵਲੀ ਮੁਹੰਮਦ ਖਾਨ ਮਾਰੇ ਗਏ ਤੇ ਸ਼ੇਰ ਮੁਹੰਮਦ ਸਖਤ ਜਖਮੀ ਹੋ ਗਿਆ। ਸਿੰਘ ਇਹ ਲੜਾਈ ਜਿਤ ਕੇ ਬੰਦਾ ਬਹਾਦਰ ਨਾਲ ਆਣ ਮਿਲੇ।

ਇਹ ਸਾਰੀਆਂ ਜਿਤਾਂ ਆਉਣ ਵਾਲੀ ਸਰਹੰਦ ਦੀ ਵੱਡੀ ਮੁਹਿਮ ਦਾ ਅਧਾਰ ਬਣੀਆਂ। ਜਿੱਤਾਂ ਦੇ ਇਸ ਲੰਬੇ ਸਿਲਸਿਲੇ ਨੂੰ ਸੁਣ ਕੇ ਸਰਹੰਦ ਦਾ ਸੂਬੇਦਾਰ ਵਜੀਰ ਖਾਨ ਨੂੰ ਵੀ ਇਕ ਵਾਰ ਕਾਂਬਾ ਛਿੜ ਗਿਆ ਹਾਲਾਂਕਿ ਉਹ ਖੁਦ ਇਕ ਜੰਗਜੂ, ਜੰਗੀ ਚਾਲਾਂ ਨੂੰ ਸਮਝਣ ਵਾਲਾ, ਕੁਸ਼ਲ ਪ੍ਰਬੰਧਕ ਸੀ। ਉਸ ਕੋਲ 48 ਤੋਪਾਂ 200 ਹਾਥੀ ਅਤੇ 10000 ਘੋੜ ਸਵਾਰ, 5000 ਪਿਆਦਾ ਫੌਜ, ਅਨਗਿਣਤ ਬੰਦੂਕਾਂ, ਦਾਰੂ ਸਿਕਾ ਅਤੇ ਰਸਦ ਦੇ ਭੰਡਾਰ ਇਕਠੇ ਕੀਤੇ ਹੋਏ ਸੀ। ਰਾਜੇ ਰਜਵਾੜਿਆਂ ਨੂੰ ਵੀ ਬੁਲਾ ਲਿਆ, ਜੇਹਾਦ ਦਾ ਨਾਅਰਾ ਲਗਾਕੇ ਨਵਾਬਾਂ ਅਤੇ ਜਗੀਰਦਾਰਾਂ ਦੀਆਂ ਫੌਜਾ ਵੀ ਇੱਕਠੀਆਂ ਕਰ ਲਈਆਂ। ਸਰਹੰਦ ਨੂੰ ਬਚਾਣ ਲਈ ਹਿਸਾਰ ਤੋਂ ਲੈ ਕੇ ਗੁਜਰਾਤ ਤੱਕ ਦੇ 5000 ਗਾਜ਼ੀ ਵੀ ਪਹੁੰਚੇ ਹੋਏ ਸਨ। 20000 ਉਸਦੀ ਆਪਣੀ ਫੌਜ ਸੀ। ਵੱਡੀ ਗਿਣਤੀ ਵਿਚ ਹਾਥੀ, ਘੋੜ-ਚੜੇ ਬੰਦੂਕਚੀ, ਨੇਜਾ ਬਰਦਾਰ ਤੇ ਤਲਵਾਰ-ਬਾਜ਼ ਸ਼ਾਮਲ ਸਨ।

ਵਜ਼ੀਰ ਖਾਨ ਨੇ ਖਾਲਸਿਆਈ ਨਿਸ਼ਾਨ ਨੂੰ ਮੇਟਣ ਲਈ ਪੂਰੀ ਵਾਹ ਲਗਾ ਦਿੱਤੀ। ਜੰਗ ਦੀ ਤਿਆਰੀ ਲਈ ਸਾਰੇ ਸਾਧਨ ਜੁਟਾ ਲਏ ਗੋਲੀ ਸਿਕਾ ਬਾਰੂਦ ਨਾਲ ਕੋਠੇ ਭਰ ਲਏ। ਵਜੀਰ ਖਾਨ ਨੇ ਸਰਹੰਦ ਤੋਂ ਬੰਦਾ ਬਹਾਦਰ ਨੂੰ ਇਕ ਚਿੱਠੀ ਭੇਜੀ, ਲਿਖਿਆ, "ਤੈਨੂੰ ਸਿਖਾਂ ਦੇ ਉਸ ਗੁਰੂ ਨੇ ਭੇਜਿਆ ਹੈ, ਜਿਸਦੇ ਪੁਤਰਾਂ ਨੂੰ ਮੈਂ ਕੋਹ-ਕੋਹ ਕੇ ਮਾਰਿਆ ਹੈ, ਗੁਰੂ ਨੂੰ ਚਮਕੋਰ ਦੀ ਗੜੀ ਵਿਚੋਂ ਭਜਾ ਦਿੱਤਾ। ਮੇਰੀ ਫੌਜ਼ ਦੇ ਫੋਲਾਦੀ ਦੰਦ ਹਨ ਤੈਨੂੰ ਤਾਂ ਕਚਾ-ਚਬਾ ਜਾਣਗੇ। "ਬੰਦਾ ਬਹਾਦੁਰ ਨੇ ਚਿੱਠੀ ਦਾ ਜਵਾਬ ਦਿੱਤਾ ਕੀ ਫੌਲਾਦ ਦੇ ਦੰਦਾਂ ਨਾਲ ਲੋਹੇ ਦੇ ਚਨੇ ਨਹੀ ਚਬਾਏ ਜਾਂਦੇ।

ਕਿੰਨੀ ਹੈਰਾਨੀ ਦੀ ਗਲ ਹੈ ਕੀ ਸਰਹੰਦ ਦਾ ਸੂਬਾ ਫਕਰ ਨਾਲ ਕਹਿ ਰਿਹਾ ਹੈ ਕਿ ਉਸਨੇ 5-7 ਸਾਲ ਦੇ ਬਚਿਆਂ ਨੂੰ ਕੋਹ-ਕੋਹ ਕੇ ਮਾਰਿਆ ਹੈ। ਉਸ ਨੂੰ ਆਪਣੇ ਕੀਤੇ ਗੁਨਾਹ ਦਾ ਕੋਈ ਅਫਸੋਸ ਜਾਂ ਪਛਤਾਵਾ ਨਹੀਂ ਸੀ। ਉਸਦੀ ਜਮੀਰ ਨੇ ਕਦੀ ਉਸ ਨੂੰ ਝੰਝੋੜਿਆ ਨਹੀ। ਇਸਤੋਂ ਪਤਾ ਚਲਦਾ ਹੈ ਮੁਗਲ ਹਕੂਮਤ ਵਹਿਸ਼ੀਆਨਾ 'ਤੇ ਦਰਿੰਦਗੀ ਨਾਲ ਜੁਲਮ ਕਰਦੇ ਕਰਦੇ ਹੁਣ ਤਕ ਇਤਨੀ ਆਦੀ ਤੇ ਪਰਪਕ ਹੋ ਚੁਕੀ ਸੀ ਕਿ ਜ਼ੁਲਮ ਕਰਨਾ ਉਨ੍ਹਾਂ ਦਾ ਪੈਸਾ, ਸਿਆਸੀ ਨੀਤੀ 'ਤੇ ਨਿਸ਼ਾਨਾ ਬਣ ਚੁੱਕਾ ਸੀ। ਸਰਹੰਦ ਕੂਚ ਕਰਨ ਤੋਂ ਪਹਿਲਾਂ ਬੰਦਾ ਬਹਾਦਰ ਦੀ ਖਾਲਸਾਈ ਫੌਜਾਂ ਨਾਲ ਇਕ ਹੋਰ ਸ਼ਕਤੀਸ਼ਾਲੀ ਸਿੰਘਾਂ ਦਾ ਜਥਾ ਬਨੂੜ ਦੇ ਨੇੜੇ ਆ ਰਲਿਆ, ਜਿਸ ਨਾਲ ਖਾਲਸਾਈ ਫੌਜ ਦੀ ਤਾਕਤ ਵਿਚ ਵਾਧਾ ਹੋਇਆ। ਬੰਦਾ ਬਹਾਦਰ ਕੋਲ ਸਿਰਫ 6 ਤੋਪਾਂ, 5000 ਧਾੜਵੀ 1000 ਘੋੜ ਸਵਾਰ ਅਤੇ ਕੁਝ ਮਰਜੀਵੜੇ ਸਿੱਖ, ਜੋ ਜਾਨ ਤਲੀ 'ਤੇ ਰਖ ਕੇ ਲੜਨਾ ਮਰਨਾ ਜਾਣਦੇ ਸਨ। ਪਰ ਚੜ੍ਹਦੀ ਕਲਾ ਅਤੇ ਗੁਰੂ ਸਾਹਿਬ ਜੀ ਦਾ ਥਾਪੜਾ ਅਤੇ ਆਸ਼ੀਰਵਾਦ ਉਸ ਨਾਲ ਸੀ। ਚਪੜ-ਚਿੜੀ ਦੇ ਮੈਦਾਨ ਵਿਚ ਦੋਨਾਂ ਦੀਆਂ ਫੌਜਾਂ ਆ ਡਟੀਆਂ। ਬੰਦਾ ਬਹਾਦਰ ਨੇ ਆਪਣੀ ਫੌਜ ਨੂੰ ਦੋ ਹਿਸਿਆਂ ਵਿਚ ਵੰਡ ਦਿੱਤਾ, ਇਕ ਜਥਾ, ਫਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ, ਆਲੀ ਸਿੰਘ ਤੇ ਦੂਸਰੇ ਜਥੇ ਦਾ ਆਗੂ ਬਾਬਾ ਵਿਨੋਦ ਸਿੰਘ, ਬਾਜ ਸਿੰਘ, ਰਾਮ ਸਿੰਘ ਤੇ ਸ਼ਾਮ ਸਿੰਘ ਸਨ।

12 ਮਈ 1710 ਵਿਚ ਚਪੜ-ਚਿੜੀ ਦੇ ਮੈਦਾਨ ਵਿਚ ਜੋ ਪਹਿਲਾਂ ਛਪੜ ਚਿੜੀ ਦੇ ਨਾਂ ਨਾਲ ਮਸ਼ਹੂਰ ਸੀ, ਸਰਹੰਦ ਤੋਂ ਕੋਈ 10 ਕੋਹ ਦੀ ਦੂਰੀ 'ਤੇ ਭਾਰੀ ਯੁਧ ਹੋਇਆ। ਲੜਾਈ ਸ਼ੁਰੂ ਹੋਣ ਤੋਂ ਪਹਿਲੋ ਵਜ਼ੀਰ ਖਾਨ ਨੇ ਇਕ ਚਾਲ ਚਲੀ। ਬੰਦਾ ਸਿੰਘ ਬਹਾਦਰ ਦੀ ਫੌਜ ਵਿਚ ਭਗਦੜ ਮਚਾਨ ਵਾਸਤੇ। ਸੁਚਾ ਨੰਦ ਦੇ ਭਤੀਜੇ ਗੰਡਾ ਮਲ ਨੂੰ 1000 ਫੌਜ ਦੇਕੇ ਬੰਦਾ ਸਿੰਘ ਬਹਾਦੁਰ ਕੋਲ ਭੇਜਿਆ, ਜਿਸਨੇ ਆਕੇ ਕਿਹਾ ਕਿ ਮੈਂ ਆਪਣੇ ਚਾਚਾ ਦੀ ਕਰਨੀ 'ਤੇ ਬੇਹਦ ਸ਼ਰਮਿੰਦਾ ਹਾਂ, ਮੈ ਤੁਹਾਡੀ ਫੌਜ ਵਿਚ ਭਰਤੀ ਹੋ ਕੇ ਉਨ੍ਹਾਂ ਦੀ ਇਸ ਭੁਲ ਦਾ ਪ੍ਰਾਸ਼ਚਿਤ ਕਰਨਾ ਚਾਹੁੰਦਾ ਹਾਂ। ਬੰਦਾ ਬਹਾਦੁਰ ਨੇ ਉਸ ਨੂੰ ਫੌਜ ਵਿਚ ਭਰਤੀ ਤਾਂ ਕਰ ਲਿਆ ਪਰ ਬਾਜ ਸਿੰਘ ਨੂੰ ਕਹਿ ਦਿੱਤਾ ਇਸ 'ਤੇ ਨਜਰ ਰਖੀ ਜਾਏ। ਲੜਾਈ ਸ਼ੁਰੂ ਹੋਣ 'ਤੇ ਉਸਨੇ ਬੰਦਾ ਸਿੰਘ ਦੇ ਫੌਜੀ ਮਰਵਾਣੇ ਸ਼ੁਰੂ ਕਰ ਦਿੱਤੇ। ਬਾਜ ਸਿੰਘ ਨੇ ਇਕੋ ਝਟਕੇ ਨਾਲ ਉਸਦੀ ਗਰਦਨ ਉਤਾਰ ਦਿੱਤੀ ਤੇ ਬਾਕੀ ਧਾੜਵੀ ਉਸਦੇ ਸਾਥੀ ਸਭ ਖਿਸਕ ਗਏ।

ਲੜਾਈ ਸ਼ੁਰੂ ਹੋਈ। ਸਿਖਾਂ ਕੋਲ ਤੋਪਾਂ ਸੀ ਨਹੀਂ। ਤੋਪਾਂ ਨਾਲ ਮੁਕਾਬਲਾ ਕਰਨਾ ਔਖਾ ਸੀ। ਸੋ ਸਭ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਦੀ ਹਦਾਇਤ ਅਨੁਸਾਰ ਸਿੱਖ ਦੁਸ਼ਮਨ ਦੀਆਂ ਤੋਪਾਂ 'ਤੇ ਟੁਟ ਪਏ ਅਤੇ ਸਾਰੀਆਂ ਤੋਪਾਂ ਖੋਹ ਲਈਆਂ। ਹੱਥੋ-ਹੱਥ ਲੜਾਈ ਹੋਈ ਬੜਾ ਭਿਆਨਕ ਨਜ਼ਾਰਾ ਸੀ। ਖੰਡੇ ਨਾਲ ਖੰਡਾ ਖੜਕਿਆ। ਲੋਥਾਂ ਦੇ ਢੇਰ ਲਗ ਗਏ ਖੂਨ ਦੀਆਂ ਨਦੀਆਂ ਬਹਿ ਨਿਕਲੀਆਂ। ਵਜੀਰ ਖਾਨ ਨੇ ਸਿਖਾਂ 'ਤੇ ਕਾਬੂ ਪਾਣ ਲਈ ਆਪਣਾ ਹਾਥੀ ਅਗਲੀ ਪਾਲ ਵਿਚ ਲਿਆ ਕੇ ਗਾਜ਼ੀਆਂ ਨੂੰ ਹਲਾ ਸ਼ੇਰੀ ਦੇਣ ਲਗਾ। ਬਾਬਾ ਬੰਦਾ ਇਕ ਉਚੀ ਟਿੱਬੀ 'ਤੇ ਬੈਠ ਕੇ ਦੋਨੋ ਫੌਜਾਂ ਦਾ ਜਾਇਜਾ ਲੈ ਰਿਹਾ ਸੀ। ਇਕ ਦਮ ਉਠਿਆ ਅਤੇ ਮੁਹਰਲੀ ਕਟਾਰ ਵਿਚ ਆ ਕੇ ਵੇਰੀਆਂ 'ਤੇ ਬਿਜਲੀ ਵਾਂਗ ਟੁੱਟ ਪਿਆ। ਸਿਖਾਂ ਦੇ ਹੌਸਲੇ ਵਧ ਗਏ ਅਤੇ ਜੋਸ਼ ਚਰਮ ਸੀਮਾਂ ਤੱਕ ਪਹੁੰਚ ਗਿਆ। ਵਜ਼ੀਰ ਖਾਨ ਬਾਜ ਸਿੰਘ ਤੇ ਫਤਿਹ ਸਿੰਘ ਵਿਚ ਘਿਰ ਗਏ। ਫਤਿਹ ਸਿੰਘ ਨੇ ਫੁਰਤੀ ਨਾਲ ਤਲਵਾਰ ਚਲਾਈ ਅਤੇ ਉਸਦੀ ਬਾਂਹ ਕੱਟ ਦਿੱਤੀ। ਉਹ ਧਰਤੀ 'ਤੇ ਡਿੱਗ ਪਿਆ। ਵਜ਼ੀਰ ਖਾਨ ਨੂੰ ਜਿੰਦਾ ਹੀ ਦਬੋਚ ਲਿਆ ਗਿਆ। ਸ਼ਾਹੀ ਫੌਜ ਵਿਚ ਹਫੜਾ-ਦਫੜੀ ਮਚ ਗਈ, ਜਿਧਰ ਮੂੰਹ ਆਇਆ ਸਭ ਨਸ ਗਏ ਸਭ ਕੁਝ ਧਨ, ਮਾਲ, ਤੋਪਾਂ ਘੋੜੇ, ਰਸਦ ਸਿੱਘਾਂ ਦੇ ਹੱਥ ਆ ਗਏ। ਸਰਹੰਦ ਫਤਹਿ ਹੋਣ ਦੇ ਜੈਕਾਰੇ ਛਡੇ ਗਏ। ਨਗਾਰਾ ਵਜਿਆ। ਅਗਲੇ ਦਿਨ ਸਿੰਘਾਂ ਦੀ ਮਰਹਮ ਪਟੀ ਕੀਤੀ ਗਈ, ਸ਼ਹੀਦਾਂ ਦੇ ਸਸਕਾਰ ਕਰਕੇ ਸਰਹੰਦ ਸ਼ਹਿਰ ਨੂੰ ਘੇਰ ਲਿਆ।

